Golden State Realty JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


All International Channels
MR IPTV "Entertainment" is his middle name!

THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587




Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 26, Issue 39; September 27, 2025 20451 N. Plum Grove Rd., Palatine, IL 60074 Ph:847-359-0746, Fax:847-705-9388


# ਚੀਨ ਅਤੇ ਬਰਤਾਨੀਆ ਨੇ ਰੁਜ਼ਗਾਰ ਵੀਜ਼ੇ ਲਈ ਦਰਵਾਜ਼ੇ ਖੋਲ੍ਹੇ



**ਬੀਜਿੰਗ:** ਅਮਰੀਕਾ ਵਲੋਂ ਪੈਦਾ ਕੀਤੇ ਗਏ ਐਚ-1ਬੀ ਵੀਜ਼ਾ ਸੰਕਟ ਵਿਚਾਲੇ ਚੀਨ ਤੇ ਬ੍ਰਿਟੇਨ ਨੇ ਹੁਨਰੀ ਰੁਜ਼ਗਾਰ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਚੀਨ ਜਿਥੇ ਅਗਲੇ ਮਹੀਨੇ ਤੋਂ ਨਵੇਂ ਰੁਜ਼ਗਾਰ ਵੀਜ਼ਾ ਨੂੰ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ, ਉਥੇ ਹੀ ਬ੍ਰਿਟੇਨ ਸਰਕਾਰ ਵੀਜ਼ਾ ਫ਼ੀਸ ਮਾਫੀ 'ਤੇ ਵਿਚਾਰ ਕਰ ਰਿਹਾ ਹੈ।

ਹੈਰਾਨ ਕਰਨ ਵਾਲੀ ਗੱਲ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਅਮਰੀਕੀ ਵੀਜ਼ਾ 'ਤੇ ਇਕ ਲੱਖ ਡਾਲਰ ਦੀ ਫ਼ੀਸ ਲਗਾ ਦਿੱਤੀ ਹੈ। ਇਹ ਫੀਸ ਸਿਰਫ ਇਕ ਵਾਰ ਦੇਣੀ ਪਵੇਗੀ ਅਤੇ ਨਵੀਂ ਅਰਜ਼ੀ 'ਤੇ ਲਾਗੂ ਹੋਵੇਗੀ। ਸਾਰੇ ਐਚ-1ਬੀ ਵੀਜ਼ਾ 'ਚ ਭਾਰਤੀਆਂ ਦੀ ਹਿੱਸੇਦਾਰੀ ਲਗਪਗ 71 ਫ਼ੀਸਦੀ (2.8 ਲੱਖ ਤੋਂ ਵੱਧ) ਹੈ, ਜਿਸ ਤੋਂ ਬਾਅਦ ਚੀਨੀ ਪੇਸ਼ੇਵਰਾਂ ਦੀ ਹਿੱਸੇਦਾਰੀ ਲਗਪਗ 11.7 ਹੈ।

ਚੀਨ ਨੇ ਟਰੰਪ ਵੱਲੋਂ ਐਚ-1ਬੀ ਵੀਜ਼ਾ ਲਈ ਭਾਰੀ ਫ਼ੀਸ ਲਗਾਉਣ ਦੇ ਕਦਮ 'ਤੇ ਸੋਮਵਾਰ ਨੂੰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਚੀਨ 'ਚ ਕੰਮ ਕਰਨ ਲਈ ਆਲਮੀ ਹੁਨਰ ਨੂੰ ਸੱਦਾ ਦਿੱਤਾ।ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਕਿਹਾ ਕਿ ਬੀਜਿੰਗ ਆਲਮੀ ਹੁਨਰ ਦਾ ਸਵਾਗਤ ਕਰਦਾ ਹੈ। ਉਹ ਚੀਨ ਆਉਣ ਤੇ ਇਥੇ ਰਹਿ ਕੇ ਮਨੁੱਖੀ ਸਮਾਜ ਦੀ ਤਰੱਕੀ 'ਚ ਸਾਂਝੇ ਤੌਰ 'ਤੇ ਯੋਗਦਾਨ ਦੇਣ ਤੇ ਆਪਣੇ ਕਰੀਅਰ 'ਚ ਸਫਲਤਾ ਹਾਸਲ ਕਰਨ।

## ਚੀਨ ਨੇ ਕੀਤਾ 'ਕੇ-ਵੀਜ਼ਾ' ਦਾ ਐਲਾਨ




ਜਿਥੇ ਅਮਰੀਕਾ ਆਪਣੇ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਰਿਹਾ ਹੈ, ਉਥੇ ਹੀ ਚੀਨ ਨੇ 'ਕੇ-ਵੀਜ਼ਾ' ਨਾਮੀ ਨਵੇਂ ਵਰਕ ਪਰਮਿਟ ਦਾ ਐਲਾਨ ਕੀਤਾ ਹੈ,ਜਿਸਦੇ ਤਹਿਤ ਯੋਗ ਪੇਸ਼ੇਵਰ ਦੁਨੀਆ ਭਰ ਤੋਂ ਚੀਨ 'ਚ ਆ ਕੇ ਮੌਕਿਆਂ ਦੀ ਭਾਲ ਕਰ ਸਕਦੇ ਹਨ। 'ਕੇ-ਵੀਜ਼ਾ' ਇਕ ਅਕਤੂਬਰ ਤੋਂ ਲਾਗੂ ਹੋਵੇਗਾ। ਇਹ ਵੀਜ਼ਾ ਵਿਦੇਸ਼ੀ ਨੌਜਵਾਨ ਹੁਨਰ ਤੇ ਵਿਗਿਆਨੀਆਂ ਲਈ ਉਪਲੱਬਧ ਹੋਵੇਗਾ। ਇਸਦੇ ਲਈ

*(ਬਾਕੀ ਸਫ਼ਾ 6 'ਤੇ)*

## ਵੀਜ਼ਾ ਫ਼ੀਸ ਮਾਫ਼ੀ ਨਾਲ ਹੁਨਰ ਨੂੰ ਆਕਰਸ਼ਤ ਕਰਨ 'ਤੇ ਵਿਚਾਰ ਕਰ ਰਿਹੈ ਬ੍ਰਿਟੇਨ



**ਲੰਡਨ:** ਬ੍ਰਿਟੇਨ ਸਰਕਾਰ ਆਲਮੀ ਹੁਨਰ ਨੂੰ ਆਕਰਸ਼ਤ ਕਰਨ ਲਈ ਵੀਜ਼ਾ ਫ਼ੀਸ ਮਾਫ਼ੀ 'ਤੇ ਵਿਚਾਰ ਕਰ ਰਹੀ ਹੈ। ਫਾਈਨਾਂਸ਼ੀਅਲ ਟਾਈਮਜ਼ ਦੀ ਰਿਪੋਰਟ ਅਨੁਸਾਰ, ਇਸ ਸਾਲ ਤੋਂ ਸ਼ੁਰੂ ਕੀਤੇ ਗਏ ਗਲੋਬਲ ਟੇਲੈਂਟ ਫੰਡ ਦੇ ਸਮਰਥਨ ਵਾਲੇ ਗਲੋਬਲ ਟੇਲੈਂਟ ਟਾਸਕਫੋਰਸ, ਭਾਰਤੀਆਂ ਸਮੇਤ ਅੰਤਰਰਾਸ਼ਟਰੀ ਮਾਹਿਰਾਂ ਨੂੰ ਆਕਰਸ਼ਤ ਕਰਨ ਲਈ ਹੋਰ ਵੱਧ ਸਰਗਰਮ ਹੋ ਰਿਹਾ ਹੈ। ਬ੍ਰਿਟੇਨ ਦੇ ਆਰਥਿਕ ਵਿਕਾਸ ਨੂੰ ਹੱਲਾਸ਼ੇਰੀ ਦੇਣ ਦੇ ਤਰੀਕਿਆਂ ਦਾ ਪਤਾ ਲਗਾਉਣ ਲਈ ਇਹ ਟਾਸਕ ਫੋਰਸ, ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਨੂੰ ਰਿਪੋਰਟ ਕਰਦਾ ਹੈ।

*(ਬਾਕੀ ਸਫ਼ਾ 6 'ਤੇ)*

# ਪੰਜਾਬ ਸਭ ਤੋਂ ਵੱਧ ਕਰਜ਼ਾ ਲੈਣ ਵਾਲਾ ਸੂਬਾ

## ਕੈਗ ਦੀ ਰਿਪੋਰਟ ਵਿਚ ਖੁਲਾਸਾ

**ਚੰਡੀਗੜ੍ਹ:** ਪੰਜਾਬ ਦੀ ਆਰਥਿਕ ਸਥਿਤੀ ਲੰਬੇ ਸਮੇਂ ਤੋਂ ਤਰਸਯੋਗ ਹਾਲਤ ਵਿਚ ਚੱਲ ਰਹੀ ਹੈ। ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਤੋਂ ਵੱਧ ਕਰਜ਼ਾ ਲਿਆ ਹੈ। ਕੈਗ ਨੇ ਇਸ ਨੂੰ ਰਾਜ ਦੀ ਗੰਭੀਰ ਵਿੱਤੀ ਸਥਿਤੀ ਦਾ ਸੰਕੇਤ ਦੱਸਿਆ ਹੈ। 2022-23 ਲਈ ਕੈਗ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਇਸ ਸਮੇਂ ਦੌਰਾਨ ਰਾਜ ਦਾ ਕਰਜ਼ਾ 2.76 ਲੱਖ ਕਰੋੜ ਸੀ, ਇਹ ਅੰਕੜਾ ਮੌਜੂਦਾ ਵਿੱਤੀ ਸਾਲ ਵਿੱਚ 4 ਲੱਖ ਕਰੋੜ ਤੋਂ ਵੱਧ ਹੋਣ ਦੀ ਉਮੀਦ ਹੈ।



ਕੈਗ ਨੇ ਆਪਣੀ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਹੈ ਕਿ ਸਿੱਖਿਆ ਵਿਚ ਪੂੰਜੀਗਤ ਖਰਚ ਵੀ ਘਟਿਆ ਹੈ।

ਇਕ ਦਿਲਚਸਪ ਪਹਿਲੂ ਇਹ ਹੈ ਕਿ ਪੰਜਾਬ ਵਿਚ ਪੈਨਸ਼ਨ ਖਰਚ ਲਗਾਤਾਰ ਵੱਧ ਰਿਹਾ ਹੈ। 2022-23 ਵਿਚ ਪੈਨਸ਼ਨ ਖਰਚ 15,146 ਰੁਪਏ ਸੀ, ਇਹ ਬੱਜਟ ਦਾ10% ਬਣਦਾ ਸੀ। ਇਸ ਦੌਰਾਨ ਤਨਖਾਹਾਂ 'ਤੇ ਸਰਕਾਰ ਦਾ ਖਰਚ 31,172 ਕਰੋੜ ਸੀ, ਜੋ ਕਿ ਬਜਟ ਦਾ 20% ਹੈ। ਮੌਜੂਦਾ ਵਿੱਤੀ ਸਾਲ ਵਿਚ ਸਰਕਾਰ ਦਾ ਪੈਨਸ਼ਨ ਬੋਝ 20,750 ਕਰੋੜ ਤੱਕ ਪਹੁੰਚਣ ਦਾ ਟੀਚਾ ਹੈ, ਜਦੋਂ ਕਿ ਤਨਖਾਹ ਬੋਝ 36,428 ਕਰੋੜ ਹੋਵੇਗਾ ਜਦੋਂਕਿ ਤਨਖਾਹਾਂ ਵਿੱਚ 2022-23 ਦੇ ਮੁਕਾਬਲੇ 2.10% ਦਾ ਵਾਧਾ ਹੋਇਆ ਹੈ, ਪੈਨਸ਼ਨਾਂ ਵਿੱਚ 2.59% ਦਾ ਵਾਧਾ ਹੋਇਆ ਹੈ।

ਕੈਗ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੰਜਾਬ ਸਰਕਾਰ ਦੇ ਸਿੱਖਿਆ, ਖੇਡਾਂ ਅਤੇ ਕਲਾ ਅਤੇ ਸੱਭਿਆਚਾਰ 'ਤੇ ਪੂੰਜੀਗਤ ਖਰਚ ਵਿੱਚ ਵਿੱਤੀ ਸਾਲ 2019-20 ਤੋਂ 2022- 23 ਤੱਕ ਲਗਾਤਾਰ ਗਿਰਾਵਟ ਆਈ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਇਸ ਸਮੇਂ ਦੌਰਾਨ ਰਾਜ ਕਾਂਗਰਸ ਸਰਕਾਰ ਦੇ ਅਧੀਨ ਸੀ। ਕੈਪਟਨ ਅਮਰਿੰਦਰ ਸਿੰਘ ਪੌਣੇ ਪੰਜ ਸਾਲ ਮੁੱਖ ਮੰਤਰੀ ਰਹੇ ਸਨ। ਬਾਅਦ ਵਿਚ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣੇ ਸਨ।

ਜਾਰੀ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਿੱਖਿਆ, ਖੇਡਾਂ ਅਤੇ ਸੱਭਿਆਚਾਰ ਖੇਤਰਾਂ ਵਿੱਚ ਪੂੰਜੀਗਤ ਖਰਚ 2019-20 ਵਿੱਚ 227 ਕਰੋੜ ਤੋਂ ਘਟ ਕੇ 2022-23 ਵਿੱਚ 183 ਕਰੋੜ ਰਹਿ ਗਿਆ। ਇਹ 2020-21 ਵਿੱਚ 200 ਕਰੋੜ ਅਤੇ 2021-22 ਵਿੱਚ 196 ਕਰੋੜ ਸੀ।

*(ਬਾਕੀ ਸਫ਼ਾ 6 'ਤੇ)*


Sukhsimranjit Singh LLB, LLM, Ph.D
Mediator and Arbitrator, JAMS

ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

18 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਦੇਸ਼ ਭਰ 'ਚ ਵੋਟਰ ਸੂਚੀ 'ਚੋਂ ਹਟ ਸਕਦੇ ਹਨ 15 ਕਰੋੜ ਤੋਂ ਵੱਧ ਨਾਂ

**ਨਵੀਂ ਦਿੱਲੀ:** ਬਿਹਾਰ ਵਿਚ ਚੱਲ ਰਹੀ ਵੋਟਰ ਸੂਚੀ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ.ਆਈ.ਆਰ.) ਦੌਰਾਨ ਜਿਵੇਂ 65 ਲੱਖ ਵੋਟਰਾਂ ਦੇ ਨਾਂ ਹਟੇ, ਉਸ ਤੋਂ ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਜੇਕਰ ਪੂਰੇ ਦੇਸ਼ ਵਿਚ ਐੱਸ.ਆਈ.ਆਰ. ਕੀਤਾ ਜਾਂਦਾ ਹੈ ਤਾਂ ਲਗਪਗ 15 ਕਰੋੜ ਵੋਟਰਾਂ ਦੇ ਨਾਂ ਹਟ ਸਕਦੇ ਹਨ। ਇਹ ਵੋਟਰ ਜਾਂ ਮਰ ਚੁੱਕੇ ਹਨ ਜਾਂ ਫਿਰ ਉਨ੍ਹਾਂ ਕੋਲ ਦੋਹਰੇ ਇਪਿਕ ਹਨ ਜਾਂ ਫਿਰ ਉਹ ਟਰਾਂਸਫਰ ਹੋ ਚੁੱਕੇ ਹਨ। ਇਹ ਅਨੁਮਾਨ ਇਸ ਲਈ ਵੀ ਲਗਾਇਆ ਜਾ ਰਿਹਾ ਹੈ ਕਿਉਂਕਿ ਬਿਹਾਰ ਵਿਚ ਐੱਸਆਈਆਰ ਦੌਰਾਨ ਦਸ ਫ਼ੀਸਦੀ ਵੋਟਰਾਂ ਦੇ ਨਾਂ ਵੋਟਰ ਸੂਚੀ ਤੋਂ ਹਟ ਗਏ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਮ੍ਰਿਤਕ, ਟਰਾਂਸਫਰ ਅਤੇ ਦੋ ਥਾਵਾਂ 'ਤੇ ਨਾਂ ਦਰਜ ਕਰਵਾਉਣ ਵਾਲੇ ਵੋਟਰਾਂ ਤੋਂ ਇਲਾਵਾ ਬੰਗਲਾਦੇਸ਼ ਤੇ ਨੇਪਾਲ ਵਰਗੇ ਦੇਸ਼ਾਂ ਤੋਂ ਆਏ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ।



ਵੋਟਰ ਸੂਚੀ 'ਚੋਂ ਇੰਨੀ ਵੱਡੀ ਗਿਣਤੀ ਵਿਚ ਵੋਟਰਾਂ ਦੇ ਨਾਂ ਹਟਣ ਦਾ ਅਨੁਮਾਨ ਇਸ ਲਈ ਵੀ ਲਗਾਇਆ ਜਾ ਰਿਹਾ ਹੈ ਕਿਉਂਕਿ ਦੇਸ਼ ਦੇ ਜ਼ਿਆਦਾਤਰ ਸੂਬਿਆਂ ਵਿਚ ਇਸ ਤੋਂ ਪਹਿਲਾਂ ਐੱਸ.ਆਈ.ਆਰ. ਬਿਹਾਰ ਦੇ ਨਾਲ 20 ਸਾਲ ਪਹਿਲਾਂ ਯਾਨੀ ਸਾਲ 2003 ਤੋਂ 2005 ਵਿਚਾਲੇ ਹੋਇਆ ਸੀ। ਚੋਣ ਕਮਿਸ਼ਨ ਨਾਲ ਜੁੜੇ ਉੱਚ ਪੱਧਰੀ ਸੂਤਰਾਂ ਦੇ ਮੁਤਾਬਕ ਅਜਿਹੇ ਵਿਚ ਬਿਹਾਰ ਵਰਗੀ ਸਥਿਤੀ ਦੇਸ਼ ਦੇ ਦੂਜੇ ਸੂਬਿਆਂ ਵਿਚ ਵੀ ਦੇਖਣ ਨੂੰ ਮਿਲੇਗੀ। ਵੋਟਰ ਸੂਚੀ ਵਿਚ ਵੱਡੀ ਗਿਣਤੀ ਵਿਚ ਮ੍ਰਿਤਕ, ਟਰਾਂਫਸਰ ਤੇ ਦੋ ਥਾਵਾਂ 'ਤੇ ਨਾਂ ਦਰਜ ਕਰਵਾਉਣ ਵਾਲੇ ਵੋਟਰ ਮਿਲਣਗੇ।

ਇਨ੍ਹਾਂ ਵਿਚ ਵੀ ਬੰਗਾਲ, ਤਾਮਿਲਨਾਡੂ, ਕੇਰਲ, ਓਡੀਸ਼ਾ ਅਤੇ ਉੱਤਰ ਪ੍ਰਦੇਸ਼ ਵਿਚ ਅਜਿਹੇ ਵੋਟਰਾਂ ਦੀ ਗਿਣਤੀ ਬਿਹਾਰ ਤੋਂ ਵੀ ਵੱਧ ਦੇਖਣ ਨੂੰ ਮਿਲ ਸਕਦੀ ਹੈ। ਇਸ ਦੀ ਵਜ੍ਹਾ ਟਰਾਂਸਫਰ ਅਤੇ ਘੁਸਪੈਠ ਦੋਵੇਂ ਹਨ।ਕਮਿਸ਼ਨ ਦੇ ਮੁਤਾਬਕ, ਬਿਹਾਰ ਵਿਚ ਐੱਸਆਈਆਰ ਦੇ ਪਹਿਲੇ ਦੌਰ ਵਿਚ ਹੀ 65 ਲੱਖ ਵੋਟਰ ਬਾਹਰ ਹੋ ਗਏ। ਸ਼ੱਕੀ ਨਾਗਰਿਕਤਾ ਦੇ ਆਧਾਰ 'ਤੇ ਤਿੰਨ ਲੱਖ ਲੋਕਾਂ ਨੂੰ ਨੋਟਿਸ ਵੀ ਦਿੱਤਾ ਗਿਆ ਹੈ।


## ਵੋਟ ਫ਼ੀਸਦੀ 'ਚ ਵੀ ਆਵੇਗਾ ਵੱਡਾ ਉਛਾਲ

ਮਾਹਰਾਂ ਮੁਤਾਬਕ, ਦੇਸ਼ ਭਰ 'ਚ ਐੱਸਆਈਆਰ ਹੋਣ ਨਾਲ ਵੋਟਰ ਸੂਚੀ ਵਿਚ ਗੜਬੜੀਆਂ ਦੂਰ ਹੋਣਗੀਆਂ, ਜਿਸ ਨਾਲ ਵੋਟ ਫ਼ੀਸਦੀ 'ਚ ਵੀ ਵਾਧਾ ਹੋਵੇਗਾ ਅਤੇ ਨਾਲ ਹੀ ਵੋਟਿੰਗ ਦੀ ਅਸਲ ਤਸਵੀਰ ਵੀ ਦਿਖਾਈ ਦੇਵੇਗੀ। ਜੇਕਰ 15 ਕਰੋੜ ਲੋਕ ਦੇ ਨਾਂ ਹਟਦੇ ਹਨ ਤਾਂ ਵੋਟ ਫ਼ੀਸਦੀ ਵਿਚ ਲਗਪਗ ਦਸ ਫ਼ੀਸਦੀ ਦਾ ਉਛਾਲ ਦੇਖਣ ਨੂੰ ਮਿਲ ਸਕਦਾ ਹੈ। ਉਦਾਹਰਣ ਲਈ 2024 ਵਿਚ ਸੌ ਕਰੋੜ ਵੋਟਰਾਂ ਦੀ ਗਿਣਤੀ ਹੋਈਆਂ ਚੋਣਾਂ ਵਿਚ 66 ਫ਼ੀਸਦੀ ਵੋਟਿੰਗ ਹੋਈ ਸੀ, ਜਦਕਿ 85 ਕਰੋੜ ਵੋਟਰਾਂ 'ਤੇ ਵਾਲੀ ਵੋਟਿੰਗ ਦਾ ਫ਼ੀਸਦੀ 77 ਫ਼ੀਸਦੀ ਹੋ ਜਾਵੇਗਾ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ
HISTORICAL SIKH SHRINES
'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਦੁਨੀਆਂ ਦੀ ਪਹਿਲੀ ਤੇ ਇੱਕੋ-ਇਕ ਕਿਤਾਬ ਹੈ ਜਿਸ ਵਿਚ ਗੁਰੂ ਸਾਹਿਬ ਅਤੇ ਸ਼ਹੀਦਾਂ ਨਾਲ ਸਬੰਧਤ ਪੰਜਾਬ ਤੇ ਭਾਰਤ ਦੇ ਸਾਰੇ ਸੂਬਿਆਂ, ਪਾਕਿਸਤਾਨ ਦੇ ਸਾਰੇ ਪਿੰਡਾਂ ਤੇ ਨਗਰਾਂ, ਅਫ਼ਗਾਨਿਸਤਾਨ, ਨੇਪਾਲ, ਬੰਗਲਾ ਦੇਸ਼ ਅਤੇ ਹੋਰ ਥਾਂਵਾਂ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਅਸਲ ਇਤਿਹਾਸ, ਪਿੰਡ/ਨਗਰ ਜਾਣ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦਿੱਤੀਆਂ ਹੋਈਆਂ ਹਨ। ਇਸ ਵਿਚ 850 ਪਿੰਡਾਂ ਤੇ ਨਗਰਾਂ ਦੇ ਸਾਰੇ ਦੇ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਤੇ ਅਸਲ ਇਤਿਹਾਸ ਹਨ।
ਸਾਰੀ ਕਿਤਾਬ ਵਧੀਆ ਆਰਟ ਪੇਪਰ 'ਤੇ ਛਪੀ ਹੋਈ ਹੈ। ਇਹ ਬਹੁਤ ਵੱਡਾ ਗ੍ਰੰਥ ਹੈ। ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਦੀ ਕੀਮਤ, ਕੋਰੀਅਰ ਖ਼ਰਚ ਸਣੇ ਸਿਰਫ਼ 125 ਅਮਰੀਕਨ ਡਾਲਰ ਹੈ।
ਕਿਤਾਬ ਖ਼ਰੀਦਣ ਵਾਸਤੇ ਰਾਬਤਾ ਕਰੋ:
ਜਸਪ੍ਰੀਤ ਕੌਰ, ਫੋਨ: 222-422-4773

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# 'ਡੇਰਾ ਬਿਆਸ ਮੁਖੀ' ਗੁਰਿੰਦਰ ਸਿੰਘ ਢਿੱਲੋਂ ਦੀ ਨਾਭਾ ਜੇਲ੍ਹ ਵਿਚ ਮਜੀਠੀਆ ਨਾਲ ਮੁਲਾਕਾਤ

**ਨਾਭਾ:** ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਮੰਗਲਵਾਰ ਨੂੰ ਨਾਭਾ ਜੇਲ੍ਹ ਵਿਚ ਬੰਦ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ।

ਦੋਵਾਂ ਦਰਮਿਆਨ ਇਹ ਮੁਲਾਕਾਤ ਅੱਧੇ ਘੰਟੇ ਦੇ ਕਰੀਬ ਚੱਲੀ। ਇਸ ਮੁਲਾਕਾਤ ਮਗਰੋਂ ਡੇਰਾ ਮੁਖੀ ਜੇਲ੍ਹ ਦੇ ਬਾਹਰ ਇਕੱਤਰ ਲੋਕਾਂ ਨੂੰ ਵੀ ਮਿਲੇ। ਉਧਰ, ਇਸ ਮੁਲਾਕਾਤ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕੀਤਾ। ਉਨ੍ਹਾਂ ਨੇ ਟਵੀਟ ਕਰਦੇ ਹੋਏ ਲਿਖਿਆ ਹੈ-''ਦਾਸ ਦੀ ਨਾ ਤਾਂ ਏਨੀ ਹੈਸੀਅਤ ਹੈ ਨਾ ਔਕਾਤ ਹੈ। ਇੱਕ ਨਿਮਾਣਾ ਭੁੱਲਣਹਾਰ ਜੀਵ ਹਾਂ ਅਤੇ ਮੇਰੇ ਕੋਲ ਯੋਗ ਸ਼ਬਦ ਵੀ ਨਹੀਂ ਜਿਨ੍ਹਾਂ ਨਾਲ ਮੈਂ ਅਤਿ ਸਤਿਕਾਰਤ ਬਾਬਾ ਜੀ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦਾ ਸ਼ੁਕਰਾਨਾ ਅਦਾ ਕਰ ਸਕਾਂ ਜੋ ਦਾਸ ਨੂੰ ਮਿਲਣ ਅੱਜ ਨਾਭਾ ਜੇਲ੍ਹ ਵਿੱਚ ਪਹੁੰਚੇ। ਉਹਨਾਂ ਦਾ ਮੈਨੂੰ ਮਿਲਣ ਆਉਣਾ, ਮੇਰੀ ਹੌਂਸਲਾ ਅਫਜ਼ਾਈ ਕਰਨੀ, ਮੇਰੇ ਲਈ ਬੇਹੱਦ ਭਾਵਨਾਤਮਕ ਪਲ ਹਨ। ਮੇਰੇ ਔਖੇ ਵੇਲੇ ਬਾਬਾ ਜੀ ਨੇ ਹਮੇਸ਼ਾ ਹੀ ਮੇਰੀ ਬਾਂਹ ਫੜੀ ਹੈ। ਮੈਂ ਬਾਬਾ ਜੀ ਦਾ ਬੇਹੱਦ ਸ਼ੁਕਰਗੁਜ਼ਾਰ ਹਾਂ। ਸਮੂਹ ਸੰਗਤ, ਲੋਕਾਂ ਅਤੇ ਸੰਤਾਂ ਮਹਾਂਪੁਰਖਾਂ ਦਾ ਤਹਿ ਦਿਲੋਂ ਧੰਨਵਾਦ, ਜਿਨ੍ਹਾਂ ਦੇ ਅਸ਼ੀਰਵਾਦ ਸਦਕਾ ਦਾਸ ਚੜ੍ਹਦੀ ਕਲਾ ਵਿੱਚ ਹੈ। ਗੁਰੂ ਸਾਹਿਬ ਦਾ ਕੋਟਾਨ ਕੋਟਿ ਸ਼ੁਕਰਾਨਾ, ਜੋ ਸਦਾ ਦਾਸ 'ਤੇ ਹੈ ਮਿਹਰ ਭਰਿਆ ਹੱਥ ਰੱਖਦੇ ਹਨ। ਹੌਂਸਲੇ ਹਮੇਸ਼ਾ ਬੁਲੰਦ ਰਹਿਣਗੇ।





# ਪ੍ਰਧਾਨ ਮੰਤਰੀ ਜੀ.ਐੱਸ.ਟੀ. ਸੁਧਾਰਾਂ ਦੀ 'ਇਕੱਲੀ ਮਾਲਕੀ' ਦਾ ਦਾਅਵਾ ਕਰ ਰਹੇ ਹਨ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਜੀ.ਐੱਸ.ਟੀ. ਪ੍ਰਣਾਲੀ ਵਿਚ ਕੀਤੀਆਂ ਸੋਧਾਂ ਦੀ 'ਇਕੱਲੀ ਮਾਲਕੀ' ਲੈਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਮੌਜੂਦਾ ਸੁਧਾਰ ਨਾਕਾਫ਼ੀ ਹਨ ਅਤੇ ਸੂਬਿਆਂ ਦੀ ਮੁਆਵਜ਼ਾ ਮਿਆਦ ਨੂੰ ਹੋਰ ਪੰਜ ਸਾਲ ਵਧਾਉਣ ਦੀ ਮੰਗ 'ਤੇ ਧਿਆਨ ਨਹੀਂ ਦਿੱਤਾ ਗਿਆ ਹੈ। ਵਿਰੋਧੀ ਪਾਰਟੀ ਨੇ ਸੁਧਾਰਾਂ ਦੀ ਆਲੋਚਨਾ। ਕਰਦੇ ਹੋਏ, ਉਨ੍ਹਾਂ ਨੂੰ 'ਡੂੰਘੇ ਜ਼ਖ਼ਮ 'ਤੇ ਮਲ੍ਹਮ' ਕਿਹਾ ਅਤੇ ਕਿਹਾ ਕਿ ਸਰਕਾਰ ਨੂੰ ਜ਼ਰੂਰੀ ਵਸਤੂਆਂ 'ਤੇ ਜੀ.ਐੱਸ.ਟੀ. ਲਈ ਜਨਤਾ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਜੀ.ਐੱਸ.ਟੀ. 'ਤੇ ਪ੍ਰਧਾਨ ਮੰਤਰੀ ਵਲੋਂ ਦਿੱਤੇ ਗਏ ਭਾਸ਼ਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਕਾਂਗਰਸ ਪ੍ਰਧਾਨ ਮਲਿਕ ਅਰਜੁਨ ਖੜਗੇ ਨੇ ਪ੍ਰਧਾਨ ਮੰਤਰੀ 'ਤੇ ਇੱਕ ਹਿੰਦੀ ਕਹਾਵਤ ਨਾਲ ਨਿਸ਼ਾਨਾ ਸਾਧਿਆ:- 'ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।' ਉਨ੍ਹਾਂ ਕਿਹਾ, 'ਨਰਿੰਦਰ ਮੋਦੀ ਜੀ, ਕਾਂਗਰਸ ਪਾਰਟੀ ਦੇ ਸਧਾਰਨ ਅਤੇ ਕੁਸ਼ਲ ਜੀ. ਐੱਸ. ਟੀ. ਦੀ ਬਜਾਏ, ਤੁਹਾਡੀ ਸਰਕਾਰ ਨੇ ਨੌਂ ਵੱਖ-ਵੱਖ ਸਲੈਬ ਬਣਾ ਕੇ 'ਗੱਬਰ ਸਿੰਘ ਟੈਕਸ' ਲਗਾਇਆ ਅਤੇ ਅੱਠ ਸਾਲਾਂ ਵਿਚ 55 ਲੱਖ ਕਰੋੜ ਤੋਂ ਵੱਧ ਇਕੱਠੇ ਕੀਤੇ। ਹੁਣ ਤੁਸੀਂ 2.5 ਲੱਖ ਕਰੋੜ ਦੇ 'ਬੱਚਤ ਤਿਉਹਾਰ' ਦੀ ਗੱਲ ਕਰ ਰਹੇ ਹੋ ਅਤੇ ਜਨਤਾ 'ਤੇ ਡੂੰਘੇ ਜ਼ਖ਼ਮ ਦੇਣ ਤੋਂ ਬਾਅਦ ਇੱਕ ਸਧਾਰਨ ਪੱਟੀ ਲਗਾ ਰਹੇ ਹੋ। ਜਨਤਾ ਕਦੇ ਨਹੀਂ ਭੁੱਲੇਗੀ ਕਿ ਤੁਸੀਂ ਉਨ੍ਹਾਂ ਦੀਆਂ ਦਾਲਾਂ, ਚੱਲ, ਅਨਾਜ, ਪੈਨਸਿਲਾਂ, ਕਿਤਾਬਾਂ, ਡਾਕਟਰੀ ਇਲਾਜ, ਕਿਸਾਨਾਂ ਦੇ ਟਰੈਕਟਰ, ਹਰ ਚੀਜ਼ 'ਤੇ ਜੀ. ਐੱਸ. ਟੀ. ਲਗਾਇਆ ਸੀ। ਤੁਹਾਡੀ ਸਰਕਾਰ ਨੂੰ ਜਨਤਾ ਤੋਂ ਮੁਆਫੀ ਮੰਗਣੀ ਚਾਹੀਦੀ ਹੈ।




# Matrimonials

## ਲੜਕੇ ਦੀ ਲੋੜ ਹੈ

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question.

39-42

## ਲੜਕੀ ਦੀ ਲੋੜ ਹੈ

Well settled USA citizen Lubana Sikh divorcee, 52 years, 5,10"ft tall and wears a Turban. He has his own business and home in the USA. Seeking a companion that enjoys family and lives in the USA. Caste is no bar. Please E-mail at: singhj72@gmail.com

37-40

Qualified compatible match for sikh Khatri postgraduate IT engineer Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Contact us at Mobile +1 315 849 6562, Whatsapp +91 8860131363 or E-mail richiewalia@gmail.com

37-40

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

## Change of Name

**I ANMOLDEEP SINGH VIRK S/O Sube Singh Resident Of 6231 W Indianapolis Ave Fresno CA 93723. Declared that I have changed my name ANMOLDEEP SINGH to ANMOLDEEP SINGH VIRK. All Concerned please note.**

## Change of Name

**I Sukhdeep Kaur D/O Sarwan singh W/o Manmeet Singh Sandhu, Residence of VPO Kitna TEHSIL Garhshankar, Dist. HOSHIARPUR, Punjab, India, Postal Code: 144531. Now living Aboard at 4731 Autumn Meadow Dr Fairfield, CA, 94534. Declared that I have changed my last name to Sandhu due to marriage. All Concerned please note. For contact My Phone # 7079141172**



**UMA TRAVELS**

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**

# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣ ਅਕਤੂਬਰ 12, 2025




## Current Parbandhak Committee Slate Cndidates

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)



1. Bhupindar S. Dhillon ਭੁਪਿੰਦਰ (ਬੋਬ) ਸਿੰਘ ਢਿਲੋਂ
2. Dr. Gurinder Pal Singh ਡਾ: ਗੁਰਿੰਦਰ ਪਾਲ ਸਿੰਘ
3. Pritam Singh Grewal ਪ੍ਰੀਤਮ ਸਿੰਘ ਗਰੇਵਾਲ
4. Rajinder Singh Manger ਰਾਜਿੰਦਰ ਸਿੰਘ ਮੰਗਰ
5. Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ
6. Kirpal Singh Atwal ਕਿਰਪਾਲ ਸਿੰਘ ਅਟਵਾਲ
7. Surjit Singh Bains ਸੁਰਜੀਤ ਸਿੰਘ ਬੈਂਸ



8. Sohan Singh Dhanota ਸੋਹਨ ਸਿੰਘ ਧਨੋਟਾ
9. Dr. Harjinder S. Ladhar ਡਾ: ਹਰਜਿੰਦਰ ਸਿੰਘ ਲੱਧੜ
10. Gurpreet Singh ਗੁਰਪ੍ਰੀਤ ਸਿੰਘ
11. Harparminder S. Powar ਹਰਪ੍ਰਮਿੰਦਰ ਸਿੰਘ ਪੋਵਾਰ
12. Narinder K. Meharu ਨਰਿੰਦਰ ਕੋਰ ਮਹੇੜੂ
13. Pritpal Kaur ਪ੍ਰਤਿਪਾਲ ਕੋਰ
14. Sharanjit Kaur Bhandal ਸ਼ਰਨਜੀਤ ਕੋਰ ਭੰਡਾਲ



15. Dr. Balbir S. Bains ਡਾ: ਬਲਬੀਰ ਸਿੰਘ ਬੈਂਸ
16. Kuldip S.Shergill ਕੁਲਦੀਪ ਸਿੰਘ ਸ਼ੇਰਗਿਲ
17. Bahadur S. Deol ਬਹਾਦੁਰ ਸਿੰਘ ਦਿਉਲ
18. Gurpreet S. Sethi ਗੁਰਪ੍ਰੀਤ ਸਿੰਘ ਸੇਠੀ
19. Harduman S. Sanghera ਹਰਦੁਮਨ (ਬਿੱਲਾ) ਸਿੰਘ ਸੰਗੇੜਾ
20. Gurbux Singh Dhillon ਗੁਰਬਖਸ਼ ਸਿੰਘ ਢਿਲੋਂ
21. Jorawar Singh ਜੋਰਾਵਰ ਸਿੰਘ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# Sikh Gurdwara San Jose Parbandhak Committee Election October 12, 2025

## Sample Ballot — ਨਮੂਨਾ ਬੈਲੇਟ

**Mark Your Ballot like this** ⬬ — ਆਪਣੇ ਬੈਲਟ 'ਤੇ ਇਸ ਤਰ੍ਹਾਂ ਨਿਸ਼ਾਨ ਲਗਾਓ ⬬

## Parbandhak Committee Members — ਪ੍ਰਬੰਧਕ ਕਮੇਟੀ ਮੈਂਬਰ

*Vote for no more than 21 Candidates

*21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ

**Current Parbandhak Committee Slate Cndidates**
ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ

1. Bhupindar Singh Dhillon — ਭੁਪਿੰਦਰ ਸਿੰਘ ਢਿਲੋਂ
2. Dr. Gurinder Pal Singh — ਡਾ: ਗੁਰਿੰਦਰ ਪਾਲ ਸਿੰਘ
3. Pritam Singh Grewal — ਪ੍ਰੀਤਮ ਸਿੰਘ ਗਰੇਵਾਲ
4. Rajinder Singh Mangar — ਰਜਿੰਦਰ ਸਿੰਘ ਮੰਗਰ
5. Sukhdev Singh Bainiwal — ਸੁਖਦੇਵ ਸਿੰਘ ਬੈਨੀਵਾਲ
6. Kirpal Singh Atwal — ਕਿਰਪਾਲ ਸਿੰਘ ਅਟਵਾਲ
7. Surjit Singh Bains — ਸੁਰਜੀਤ ਸਿੰਘ ਬੈਂਸ
8. Sohan Singh Dhanota — ਸੋਹਣ ਸਿੰਘ ਧਨੋਤਾ
9. Dr. Harjinder Singh Ladhar — ਡਾ: ਹਰਜਿੰਦਰ ਸਿੰਘ ਲੱਧੜ
10. Gurpreet Singh — ਗੁਰਪ੍ਰੀਤ ਸਿੰਘ
11. Harparminder Singh Powar — ਹਰਪ੍ਰਮਿੰਦਰ ਸਿੰਘ ਪਵਾਰ
12. Narinder Kaur Meharu — ਨਰਿੰਦਰ ਕੌਰ ਮਹੇੜੂ
13. Pritpal Kaur — ਪ੍ਰਿਤਪਾਲ ਕੌਰ
14. Sharanjit Kaur Bhandal — ਸ਼ਰਨਜੀਤ ਕੌਰ ਭੰਡਾਲ
15. Dr. Balbir Singh Bains — ਡਾ: ਬਲਬੀਰ ਸਿੰਘ ਬੈਂਸ
16. Bahadur Singh Deol — ਬਹਾਦੁਰ ਸਿੰਘ ਦਿਓਲ
17. Kuldip Singh Shergill — ਕੁਲਦੀਪ ਸਿੰਘ ਸ਼ੇਰਗਿੱਲ
18. Gurpreet Singh Sethi — ਗੁਰਪ੍ਰੀਤ ਸਿੰਘ ਸੇਠੀ
19. Harduman Singh Sanghera — ਹਰਦੁਮਨ (ਬਿੱਲਾ) ਸਿੰਘ ਸੰਘੇੜਾ
20. Gurbux Singh Dhillon — ਗੁਰਬਖ਼ਸ਼ ਸਿੰਘ ਢਿਲੋਂ
21. Jorawar Singh — ਜੋਰਾਵਰ ਸਿੰਘ

**Sadh Sangat Slate Candidates**
ਸਾਧ ਸੰਗਤ ਸਲੇਟ ਉਮੀਦਵਾਰ

1. Bhupinder Singh Cheema — ਭੁਪਿੰਦਰ ਸਿੰਘ ਚੀਮਾ
2. Harpal Singh Chahal — ਹਰਪਾਲ ਸਿੰਘ ਚਾਹਲ
3. Kashmir Singh Kalcut — ਕਸ਼ਮੀਰ ਸਿੰਘ ਕਾਲਕੱਟ
4. Kulwinder Kaur Cheema — ਕੁਲਵਿੰਦਰ ਕੌਰ ਚੀਮਾ
5. Jagjit Singh — ਜਗਜੀਤ ਸਿੰਘ
6. Satnam Singh Dhillon — ਸਤਨਾਮ ਸਿੰਘ ਢਿਲੋਂ
7. Trilochan Singh Sra — ਤਰਲੋਚਨ ਸਿੰਘ ਸਰਾ
8. Gurmail Singh Khalsa — ਗੁਰਮੇਲ ਸਿੰਘ ਖ਼ਾਲਸਾ
9. Karnail Singh — ਕਰਨੈਲ ਸਿੰਘ
10. Dr. Satvinder Singh Bajwa — ਡਾ: ਸਤਵਿੰਦਰ ਸਿੰਘ ਬਾਜਵਾ
11. Jatinder Kaur — ਜਤਿੰਦਰ ਕੌਰ
12. Sukhvir Singh Randhawa — ਸੁਖਵੀਰ ਸਿੰਘ ਰੰਧਾਵਾ
13. Amrik Singh Lubana — ਅਮਰੀਕ ਸਿੰਘ ਲੁਬਾਣਾ
14. Gulbag Singh Lubana — ਗੁਲਬਾਗ ਸਿੰਘ ਲੁਬਾਣਾ
15. Raghubir Singh Dhillon — ਰਘੁਬੀਰ ਸਿੰਘ ਢਿਲੋਂ
16. Baldev Singh Jandu — ਬਲਦੇਵ ਸਿੰਘ ਜੰਡੂ
17. Joginder Singh Dhaliwal — ਜੋਗਿੰਦਰ ਕੌਰ ਧਾਲੀਵਾਲ
18. Kulwant Kaur Chahal — ਕੁਲਵੰਤ ਕੌਰ ਚਾਹਲ
19. Kamaljit Singh Cheema — ਕਮਲਜੀਤ ਸਿੰਘ ਚੀਮਾ
20. Jagjit Singh Mand — ਜਗਜੀਤ ਸਿੰਘ ਮੰਡ
21. Jaspal Singh Saini — ਜਸਪਾਲ ਸਿੰਘ ਸੈਣੀ

**Current Parbandhak Committee Slate Candidates**

**ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ**

As shown, please vote for all 21 Current Parbandhak Committee Slate candidates.

*Please do not vote for more than 21 candidates*

ਜਿਸ ਤਰਾਂ ਦਿਖਾਇਆ ਗਿਆ ਹੈ ਕਿਰਪਾ ਕਰਕੇ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾਓ ਜੀ ॥

*21 ਤੋਂ ਜ਼ਿਆਦਾ ਮੈਂਬਰਾਂ ਨੂੰ ਵੋਟ ਨਹੀਂ ਪਾਓ ਜੀ*

Vote Yes for the Bylaws amendment for election to be held after 4 years and a maximum of two consecutive terms for the Parbandhak Committee Membership.

ਬਾਈਲਾਜ਼ ਤਬਦੀਲੀ: ਪ੍ਰਬੰਧਕ ਕਮੇਟੀ ਦੀਆਂ ਚੋਣਾ ਚਾਰ ਸਾਲ ਬਾਅਦ ਅਤੇ ਮੈਂਬਰ ਲਗਾਤਾਰ ਦੋ ਕਾਰਜਕਾਲ ਤੋਂ ਵੱਧ ਨਹੀਂ, ਇਸ ਤੇ ਹਾਂ ਵਿੱਚ ਵੋਟ ਪਾਓ ॥

Independent Candidate — ਅਜ਼ਾਦ ਉਮੀਦਵਾਰ

- Arvinder Singh — ਅਰਵਿੰਦਰ ਸਿੰਘ

**Gurdwara Bylaws Amendment ਗੁਰਦਵਾਰਾ ਬਾਈਲਾਜ਼ ਵਿਚ ਤਬਦੀਲੀ**

Change/Amend Article IV(A)(6)(b)
From 2 years to 4 years with condition
Of two consecutive terms and it applies to members elected in this election and onwards.
ਧਾਰਾ IV(A)(6)(b) ਨੂੰ ਬਦਲੋ, 2 ਸਾਲ ਤੋਂ 4 ਸਾਲ ਤੱਕ, ਲਗਾਤਾਰ ਦੋ ਕਾਰਜਕਾਰਾਂ ਤੋਂ ਵੱਧ ਨਹੀਂ, ਅਤੇ ਇਹ ਇਸ ਚੋਣ ਵਿੱਚ ਅਤੇ ਇਸ ਤੋਂ ਬਾਅਦ ਚੁਣੇ ਗਏ ਮੈਂਬਰਾਂ ਤੇ ਲਾਗੂ ਹੋਵੇਗਾ

Yes ⬬ ਹਾਂ — No ⬭ ਨਾਂਹ

For More Information Call:
ਵਧੇਰੇ ਜਾਣਕਾਰੀ ਲਈ ਫੋਨ ਕਰੋ:
Bhupindar (Bob) Singh Dhillon *408-568-0034*, Sukhdev S. Bainiwal *408-421-9463*, Harjinder Singh Ladhar *408-904-9158*, Kirpal Singh Atwal *408-835-7712*, Surjit Singh Bains *408-394-3595*, Jasvir Singh Powar *408-416-7200*

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ। ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਯੂਪੀ 'ਚ ਜਾਤ ਸੰਕੇਤ ਵਾਲੀਆਂ ਰੈਲੀਆਂ 'ਤੇ ਪਾਬੰਦੀ

**ਲਖਨਊ:** ਜਾਤ ਅਧਾਰਤ ਵਿਤਕਰੇ ਖ਼ਤਮ ਕਰਨ ਲਈ ਪੁਲਿਸ ਦੀਆਂ ਤਹਿਰੀਰਾਂ (ਲਿਖਤੀ ਸਮੱਗਰੀ) ਦੇ ਨਾਲ ਹੀ ਜਨਤਕ ਸਥਾਨਾਂ 'ਤੇ ਜਾਤ ਦਰਜ ਕਰਨ 'ਤੇ ਰੋਕ ਲਗਾ ਦਿੱਤੀ ਗਈਹੈ। ਕਾਰਜਵਾਹਕ ਮੁੱਖ ਸਕੱਤਰ ਦੀਪਕ ਕੁਮਾਰ ਨੇ ਇਸ ਸਬੰਧ ਵਿਚ ਬੀਤੇ ਦਿਨ ਸਰਕਾਰੀ ਨੋਟਿਸ ਜਾਰੀ ਕੀਤਾ ਸੀ।



ਪਿਛਲੇ ਦਿਨੀਂ ਇਲਾਹਾਬਾਦ ਹਾਈ ਕੋਰਟ ਨੇ ਸਰਕਾਰ ਨੂੰ ਹੁਕਮ ਕੀਤੇ ਸਨ ਕਿ ਪੁਲਿਸ ਰਿਕਾਰਡ ਤੇ ਜਨਤਕ ਸਥਾਨਾਂ 'ਤੇ ਲੋਕਾਂ ਦੇ ਨਾਮ ਦੇ ਨਾਲ ਜਾਤ ਦਾ ਵਰਣਨ ਕਰਨ ਤੇ ਮੁਕੰਮਲ ਰੋਕ ਲਗਾ ਦਿੱਤੀ ਹੈ। ਇਸ ਹੁਕਮ ਦੇ ਅਸਰ ਵਜੋਂ ਹੁਣ ਸਿਆਸਤਦਾਨ 'ਜਾਤ ਦੇ ਨਾਮ ਤੇ ਸੱਦੇ ਵਾਲੀਆਂ ਰੈਲੀਆਂ' ਕਤੱਈ ਤੌਰ 'ਤੇ ਨਹੀਂ ਕਰ ਸਕਣਗੇ। ਇਸ ਦਾ ਸਿੱਧਾ ਅਸਰ ਉੱਤਰ ਪ੍ਰਦੇਸ਼ ਦੀ ਜਾਤ ਅਧਾਰਤ ਸਿਆਸਤ 'ਤੇ ਪੈ ਸਕਦਾ ਹੈ। ਜਾਤ ਦੇ ਵਿਖਾਵੇ 'ਤੇ ਰੋਕ ਨੂੰ ਉਸ ਸਮੇਂ ਲਾਗੂ ਕੀਤਾ ਗਿਆ ਜਾ ਰਿਹਾ ਹੈ ਜਦੋਂ ਉੱਤਰ ਪ੍ਰਦੇਸ਼ ਵਿਚ ਪੰਚਾਇਤੀ ਚੋਣਾਂ ਦੀ ਤਿਆਰੀ ਚੱਲ ਰਹੀ ਹੈ।ਸਾਰੀਆਂ ਸਿਆਸੀ ਪਾਰਟੀਆਂ ਨਾਲ ਸਬੰਧਤ ਸਿਆਸਤਾਨ ਹੁਣ ਵੱਖਰੇ ਤੌਰ 'ਤੇ ਰਣਨੀਤੀ ਬਣਾਉਣ ਵਿਚ ਲੱਗੇ ਹੋਏ ਹਨ। ਸਰਕਾਰੀ ਹੁਕਮ ਮੁਤਾਬਕ ਕੋਈ ਵੀ ਰਾਜਨੀਤਕ ਪਾਰਟੀ ਹੁਣ ਜਾਤ ਅਧਾਰਤ ਕੰਟੈਂਟ ਨਹੀਂ ਫੈਲਾ ਸਕੇਗੀ। 1 ਹਾਲਾਂਕਿ ਐੱਸਸੀ ਤੇ ਐੱਸਟੀ ਕਾਨੂੰਨ ਜਿਹੇ ਮਾਮਲਿਆਂ ਵਿਚ ਮੁਲਜ਼ਮਾਂ ਦੇ ਨਾਮ ਨਾਲਜਾਤ ਲਿਖਣ ਦੀ ਪਾਬੰਦੀ ਨਹੀਂ ਲਗਾਈ ਗਈ ਹੈ। ਇਨ੍ਹਾਂ ਹੁਕਮਾਂ ਦੀ ਪਾਲਣਾ ਲਈ ਪੁਲਿਸ ਨਿਯਮਾਂਵਲੀ ਤੇ ਮਾਪਦੰਡ ਸੰਚਾਲਨ ਪ੍ਰਕਿਰਿਆ (ਐੱਸਓਪੀ) ਵਿਚ ਸੋਧ ਕੀਤੀ ਜਾਵੇਗੀ।

ਸਾਰੇ ਮੁੱਖ ਸਕੱਤਰ, ਪ੍ਰਮੁੱਖ ਸਕੱਤਰ, ਪੁਲਿਸ ਦੇ ਡਾਇਰੈਕਟਰ ਜਨਰਲ, ਜ਼ਿਲ੍ਹਿਆਂ ਦੇ ਮੈਜਿਸਟ੍ਰੇਟ, ਪੁਲਿਸ ਕਮਿਸ਼ਨਰ, ਐੱਸਐੱਸਪੀ ਤੇ ਐੱਸਪੀਜ਼ ਨੂੰ ਸਾਫ਼ ਹੁਕਮ ਕੀਤੇ ਗਏਹਨ ਕਿ ਉਹ ਸਰਕਾਰੀ ਨੀਤੀ ਮੁਤਾਬਕ ਇਸ ਹੁਕਮ 'ਤੇ ਅਮਲ ਕਰਵਾਉਣ। ਕਿਸੇ ਦੀ ਗ੍ਰਿਫ਼ਤਾਰੀ ਵੇਲੇ ਵਿਅਕਤੀ ਦੇ ਨਾਮ ਨਾਲ ਕੋਈ ਜਾਤ ਨਹੀਂ ਲਿਖੀ ਜਾਵੇਗੀ, ਸਗੋਂ ਮਾਪਿਆਂ ਦੇ ਨਾਮ ਤੇ ਘਰ ਦਾ ਪਤਾ ਹੀ ਲਿਖਿਆ ਜਾਵੇਗਾ। ਇਸ ਸਬੰਧ ਵਿਚ ਕੋਈ ਕੋਤਾਹੀ ਹੋਣ 'ਤੇ ਸਰਕਾਰੀ ਅਫ਼ਸਰਾਂ ਦੀ ਝਾੜ ਝੰਬ ਹੋ ਸਕਦੀ ਹੈ ਤੇ ਬਣਦੀ ਕਾਰਵਾਈ ਵੀ ਹੋ ਸਕਦੀ ਹੈ। ਦੱਸਣਯੋਗ ਹੈ ਕਿ ਉੱਤਰ ਭਾਰਤ ਦੇ ਹੋਰਨਾਂ ਸੂਬਿਆਂ ਵਾਂਗ ਉੱਤਰ ਪ੍ਰਦੇਸ਼ ਵਿਚ ਵੀ ਜਾਤ ਅਧਾਰਤ ਸ਼ਬਦਾਂ ਨੂੰ ਉਭਾਰਣਾ ਤੇ ਜਾਤ ਵਿਖਾਵਾ ਜ਼ੋਰਾਂ 'ਤੇ ਹੈ ਤੇ ਸਿਆਸਤ ਵਿਚ ਵੀ ਇਹੀ ਰੁਝਾਨ ਹੈ।

# ਭਾਰਤ-ਚੀਨ ਦੇ ਇੰਜੀਨੀਅਰਾਂ ਨੇ ਬਚਾਇਆ ਐਕਸ: ਐਸਥਰ

**ਸਾਨ ਫਰਾਂਸਿਸਕੋ:** ਐਕਸ (ਪਹਿਲਾਂ ਟਵਿਟਰ) ਦੀ ਸਾਬਕਾ ਐਗਜ਼ੀਕਿਊਟਿਵ ਐਸਥਰ ਕ੍ਰਾਫਰਡ ਨੇ ਐਕਸ 'ਤੇ ਗ਼ੈਰ- ਪਰਵਾਸੀ ਵਿਰੋਧੀ ਬਿਆਨਬਾਜ਼ੀ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਇਹ ਇੰਟਰਨੈੱਟ ਮੀਡੀਆ ਪਲੇਟਪਾਰਮ ਐੱਚ- 1ਬੀ ਧਾਰਕ ਭਾਰਤ ਤੇ ਚੀਨੀ ਇੰਜੀਨੀਅਰਾਂ ਕਾਰਨ ਬਚਿਆ ਹੋਇਆ ਹੈ।



ਇਨ੍ਹਾਂ ਇੰਜੀਨੀਅਰਾਂ ਨੇ ਕੰਪਨੀ ਦੇ ਕਬਜ਼ੇ ਦੀ ਮਿਆਦ ਦੌਰਾਨ ਅਣਥੱਕ ਕੋਸ਼ਿਸ਼ਾਂ ਕੀਤੀਆਂ ਸਨ। ਕ੍ਰਾਫੋਰਡ ਨੇ ਕੰਪਨੀ ਦੇ ਐਕਵਾਇਰ ਤੇ ਐਕਸ ਦੇ ਤੌਰ 'ਤੇ ਮੁੜ ਬ੍ਰਾਂਡਿੰਗ ਦੌਰਾਨ ਜਿਸ ਦੇ ਤਹਿਤ ਯੋਗ ਪੇਸ਼ੇਵਰ ਦੁਨੀਆ ਪ੍ਰੋਡਕਟ ਮੈਨੇਜਮੈਂਟ ਡਾਇਰੈਕਟਰ ਦੇ ਤੌਰ 'ਤੇ ਕੰਮ ਕੀਤਾ ਸੀ। ਕਾਫੋਰਡ ਨੇ ਐਕਸ 'ਤੇ ਪੋਸਟ ਕੀਤੀ, 'ਟਵਿਟਰ/ਐਕਸ ਐੱਚ-1ਬੀ ਇੰਜੀਨੀਅਰਾਂ ਕਾਰਨ ਬਚਿਆ ਰਿਹਾ, ਜਿਨ੍ਹਾਂ 'ਚੋਂ ਜ਼ਿਆਦਾਤਰ ਭਾਰਤ ਤੇ ਚੀਨ ਤੋਂ ਸਨ। ਉਨ੍ਹਾਂ ਐਕਵਾਇਰ ਤੋਂ ਵੀ ਬਾਅਦ ਵੀ ਲੰਬੇ ਸਮੇਂ ਤੱਕ ਕੰਮ ਕੀਤਾ ਤੇ ਅਮਰੀਕੀ ਸਹਿਯੋਗੀਆਂ ਨਾਲ ਮਿਲ ਕੇ ਬੇਹੱਦ ਗੁੰਝਲਦਾਰ ਸਮੱਸਿਆਵਾਂ ਦਾ ਹੱਲ ਕੱਢਿਆ। ਜਦੋਂ ਗ਼ੈਰ-ਪਰਵਾਸੀ ਵਿਰੋਧੀ ਟਿੱਪਣੀਆਂ ਪੋਸਟ ਕਰੋ ਤਾਂ ਯਾਦ ਰੱਖੋ, ਉਨ੍ਹਾਂ ਕਾਰਨ ਹੀ ਟਵੀਟ ਕਰ ਪਾ ਰਹੇ ਹੋ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੀ ਕਾਨਫਰੰਸ 3 ਅਕਤੂਬਰ ਤੋਂ

**ਸਾਨ ਫਰਾਂਸਿਸਕੋ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ (ਵਿਪਸਾਅ) ਵੱਲੋਂ ਆਪਣੀ 25 ਸਾਲਾ ਸਿਲਵਰ ਜੁਬਲੀ ਮਨਾਉਣ ਲਈ ਤਿੰਨ ਰੋਜ਼ਾ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 3,4,5 ਅਕਤੂਬਰ 2025 ਨੂੰ ਹੇਵਰਡ (ਕੈਲੀਫੋਰਨੀਆ) ਵਿਖੇ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਅਤੇ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਇਸ ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਇੰਗਲੈਂਡ, ਜਾਪਾਨ, ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਲੇਖਕ, ਸ਼ਾਇਰ ਅਤੇ ਚਿੰਤਕ ਸ਼ਾਮਲ ਹੋ ਰਹੇ ਹਨ।




ਕਾਨਫਰੰਸ ਦਾ ਆਗਾਜ਼ 3 ਅਕਤੂਬਰ ਨੂੰ ਸ਼ਾਮ 5 ਵਜੇ ਸੰਗੀਤਕ ਮਹਿਫਲ ਨਾਲ ਹੋਵੇਗਾ ਜਿਸ ਵਿਚ ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਅਲੀ ਇਮਰਾਨ ਸ਼ੌਕਤ ਅਤੇ ਪਰਮਿੰਦਰ ਗੁਰੀ ਗ਼ਜ਼ਲਾਂ, ਗੀਤਾਂ ਨੂੰ ਆਪਣੇ ਸੁਰੀਲੇ ਸੁਰ ਪ੍ਰਦਾਨ ਕਰਨਗੇ। 4 ਅਤੇ 5 ਅਕਤੂਬਰ ਨੂੰ ਸਾਹਿਤਕ ਸੈਸ਼ਨਾਂ ਦੌਰਾਨ ਵਿਦਵਾਨ ਅਤੇ ਚਿੰਤਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ, ਆਰਟੀਫੀਸ਼ਲ ਇੰਟੈਲੀਜੈਂਸੀ ਦੇ ਪੰਜਾਬੀ ਭਾਸ਼ਾ ਤੇ , ਸਾਹਿਤ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਬਾਰੇ ਗੰਭੀਰ ਵਿਚਾਰ ਚਰਚਾ ਕਰਨਗੇ, 'ਲਿਖਤ ਦਾ ਸਫ਼ਰ-ਲੇਖਕ ਪਾਠਕ ਤੇ ਸੰਪਾਦਨਾ' ਬਾਰੇ ਸੰਵਾਦ ਰਚਾਇਆ ਜਾਵੇਗਾ ਅਤੇ ਕਵੀ ਦਰਬਾਰ ਵਿਚ ਦੇਸ਼ ਵਿਦੇਸ਼ ਤੋਂ ਆਏ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ। 4 ਅਕਤੂਬਰ ਨੂੰ ਪੰਜਾਬ ਲੋਕ ਰੰਗਮੰਚ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਨਾਟਕ 'ਜ਼ਫ਼ਰਨਾਮਾ - ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਜਾਵੇਗਾ। ਇਸ ਕਾਨਫਰੰਸ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ, ਡਾ. ਵਰਿਆਮ ਸਿੰਘ ਸੰਧੂ, ਦਰਸ਼ਨ ਬੁੱਟਰ, ਜਸਵਿੰਦਰ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਡਾ. ਬਲਦੇਵ ਧਾਲੀਵਾਲ, ਬਾਬਾ ਨਜਮੀ, ਅਲੀ ਇਮਰਾਨ ਸ਼ੌਕਤ, ਬਲਦੇਵ ਗਰੇਵਾਲ, ਅਰਤਿੰਦਰ ਸੰਧੂ, ਸਤੀਸ਼ ਗੁਲਾਟੀ, ਸੁਰਜੀਤ ਟੋਰਾਂਟੋ, ਸੁਰਿੰਦਰ ਸੋਹਲ, ਪਰਮਿੰਦਰ ਸੋਢੀ, ਰਾਜਵੰਤ ਰਾਜ, ਪਿਆਰਾ ਸਿੰਘ ਕੁੱਦੋਵਾਲ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਲਵੀਰ ਕੌਰ, ਤਾਹਿਰਾ ਸਰਾ, ਕੁਲਵਿੰਦਰ ਖਹਿਰਾ,ਭੁਪਿੰਦਰ ਦੂਲੇ, ਗੁਰਦੇਵ ਚੌਹਾਨ, ਗੁਰਮੀਤ ਪਨਾਗ, ਡਾ. ਬਲਜੀਤ ਕੌਰ, ਡਾ. ਮਨਜਿੰਦਰ ਸਿੰਘ,ਹਰਦਮ ਮਾਨ ਅਤੇ ਹੋਰ ਕਈ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਕਾਨਫਰੰਸ ਦੇ ਪ੍ਰਬੰਧਕਾਂ ਨੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ ।

## ਪੰਜਾਬ ਸਭ ਤੋਂ ...
**(ਪਹਿਲੇ ਸਫ਼ੇ ਦਾ ਬਾਕੀ)**

ਇੱਕ ਦਹਾਕੇ ਵਿੱਚ 2013-14 ਵਿੱਤੀ ਸਾਲ ਦੌਰਾਨ 357 ਕਰੋੜ ਦਾ ਸਭ ਤੋਂ ਵੱਧ ਪੂੰਜੀਗਤ ਖਰਚ ਹੋਇਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਸਾਬਕਾ ਖੇਡ ਮੰਤਰੀ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਪਦਮਸ੍ਰੀ ਪ੍ਰਗਟ ਸਿੰਘ ਨੇ ਕਿਹਾ ਸੀ ਕਿ ਖੇਡ ਵਿਭਾਗ ਕੋਲ ਖਿਡਾਰੀਆਂ ਲਈ ਹਾਫ ਪੈਂਟ ਖਰੀਦਣ ਲਈ ਵੀ ਪੈਸੇ ਨਹੀਂ ਹਨ।

ਪੂੰਜੀਗਤ ਖਰਚ ਉਸ ਪੈਸੇ ਨੂੰ ਦਰਸਾਉਂਦਾ ਹੈ ਜੋ ਸਰਕਾਰ ਲੰਬੇ ਸਮੇਂ ਦੀਆਂ ਭੌਤਿਕ ਸੰਪਤੀਆਂ ਨੂੰ ਪ੍ਰਾਪਤ ਕਰਨ ਜਾਂ ਬਣਾਉਣ ਜਾਂ ਭਵਿੱਖ ਦੇ ਲਾਭ ਪ੍ਰਦਾਨ ਕਰਨ ਵਾਲੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨ 'ਤੇ ਖਰਚ ਕਰਦੀ ਹੈ, ਜਿਵੇਂ ਕਿ ਆਰਥਿਕ ਵਿਕਾਸ ਜਾਂ ਆਪਣੇ ਕਰਜ਼ਿਆਂ ਦੀ ਅਦਾਇਗੀ ਸਿੱਖਿਆ, ਖੇਡਾਂ, ਅਤੇ ਕਲਾ ਅਤੇ ਸੱਭਿਆਚਾਰ 'ਤੇ ਪੂੰਜੀਗਤ ਖਰਚ ਵਿੱਚ ਨਵੇਂ ਸਕੂਲਾਂ, ਲਾਇਬ੍ਰੇਰੀਆਂ, ਖੇਡ ਕੰਪਲੈਕਸਾਂ, ਅਜਾਇਬ ਘਰਾਂ, ਵਿਦਿਅਕ ਉਪਕਰਣਾਂ ਦੀ ਪ੍ਰਾਪਤੀ ਅਤੇ ਖੋਜ ਸਹੂਲਤਾਂ ਵਿੱਚ ਨਿਵੇਸ਼ ਜਾਂ ਕਲਾਤਮਕ ਯਤਨਾਂ ਲਈ ਮਹੱਤਵਪੂਰਨ ਬੁਨਿਆਦੀ ਢਾਂਚੇ ਵਰਗੀਆਂ ਸਥਿਰ ਸੰਪਤੀਆਂ 'ਤੇ ਖਰਚ ਸ਼ਾਮਲ ਹੈ।

### ਸਾਲ 2022-23 ਦੌਰਾਨ ਪੰਜਾਬ 'ਤੇ ਸੀ ਜੀ.ਐੱਸ.ਡੀ.ਪੀ. ਦਾ 40.35 ਪ੍ਰਤੀਸ਼ਤ ਕਰਜ਼ਾ

ਕੈਗ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2022-23 ਵਿੱਚ ਪੰਜਾਬ ਦਾ ਕਰਜ਼ਾ ਇਸ ਦੇ ਕੁੱਲ ਰਾਜ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਦਾ 40.35 ਪ੍ਰਤੀਸ਼ਤ ਸੀ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਹ ਦਰ 15ਵੇਂ ਵਿੱਤ ਕਮਿਸ਼ਨ ਦੀ ਸੰਕੇਤਕ ਹੱਦ ਤੋਂ ਵੱਧ ਹੈ। ਮਾਰਚ 2023 ਤੱਕ ਪੰਜਾਬ ਦਾ ਕਰਜ਼ਾ ਇਸ ਦੇ ਜੀਐਸਡੀਪੀ ਦਾ 40.35 ਪ੍ਰਤੀਸ਼ਤ ਸੀ, ਜੋ ਕਿ ਸਾਰੇ ਰਾਜਾਂ ਵਿੱਚੋਂ ਸਭ ਤੋਂ ਵੱਧ ਹੈ। ਜੀਐੱਸਡੀਪੀ 6.85 ਲੱਖ ਕਰੋੜ ਸੀ ਜਦੋਂ ਕਿ ਕਰਜ਼ਾ 2.76 ਲੱਖ ਕਰੋੜ ਸੀ।

ਕੈਗ ਰਿਪੋਰਟ ਵਿੱਚ ਉਜਾਗਰ ਕੀਤਾ ਗਿਆ ਹੈ ਕਿ ਰਾਜ ਦੀਆਂ ਕੁੱਲ ਦੇਣਦਾਰੀਆਂ ਇਸ ਦੇ ਜੀ.ਐੱਸ.ਡੀ.ਪੀ. ਦਾ 45.86 ਪ੍ਰਤੀਸ਼ਤ ਸਨ, ਜੋ ਕਿ ਸਾਰੇ ਰਾਜਾਂ ਦੀਆਂ ਸੰਯੁਕਤ ਦੇਣਦਾਰੀਆਂ ਤੋਂ ਕਿਤੇ ਵੱਧ ਸਨ, ਜੋ ਕਿ 28 ਪ੍ਰਤੀਸ਼ਤ ਸੀ। ਉੱਚ ਕਰਜ਼ਾ ਅਨੁਪਾਤ ਖੇਤੀਬਾੜੀ-ਪ੍ਰਧਾਨ ਰਾਜ ਦੀ ਮਾੜੀ ਵਿੱਤੀ ਸਥਿਤੀ ਨੂੰ ਦਰਸਾਉਂਦਾ ਹੈ।

## ਚੀਨ ਨੇ ਕੀਤਾ....
**(ਪਹਿਲੇ ਸਫ਼ੇ ਦਾ ਬਾਕੀ)**

ਕਿਸੇ ਘਰੇਲੂ ਕੰਪਨੀ ਤੋਂ ਸੱਦੇ ਦੀ ਲੋੜ ਨਹੀਂ ਹੋਵੇਗੀ। ਸਰਕਾਰੀ ਸ਼ਿਨਹੂਆ ਖ਼ਬਰ ਏਜੰਸੀ ਅਨੁਸਾਰ, ਨਵੇਂ ਵੀਜ਼ਾ ਵਰਗ ਨੂੰ ਸਟੇਟ ਵਾਰ ਕੌਂਸਲ ਨੇ ਮਨਜ਼ੂਰੀ ਦੇ ਦਿੱਤੀ ਹੈ। ਮੌਜੂਦਾ ਵੀਜ਼ਾ ਦੇ ਮੁਕਾਬਲੇ 'ਕੇ-ਵੀਜ਼ਾ' ਧਾਰਕਾਂ ਨੂੰ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ। ਚੀਨ ਨੇ 40 ਤੋਂ ਵੱਧ ਦੇਸ਼ਾਂ ਦੇ ਸੈਲਾਨੀਆਂ ਲਈ ਲੰਬੇ ਸਮੇਂ ਦੇ ਪਰਵਾਸ ਲਈ ਵੀਜ਼ਾ ਮੁਕਤ ਦਾਖ਼ਲੇ ਦਾ ਐਲਾਨ ਕੀਤਾ ਹੈ।

## ਵੀਜ਼ਾ ਫ਼ੀਸ ਮਾਫ਼ੀ ਨਾਲ...
**(ਪਹਿਲੇ ਸਫ਼ੇ ਦਾ ਬਾਕੀ)**

ਪ੍ਰਧਾਨ ਮੰਤਰੀ ਨੇ ਟਾਸਕ ਫੋਰਸ ਦਾ ਗਠਨ ਕੀਤਾ ਸੀ। ਇਸਦੀ ਪ੍ਰਧਾਨਗੀ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਵਪਾਰ ਸਲਾਹਕਾਰ ਵਰੁਣ ਚੰਦਰਾ ਤੇ ਵਿਗਿਆਨ ਮੰਤਰੀ ਲਾਰਡ ਪੈਟ੍ਰਿਕ ਵੈਲੇਂਸ ਕਰਦੇ ਹਨ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਅਸੀਂ ਵੀਜ਼ਾ ਲਾਗਤ ਨੂੰ ਸਿਫ਼ਰ ਕਰਨ 'ਤੇ ਵਿਚਾਰ ਕਰ ਰਹੇ ਹਾਂ। ਅਸੀਂ ਉਨ੍ਹਾਂ ਲੋਕਾਂ ਦੇ ਸੰਬੰਧ 'ਚ ਗੱਲ ਕਰ ਰਹੇ ਹਾਂ, ਜਿਨ੍ਹਾਂ ਨੇ ਦੁਨੀਆ ਦੀਆਂ ਟੌਪ ਪੰਜ ਯੂਨੀਵਰਸਿਟੀਆਂ 'ਚ ਪੜ੍ਹਾਈ ਕੀਤੀ ਹੈ ਜਾਂ ਵੱਕਾਰੀ ਇਨਾਮ ਜਿੱਤੇ ਹਨ।

-ਇਸ ਲਈ ਖ਼ਾਸ ਹੈ ਚੀਨ ਦਾ 'ਕੇ-ਵੀਜ਼ਾ' ਇਹ 'ਕੇ-ਵੀਜ਼ਾ' ਵਿਦੇਸ਼ੀ ਨੌਜਵਾਨ ਹੁਨਰਮੰਦਾਂ ਤੇ ਵਿਗਿਆਨੀਆਂ ਲਈ ਉਪਲੱਬਧ ਹੋਵੇਗਾ।

-ਇਸਦੇ ਲਈ ਲਈ ਕਿਸੇ ਘਰੇਲੂ ਕੰਪਨੀ ਤੋਂ ਸੱਦੇ ਦੀ ਲੋੜ ਨਹੀਂ ਹੋਵੇਗੀ।

-ਨਵੇਂ ਵੀਜ਼ਾ ਵਰਗ ਨੂੰ ਸਟੇਟ ਕੌਂਸਲ ਨੇ ਮਨਜ਼ੂਰੀ ਦੇ ਦਿੱਤੀ ਹੈ।ਮੌਜੂਦਾ ਵੀਜ਼ਾ ਦੇ ਮੁਕਾਬਲੇ 'ਕੇ- ਵੀਜ਼ਾ ਧਾਰਕਾਂ ਨੂੰ ਮਿਲਣਗੀਆਂ ਕਈ ਸਹੂਲਤਾਂ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਬਰੈਂਪਟਨ ਵਿਚ 'ਸੀਰੀ' ਫ਼ਿਲਮ ਨੂੰ ਮਿ਼ਲਿਆ ਭਰਵਾਂ ਹੁੰਗਾਰਾ

**ਟੋਰਾਂਟੋ:** 'ਪ੍ਰੋਗਰੈਸਿਵ ਪੰਜਾਬੀ ਆਰਟਸ, ਥੀਏਟਰ ਐਂਡ ਹੈਰੀਟੇਜ (ਪਾਥ)' ਵੱਲੋਂ ਬਰੈਂਪਟਨ ਵਿਚ ਵਿਖਾਈ ਗਈ ਪੰਜਾਬੀ ਫ਼ਿਲਮ 'ਸੀਰੀ' ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿ਼ਲਿਆ ਅਤੇ ਦਰਸ਼ਕਾਂ ਵੱਲੋਂ ਫ਼ਿਲਮ ਦੀ ਕਹਾਣੀ ਅਤੇ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ ਗਈ। ਰਜੀਵ ਕੁਮਾਰ ਵੱਲੋਂ ਨਿਰਦੇਸ਼ਤ ਕੀਤੀ ਗਈ ਸੁਰਿੰਦਰ ਸ਼ਰਮਾ ਦੀ ਮੁੱਖ ਭੂਮਿਕਾ ਅਧੀਨ ਬਣੀ 'ਸੀਰੀ' ਫ਼ਿਲਮ ਨੂੰ 400 ਦੇ ਕਰੀਬ ਦਰਸ਼ਕਾਂ ਵੱਲੋਂ 'ਪਨਿ ਦਰੋਪ ਸਲਿਇਨਚਏ' ਦੇ ਮਾਹੌਲ ਵਿਚ ਵੇਖਿਆ ਗਿਆ ਅਤੇ ਇਸਦੀ ਤੁਲਨਾ ਪੰਜਾਬ ਦੀ ਮੌਜੂਦਾ ਸਥਿਤੀ ਨਾ਼ਲ ਕਰਦਿਆਂ ਹੋਇਆਂ ਬਹੁਤ ਸਾਰੇ ਦਰਸ਼ਕਾਂ ਵੱਲੋਂ ਕਿਹਾ ਗਿਆ ਕਿ ਇਸ ਫ਼ਿਲਮ ਵਿਚ "ਬਿਲਕੁਲ ਸੱਚ ਬਿਆਨਿਆ ਗਿਆ ਹੈ"।

ਸਮਾਗਮ ਦੇ ਸ਼ੁਰੂ ਵਿਚ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਇਸ ਗੱਲ ਦੀ ਸਿਫ਼ਤ ਕਰਨੀ ਬਣਦੀ ਹੈ ਕਿ ਸਾਡੇ ਕੁਝ ਸਾਥੀ ਮੰਡੀ ਦੀ ਦੌੜ ਵਿਚ ਪੈਣ ਦੀ ਬਜਾਇ ਸਮਾਜ ਨੂੰ ਸੇਧ ਦੇਣ ਵਾ਼ਲੇ ਸਾਹਿਤ ਅਤੇ ਕਲਾ-ਕ੍ਰਿਤਾਂ ਨਾ਼ਲ ਲੋਕਾਂ ਨੂੰ ਲੱਚਰਵਾਦ ਅਤੇ ਮਾਰੂ ਕਿਸਮ ਦੇ ਪ੍ਰਦੂਸ਼ਣ ਦਾ ਬਦਲ ਦੇ ਰਹੇ ਹਨ। ਸੁਰਿੰਦਰ ਸ਼ਰਮਾ ਨੇ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਲੋਕ-ਸਮਰਥਨ ਤੋਂ ਬਗੈਰ ਹੋਣੀਆਂ ਅਸੰਭਵ ਹਨ ਤੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ ਕਿ ਸਮੇਂ ਸਮੇਂ ਸਿਰ ਉਨ੍ਹਾਂ ਵੱਲੋਂ ਦਿੱਤੇ ਗਏ ਸਹਿਯੋਗ ਸਦਕਾ 'ਨਾਬਰ', 'ਚੰਮ', 'ਸੀਰੀ' ਆਦਿ ਫ਼ਿਲਮਾਂ ਬਣ ਸਕੀਆਂ ਹਨ ਅਤੇ ਆਉਣ ਵਾ਼ਲੀ ਫ਼ਿਲਮ 'ਤੇ ਕੰਮ ਹੋ ਰਿਹਾ ਹੈ। ਬਲਦੇਵ ਰਹਿਪਾ ਸਹਿਯੋਗੀ ਸੰਸਥਾਵਾਂ, ਸਪਾਂਸਰਾਂ, ਸਮੁੱਚੇ ਸਹਿਯੋਗੀ ਮੀਡੀਆ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਸਦਕਾ ਇਹ ਉਪਰਾਲਾ ਕਾਮਯਾਬ ਹੋ ਸਕਿਆ।









# ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਸਾਹਿਤਕ ਬੈਠਕ

**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਸਾਹਿਤਕ ਮਿਲਣੀ ਪੰਜਾਬ ਵਿਚ ਆਏ ਹੜ੍ਹਾਂ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਸਮਰਪਿਤ ਰਹੀ। ਇਸ ਮੌਕੇ ਪ੍ਰੋ. ਕਸ਼ਮੀਰਾ ਸਿੰਘ ਵੱਲੋਂ 'ਪੰਜਾਬ ਦਾ ਇਤਿਹਾਸ' ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਕੀਤੀ ਅਤੇ ਸਟੇਜ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ। ਪ੍ਰਧਾਨਗੀ ਮੰਡਲ ਵਿਚ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਐਡਵੋਕੇਟ ਹਾਕਮ ਸਿੰਘ ਭੁੱਲਰ ਅਤੇ ਲੇਖਕ ਹਰਚੰਦ ਸਿੰਘ ਬਾਗੜੀ ਸੁਸ਼ੋਭਿਤ ਹੋਏ।

ਸ਼ੋਕ ਮਤੇ ਵਿਚ ਸਭਾ ਵੱਲੋਂ ਹਾਸ-ਰਸ ਕਲਾਕਾਰ ਜਸਵਿੰਦਰ ਭੱਲਾ ਅਤੇ ਸਥਾਨਕ ਸਾਹਿਤਕਾਰ ਮੁਹਿੰਦਰ ਸੋਮਲ ਨੂੰ ਸਭਾ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਕਵੀ ਦਰਬਾਰ ਹੋਇਆ ਜਿਸ ਵਿਚ ਪਲਵਿੰਦਰ ਸਿੰਘ ਰੰਧਾਵਾ, ਪ੍ਰਿਤਪਾਲ ਗਿੱਲ, ਬਲਬੀਰ ਸਿੰਘ ਸੰਘਾ, ਹਰਚੰਦ ਸਿੰਘ ਗਿੱਲ, ਕਵਿੰਦਰ ਚਾਂਦ, ਗੁਰਮੀਤ ਸਿੰਘ ਕਾਲਕਟ, ਵੀਤਬਾਦ ਸ਼ਾਹਪੁਰੀ, ਗੁਰਪ੍ਰੀਤ ਸਿੰਘ ਕਾਲਸਾ, ਚਮਕੌਰ ਸਿੰਘ ਸੇਖੋਂ, ਇੰਦਰਜੀਤ ਸਿੰਘ ਧਾਮੀ, ਹਰਚੰਦ ਸਿੰਘ ਬਾਗੜੀ, ਪ੍ਰੋ: ਦਵਿੰਦਰ ਕੌਰ, ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਐਡਵੋਕੇਟ ਹਾਕਮ ਸਿੰਘ ਭੁੱਲਰ, ਕੈ.ਸ.ਕੂਨਰ, ਅਜਮੇਰ ਸਿੰਘ ਢਿੱਲੋਂ, ਤੋਂ ਇਲਾਵਾ ਹਾਜ਼ਰ ਸਰੋਤਿਆਂ ਵਿਚ ਅਵਤਾਰ ਸਿੰਘ ਢਿੱਲੋਂ, ਖੁ਼ਸ਼ਹਾਲ ਭੁੱਲਰ, ਕੁਲਦੀਪ ਗਿੱਲ, ਅਮਰੀਕ ਪਲਾਹੀ, ਪਰਮਿੰਦਰ ਕੌਰ ਬਾਗੜੀ, ਦਲਬਾਰਾ ਸਿੰਘ ਗਰਚਾ, ਸਰਵਨ ਸਿੰਘ ਧਾਲੀਵਾਲ, ਨਰਿੰਦਰ ਸਿੰਘ ਪੰਨੂ, ਨਿਰਮਲ ਗਿੱਲ, ਮਲਕੀਤ ਸਿੰਘ ਖੰਗੂੜਾ, ਕਮਿਕਰਜੀਤ ਜੌਹਲ, ਦਰਸ਼ਨ ਸਿੰਘ ਸਿੱਧੂ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਧਾਲੀਵਾਲ, ਸੁਖਦੇਵ ਸਿੰਘ ਹੁੰਦਲ, ਪ੍ਰੀਤਮ ਕੌਰ, ਸਚਦੇਵ ਸਿੰਘ ਆਦਿ ਸ਼ਾਮਿਲ ਸਨ। ਇਸ ਮੌਕੇ ਡਾਕਟਰ ਸ਼ਿੰਦਰਪੁਰੇ ਵਾਲੇ ਸਾਬਕਾ ਜੱਜ ਨੇ ਵੀ ਸ਼ਿਰਕਤ ਕੀਤੀ। ਅੰਤ ਵਿਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

*-ਰੁਪਿੰਦਰ ਖਹਿਰਾ ਰੂਪੀ*



# ਜੀ.ਐਸ.ਟੀ. ਸੁਧਾਰ ਆਤਮ-ਨਿਰਭਰ ਭਾਰਤ ਲਈ ਮਹੱਤਵਪੂਰਨ ਕਦਮ: ਮੋਦੀ

**ਨਵੀਂ ਦਿੱਲੀ:** ਸੋਧੀਆਂ ਹੋਈਆਂ ਜੀ ਐਸ ਟੀ ਦਰਾ ਲਾਗੂ ਹੋਣ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਤਸ਼ਾਹਿਤ ਕਰਨ ਦੀ ਜ਼ੋਰਦਾਰ ਵਕਾਲਤ ਕਰਦਿਆਂ ਕਿਹਾ ਕਿ ਉਹ ਸੁਧਾਰ ਭਾਰਤ ਦੀ ਵਿਕਾਸ ਕਹਾਣੀ ਨੂੰ ਤੇਜ਼ ਕਰਨਗੇ, ਕਾਰੋਬਾਰ ਕਰਨ 'ਚ ਆਸਾਨੀ ਨੂੰ ਬਿਹਤਰ ਬਣਾਉਣਗੇ ਤੇ ਹੋਰ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਗੇ। ਰਾਸ਼ਟਰ ਨੂੰ ਆਪਣੇ ਸੰਬੋਧਨ 'ਚ ਮੋਦੀ ਨੇ ਕਿਹਾ ਕਿ 'ਜੀ ਐੱਸ ਟੀ ਬੱਚਤ ਤਿਉਹਾਰ ਨਵਰਾਤਰਿਆਂ ਦੇ ਪਹਿਲੇ ਦਿਨ ਸ਼ੁਰੂ ਹੋਵੇਗਾ ਤੇ ਆਮਦਨ ਕਰ ਛੋਟਾਂ ਨਾਲ ਜਿਆਦਾਤਰ ਲੋਕਾਂ ਲਈ 'ਦੋਹਰਾ ਲਾਭ' ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਰਾਜ ਵਿਕਾਸ ਦੀ ਦੌੜ 'ਚ ਬਰਾਬਰ ਦੇ ਸੰਬੋਧਨ ਕ ਭਾਈਵਾਲ ਹੋਣਗੇ ਤੇ ਉਨ੍ਹਾਂ ਨੂੰ 'ਆਤਮਨਿਰਭਰ ਭਾਰਤ' ਤੇ ਸਵਦੇਸ਼ੀ ਮੁਹਿੰਮਾ ਅਨੁਸਾਰ ਨਿਰਮਾਣ ਨੂੰ ਤੇਜ਼ ਕਰਨ ਦੀ ਅਪੀਲ ਕੀਤੀ। ਨਵਰਾਤਰਿਆਂ ਦੇ ਪਹਿਲੇ ਦਿਨ ਦੇਸ਼ ਇਕ ਸਵੈ-ਨਿਰਭਰ ਭਾਰਤ ਵੱਲ ਇਕ ਮਹੱਤਵਪੂਰਨ ਤੇ ਵੱਡਾ ਕਦਮ ਚੁੱਕਣ ਲਈ ਤਿਆਰ ਹੈ। 22 ਸਤੰਬਰ ਨੂੰ ਸੂਰਜ ਚੜ੍ਹਨ ਦੇ ਨਾਲ ਹੀ ਅਗਲੀ ਪੀੜ੍ਹੀ ਦੇ ਜੀ ਐੱਸ ਟੀ ਸੁਧਾਰ ਲਾਗੂ ਹੋਣਗੇ। 'ਜੀ ਐੱਸ ਟੀ ਬੱਚਤ ਤਿਉਹਾਰ' ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ, ਤੁਸੀਂ ਆਸਾਨੀ ਨਾਲ ਖਰੀਦ ਸਕੇਰੀ ਜਿਨ੍ਹ ਜਿਨ੍ਹਾਂ ਦੀਕਰ ਤੁਹਾਨੂੰ ਲੋੜ ਹੈ।" 'ਇਸ ਨਾਲ ਗਰੀਬਾਂ, ਮੱਧ ਮਾਂ ਵਰਗ, ਨਵੇਂ ਮੱਧ ਵਰਗ, ਨੌਜਵਾਨਾਂ, ਨ ਕਿਸਾਨਾਂ, ਔਰਤਾਂ, ਵਪਾਰੀਆਂ ਅਤੇ ਨੇ ਦੁਕਾਨਦਾਰਾਂ ਨੂੰ ਫਾਇਦਾ ਹੋਵੇਗਾ।' ਮੋਦੀ ਨੇ ਨੂੰ ਕਿਹਾ ਕਿ ਇਸ ਤਿਉਹਾਰੀ ਸੀਜ਼ਨ ਵਿੱਚ ਹਰ ਕੋਈ ਖੁਸ਼ ਹੋਵੇਗਾ। ਉਨ੍ਹਾਂ ਨੇ ਜੀ ਐੱਸ ਟੀ ਸੁਧਾਰਾਂ ਦੀ ਅਗਲੀ ਪੀੜ੍ਹੀ ਲਈ ਸਾਰਿਆਂ ਨੂੰ ਵਧਾਈ ਦਿੱਤੀ। ਮੋਦੀ ਨੇ ਕਿਹਾ, 'ਇਹ ਸੁਧਾਰ ਭਾਰਤ ਦੀ ਵਿਕਾਸ ਕਹਾਣੀ ਨੂੰ ਤੇਜ਼ ਕਰਨਗੇ, ਕਾਰੋਬਾਰ ਕਰਨ ਵਿੱਚ ਆਸਾਨੀ ਵਧਾਉਣਗੇ ਅਤੇ ਹੋਰ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਗੇ।' ਉਨ੍ਹਾਂ ਕਿਹਾ ਕਿ ਜਦੋਂ ਭਾਰਤ ਨੇ 2017 ਵਿਚ ਜੀ. ਐੱਸ. ਟੀ. ਸੁਧਾਰ ਪੇਸ਼ ਕੀਤੇ ਸਨ, ਤਾਂ ਇਹ ਇਤਿਹਾਸ ਰਚਣ ਦੀ ਇੱਕ ਨਵੀਂ ਸ਼ੁਰੂਆਤ ਸੀ। ਉਨ੍ਹਾਂ ਕਿਹਾ ਕਿ ਜੀ. ਐਸ. ਟੀ.ਨੇ 'ਇਕ ਰਾਸ਼ਟਰ, ਇਕ ਟੈਕਸ' ਦੇ ਸੁਪਨੇ ਨੂੰ ਸਾਕਾਰ ਕੀਤਾ ਹੈ। ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਟੈਕਸਾਂ ਅਤੇ ਟੋਲਾਂ ਦੇ ਜਾਲ ਨੇ ਕਾਰੋਬਾਰਾਂ ' ਅਤੇ ਖਪਤਕਾਰਾਂ ਲਈ ਸਮੱਸਿਆਵਾਂ ਕਿਵੇਂ ਪੈਦਾ ਕੀਤੀਆਂ ਹਨ।12 ਲੱਖ ਰੁਪਏ ਤੱਕ ਦੀ ਆਮਦਨ 'ਤੇ ਆਮਦਨ ਟੈਕਸ ਛੋਟ ਅਤੇ ਜੀ. ਐੱਸ. ਟੀ. ਸੁਧਾਰਾਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਗਰੀਬਾਂ, ਨਵੇਂ ਮੱਧ ਵਰਗ ਅਤੇ ਮੱਧ ਵਰਗ ਲਈ 'ਦੋਹਰੀ ਜਿੱਤ' ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੀ. ਐੱਸ. ਟੀ. ਕਦਮ ਐੱਮ. ਐੱਸ. ਐੱਮ. ਈ. ਨੂੰ ਬਹੁਤ ਲਾਭ ਪਹੁੰਚਾਏਗਾ। ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਸਵਦੇਸ਼ੀ ਚੀਜ਼ਾਂ ਵੇਚਣ ਅਤੇ ਖਰੀਦਣ ਵਿੱਚ ਰੋ। ਮਾਣ ਕਰਨ ਦੀ ਅਪੀਲ ਕੀਤੀ। ਜਿਵੇਂ ਸਵਦੇਸ਼ੀ ਨੇ ਦੇਸ਼ ਦੀ ਆਜ਼ਾਦੀ ਨੂੰ ਮਜ਼ਬੂਤ ਕੀਤਾ, ਉਨ੍ਹਾਂ ਕਿਹਾ ਕਿ ਸਵਦੇਸ਼ੀ ਦਾ ਮੰਤਰ ਭਾਰਤ ਦੀ ਖੁਸ਼ਹਾਲੀ ਨੂੰ ਮਜ਼ਬੂਤ ਕਰੇਗਾ ਕਿਉਂਕਿ ਇਹ ਲਹਿਰ ਜਾਰੀ ਰਹੇਗੀ। ਰਸੋਈ ਦੇ ਭਾਂਡਿਆਂ ਤੋਂ ਲੈ ਕੇ ਇਲੈਕਟ੍ਰਾਨਿਕਸ ਤੱਕ, ਦਵਾਈਆਂ ਅਤੇ ਉਪਕਰਨਾਂ ਤੋਂ ਲੈ ਕੇ ਆਟੋਮੋਬਾਈਲ ਤੱਕ, ਲਗਭਗ 375 ਵਸਤੂਆਂ 'ਤੇ ਘੱਟ ਜੀ ਐੱਸ ਟੀ ਦਰਾਂ ਲਾਗੂ ਹੋਣ ਨਾਲ ਸੋਮਵਾਰ ਤੋਂ ਵਸਤੂਆਂ ਅਤੇ ਸੇਵਾਵਾਂ ਸਸਤੀਆਂ ਹੋ ਜਾਣਗੀਆਂ।ਕੇਂਦਰ ਅਤੇ ਰਾਜਾਂ ਦੀ ਜੀ. ਐੱਸ. ਟੀ. ਕੌਂਸਲ ਨੇ ਖਪਤਕਾਰਾਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ ਹੈ, ਜਿਸ ਵਿੱਚ 22 ਸਤੰਬਰ, ਨਵਰਾਤਰੀ ਦੇ ਪਹਿਲੇ ਦਿਨ ਤੋਂ ਵਸਤੂਆਂ ਅਤੇ ਸੇਵਾਵਾਂ 'ਤੇ ਟੈਕਸ-ਦਰਾਂ ਘਟਾ ਦਿੱਤੀਆਂ ਗਈਆਂ। ਜੀ ਐੱਸ ਟੀ ਹੁਣ ਦੋ-ਪੱਧਰੀ ਹੋਵੇਗਾ, ਜਿਸ ਵਿੱਚ ਜ਼ਿਆਦਾਤਰ ਵਸਤੂਆਂ ਅਤੇ ਸੇਵਾਵਾਂ 'ਤੇ 5 ਅਤੇ 18 ਪ੍ਰਤੀਸ਼ਤ ਟੈਕਸ ਲਗਾਇਆ ਜਾਵੇਗਾ। ਅਤਿ-ਲਗਜ਼ਰੀ ਵਸਤੂਆਂ 'ਤੇ 40 ਪ੍ਰਤੀਸ਼ਤ ਟੈਕਸ ਲਗਾਇਆ ਜਾਵੇਗਾ, ਜਦੋਂ ਕਿ ਤੰਬਾਕੂ ਅਤੇ ਸੰਬੰਧਿਤ ਉਤਪਾਦ 28 ਪ੍ਰਤੀਸ਼ਤ ਸ਼੍ਰੇਣੀ ਪਲੱਸ ਸੈੱਸ ਵਿਚ ਰਹਿਣਗੇ।




Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ!

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੂਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

BUSINESS SERVICES & BROKERAGE
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ

TEAM MAXSPURT

8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)



Amarjit Dhillon
(Business Development Manager)
Maxspurt-LIBRA



Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending , real estate, and insurance under applicable Texas laws

# ਐਚ-1ਬੀ ਵੀਜ਼ੇ ਲਈ ਦੇਣੇ ਪੈਣਗੇ ਇਕ ਲੱਖ ਡਾਲਰ

## ਨਵੇਂ ਨਿਯਮਾਂ ਨੂੰ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ:**ਅਮਰੀਕਾ ਤੇ ਭਾਰਤ ਵਿਚਾਲੇ ਟੈਰਿਫ ਨੂੰ ਲੈ ਕੇ ਚੱਲ ਰਹੇ ਤਣਾਅ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਲੈ ਕੇ ਨਵਾਂ ਐਲਾਨ ਕਰ ਦਿੱਤਾ ਹੈ। ਇਸ ਮੁਤਾਬਕ ਕੰਪਨੀਆ ਨੂੰ ਐਚ-1ਬੀ ਵੀਜ਼ਾ ਰੱਖਣ ਵਾਲੇ ਮੁਲਾਜ਼ਮਾਂ ਲਈ ਹਰ ਸਾਲ ਇਕ ਲੱਖ ਡਾਲਰ (ਕਰੀਬ 88 ਲੱਖ ਰੁਪਏ) ਦਾ ਭੁਗਤਾਨ ਕਰਨਾ ਪਵੇਗਾ। ਇਹ ਫੀਸ ਅਮਰੀਕੀ ਸਰਕਾਰ ਵਸੂਲੇਗੀ ਜਿਹੜੀ ਵੀਜ਼ੇ ਨੂੰ ਮਨਜ਼ੂਰੀ

ਦੇਣ ਲਈ ਲਾਜ਼ਮੀ ਹੋਵੇਗੀ। 21 ਸਤੰਬਰ ਦੀ ਰਾਤ 12.01 ਵਜੇ ਤੋਂ ਲਾਗੂ ਹੋਣ ਵਾਲੇ ਇਸ ਆਦੇਸ਼ ਨਾਲ ਜਿੱਥੇ ਹੜਕੰਪ ਮਚਿਆ ਹੋਇਆ ਸੀ, ਉੱਥੇ ਅਮਰੀਕਾ 'ਚ ਹੀ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਸੀ। ਕੰਪਨੀਆਂ ਨੇ ਅਮਰੀਕਾ ਤੋਂ ਬਾਹਰ ਗਏ ਐਚ-1ਬੀ ਵੀਜ਼ਾ ਧਾਰਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ 24 ਘੰਟਿਆਂ 'ਚ ਵਾਪਸ ਪਰਤਣ ਲਈ ਕਿਹਾ ਸੀ, ਵਰਨਾ ਉਨ੍ਹਾਂ ਨੂੰ ਅਮਰੀਕਾ 'ਚ ਦਾਖ਼ਲੇ ਤੋਂ ਰੋਕਿਆ ਜਾ ਸਕਦਾ ਹੈ। ਮਾਇਕੋਸਾਫਟ ਤੇ ਜੇਪੀ ਮਾਰਗਨ ਨੇ ਐਚ-1ਬੀ ਵੀਜ਼ਾ ਵਾਲੇ ਮੁਲਾਜ਼ਮਾਂ ਨੂੰ ਅਮਰੀਕਾ 'ਚ ਰਹਿਣ ਦੀ ਸਲਾਹ ਦਿੱਤੀ ਹੈ।

ਵੀਜ਼ਾ ਪ੍ਰੋਗਰਾਮ 'ਚ ਬਦਲਾਅ ਦੇ ਐਲਾਨ ਤੋਂ ਬਾਅਦ ਛੁੱਟੀਆਂ ਲਈ ਘਰ ਪਰਤ ਰਹੇ ਭਾਰਤੀ ਪੇਸ਼ੇਵਰਾਂ ਦੇ ਸਾਨ ਫ੍ਰਾਂਸਿਸਕੋ ਹਵਾਈ ਅੱਡੇ 'ਤੇ ਜਹਾਜ਼ ਤੋਂ ਉਤਰਣ ਦੀਆਂ ਖ਼ਬਰਾਂ ਆਈਆਂ। ਟਰੰਪ ਦੀ ਇਸ ਸਖ਼ਤੀ ਨਾਲ ਟੈਕਨਾਲੋਜੀ ਕੰਪਨੀਆਂ 'ਚ ਭਾਰੀ ਨਾਰਾਜ਼ਗੀ ਹੈ। ਨਵੇਂ ਵੀਜ਼ਾ ਨਿਯਮਾਂ ਨੂੰ ਲੈ ਕੇ ਵੱਡੇ ਪੱਧਰ 'ਤੇ ਹਫੜਾ-ਦਫੜੀ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਵੀਜ਼ਾਧਾਰਕਾਂ ਨੂੰ ਜਲਦ ਅਮਰੀਕਾ ਮੁੜਨ ਦੀ ਲੋੜ ਨਹੀਂ। ਏਐੱਨਆਈ ਮੁਤਾਬਕ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਕ ਲੱਖ ਡਾਲਰ ਦੀ ਸਾਲਾਨਾ ਫੀਸ ਨਵੀਆਂ ਐਚ-1 ਬੀ ਵੀਜ਼ਾ ਅਰਜ਼ੀਆਂ 'ਤੇ ਲਾਗੂ ਹੋਵੇਗੀ। ਮੌਜੂਦਾ ਵੀਜ਼ਾ ਧਾਰਕਾਂ ਨੂੰ ਇਸ ਦੇ ਨਵੀਨੀਕਰਨ ਲਈ ਇਹ ਫੀਸ ਨਹੀਂ ਦੇਣੀ ਪਵੇਗੀ। ਜੋ ਲੋਕ ਇਹ ਵੀਜ਼ਾ ਰੱਖਦੇ ਹਨ ਚਾਹੇ ਉਹ ਭਾਰਤ 'ਚ ਹੋਣ ਜਾਂ ਵਿਦੇਸ਼ 'ਚ,ਉਨ੍ਹਾਂ ਨੂੰ ਇਕ ਲੱਖ ਡਾਲਰ ਦੀ ਭਾਰੀ ਫੀਸ ਦੇਣ ਦੀ ਲੋੜ ਨਹੀਂ। ਇਸ ਤੋਂ ਪਹਿਲਾਂ ਭਾਰਤ ਨੇ ਭਾਰਤੀ ਪੇਸ਼ੇਵਾਰਾਂ ਨੂੰ ਹੋਣ ਵਾਲੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਆਪਣੇ ਸਾਰੇ ਮਿਸ਼ਨਾਂ ਤੇ ਦੂਤਘਰਾਂ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਅਗਲੇ 24 ਘੰਟਿਆਂ 'ਚ ਅਮਰੀਕਾ ਮੁੜਨ ਵਾਲੇ ਸਾਰੇ ਭਾਰਤੀਆਂ ਦੀ ਹਰ ਸੰਭਵ ਮਦਦ ਕਰਨ।




ਟਰੰਪ ਨੇ ਸ਼ੁੱਕਰਵਾਰ ਨੂੰ ਗ਼ੈਰ-ਪਰਵਾਸੀ ਮਜ਼ਦੂਰਾਂ ਦੇ ਦਾਖ਼ਲੇ 'ਤੇ ਪਾਬੰਦੀ ਨਾਂ ਦਾ ਆਦੇਸ਼ ਜਾਰੀ ਕੀਤਾ। ਇਸ ਤੋਂ ਬਾਅਦ ਐਚ-1ਬੀ ਵੀਜ਼ਾ ਰੱਖਣ ਵਾਲੇ ਪੇਸ਼ੇਵਰ ਜੇਕਰ ਅਮਰੀਕਾ ਤੋਂ ਬਾਹਰ ਹਨ ਤਾਂ ਉਨ੍ਹਾਂ ਨੂੰ ਇਸ ਫੀਸ ਦਾ ਭੁਗਤਾਨ ਕਰਨ ਦੇ ਬਾਅਦ ਹੀ ਦਾਖ਼ਲੇ ਦੀ ਇਜਾਜ਼ਤ ਦਿੱਤੀ ਜਾਏਗੀ। ਅਮਰੀਕਾ 'ਚ ਪਹਿਲਾਂ ਤੋਂ ਮੌਜੂਦ ਮਜ਼ਦੂਰਾਂ 'ਤੇ ਤਤਕਾਲ ਅਸਰ ਨਹੀਂ ਪਵੇਗਾ, ਪਰ ਨਵੀਨੀਕਰਨ ਲਈ ਵੀ ਇਹੀ ਫੀਸ ਲਾਗੂ ਹੋਵੇਗੀ। ਇਸ ਸਮੇਂ ਐਚ-1ਬੀ ਵੀਜ਼ਾ ਅਰਜ਼ੀਕਾਰਾਂ ਨੂੰ ਸਪਾਂਸਰ ਕਰਨ ਲਈ ਕੰਪਨੀਆਂ ਵਲੋਂ ਭੁਗਤਾਨ ਕੀਤੀ ਜਾਣ ਵਾਲੀ ਫੀਸ ਲਗਪਗ ਦੋ ਹਜ਼ਾਰ ਤੋਂ ਪੰਜ ਹਜ਼ਾਰ ਡਾਲਰ ਤੱਕ ਹੁੰਦੀ ਹੈ। ਇਹ ਮਾਲਿਕ ਦੇ ਆਕਾਰ ਤੇ ਹੋਰ ਲਾਗਤਾਂ 'ਤੇ ਨਿਰਭਰ ਕਰਦੀ ਹੈ। ਭਾਰਤੀ ਟੈਕਨਾਲੋਜੀ ਪੇਸ਼ੇਵਰਾਂ 'ਚ ਹਰਮਨ ਪਿਆਰਾ ਐਚ-1ਬੀ ਵੀਜ਼ਾ ਤਿੰਨ ਸਾਲਾਂ ਲਈ ਜਾਇਜ਼ ਹੁੰਦਾ ਹੈ ਤੇ ਇਸ ਦਾ ਤਿੰਨ ਹੋਰ ਸਾਲਾਂ ਲਈ ਨਵੀਨੀਕਰਨ ਕੀਤਾ ਜਾ ਸਕਦਾ ਹੈ। ਗ਼ੈਰ-ਪਰਵਾਸੀ ਮਜ਼ਦੂਰ ਦੇ ਦਾਖ਼ਲੇ 'ਤੇ ਪਾਬੰਦੀ ਆਦੇਸ਼ 'ਤੇ ਦਸਤਖ਼ਤ ਕਰਨ ਤੋਂ ਬਾਅਦ ਟਰੰਪ ਨੇ ਕਿਹਾ ਕਿ ਹੁਣ ਵੱਡੀਆਂ ਟੈਕਨਾਲੋਜੀ ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਨੂੰ ਅਮਰੀਕੀ ਸਰਕਾਰ ਨੂੰ ਇਕ ਲੱਖ ਡਾਲਰ ਤੇ ਕਾਮਿਆਂ ਨੂੰ ਤਨਖ਼ਾਹ ਵੀ ਦੇਣੀ ਪਵੇਗੀ। ਇਹ ਫ਼ਾਇਦੇਮੰਦ ਨਹੀਂ ਰਹੇਗਾ। ਵਣਜ ਮੰਤਰੀ ਹਾਰਵਰਡ ਲੁਟਨਿਕ ਨੇ ਕਿਹਾ ਕਿ ਜੇਕਰ ਕੰਪਨੀਆਂ ਨੇ ਸਿਖਲਾਈ ਦੇਣੀ ਹੈ, ਤਾਂ ਉਨ੍ਹਾਂ ਨੂੰ ਅਮਰੀਕੀ ਯੂਨੀਵਰਸਿਟੀਆਂ ਤੋਂ ਪਾਸ ਅਮਰੀਕੀ ਨੌਜਵਾਨਾਂ ਨੂੰ ਸਿਖਲਾਈ ਦੇਣੀ ਪਵੇਗੀ। ਉਨ੍ਹਾਂ ਨੂੰ ਬਾਹਰ ਤੋਂ ਲੋਕਾਂ ਨੂੰ ਲਿਆ ਕੇ ਸਾਡੇ ਨਾਗਰਿਕਾਂ ਦੀ ਨੌਕਰੀ ਖੋਹਣੀ ਬੰਦ ਕਰਨੀ ਹੋਵੇਗੀ।

## ਮੁਲਾਜ਼ਮਾਂ ਤੋਂ ਲੈ ਕੇ ਸਾਫਟਵੇਅਰ ਬਰਾਮਦ ਤੱਕ ਪਵੇਗਾ ਅਸਰ

ਟਰੰਪ ਪ੍ਰਸ਼ਾਸਨ ਦਾ ਇਹ ਫ਼ੈਸਲਾ ਸਭ ਤੋਂ ਜ਼ਿਆਦਾ ਭਾਰਤ ਨੂੰ ਪ੍ਰਭਾਵਿਤ ਕਰਨ ਜਾ ਰਿਹਾ ਹੈ। ਅਜਿਹੇ 'ਚ ਐਚ-1ਬੀ ਵੀਜ਼ੇ ਨੂੰ ਲੈ ਕੇ ਲਾਗੂ ਨਵਾਂ ਨਿਯਮ ਕਰੀਬ 200 ਅਰਬ ਡਾਲਰ ਦੀ ਭਾਰਤੀ ਸਾਫਟਵੇਅਰ ਬਰਾਮਦ 'ਤੇ ਵੀ ਉਲਟਾ ਅਸਰ ਪਾ ਸਕਦਾ ਹੈ। ਐਚ-1ਬੀ ਵੀਜ਼ਾ ਲੈ ਕੇ ਅਮਰੀਕੀ ਕੰਪਨੀਆਂ (ਮੇਟਾ, ਗੂਗਲ, ਐਮਾਜ਼ਨ, ਮਾਇਕ੍ਰੋਸਾਫਟ ਆਦਿ) 'ਚ ਸਿੱਧੇ ਤੌਰ 'ਤੇ ਕੰਮ ਕਰਨ ਵਾਲੇ ਭਾਰਤੀਆਂ ਜਾਂ ਭਾਰਤੀ ਸਾਫਟਵੇਅਰ ਕੰਪਨੀਆਂ (ਇੰਫੋਸਿਸ, ਐਚਸੀਐੱਲ, ਵਿਪਰੋ ਆਦਿ) 'ਚ ਕੰਮ ਕਰਨ ਵਾਲੇ ਭਾਰਤੀ ਆਈਟੀ ਇੰਜੀਨੀਅਰਾਂ ਲਈ ਵੀ ਗ਼ੈਰਯਕੀਨੀ ਪੈਦਾ ਹੋ ਗਈ ਹੈ।ਇਸਦੇ ਇਲਾਵਾ ਦਰਜਨਾਂ ਛੋਟੀਆਂ-ਵੱਡੀਆਂ ਆਈਟੀ ਕੰਪਨੀਆਂ ਹਨ ਜਿਹੜੀਆਂ ਅਮਰੀਕੀ ਗਾਹਕਾਂ ਨੂੰ ਆਪਣੀਆਂ ਸੇਵਾਵਾਂ ਦਿੰਦੀਆਂ ਹਨ। ਉਨ੍ਹਾਂ 'ਤੇ ਵੀ ਅਸਿੱਧੇ ਤੌਰ 'ਤੇ ਅਸਰ ਪਵੇਗਾ। ਇਹ ਆਈਟੀ ਸੈਕਟਰ 'ਚ ਰੁਜ਼ਗਾਰ ਦੀ ਭਾਲ ਕਰਨ ਵਾਲੇ ਭਾਰਤੀ ਪੇਸ਼ੇਵਰਾਂ ਦੇ ਬਦਲਾਂ ਨੂੰ ਸੀਮਤ ਕਰ ਸਕਦਾ ਹੈ।

# ਕਿਰਕ ਦੀ ਹੱਤਿਆ ਤੋਂ ਬਾਅਦ ਟਰੰਪ ਨੇ ਅਮਰੀਕਾ ਨੂੰ ਵੰਡ ਦਿੱਤਾ: ਓਬਾਮਾ

**ਸਾਨ ਫਰਾਂਸਿਸਕੋ:**ਪੈਨਸਲਵੇਨੀਆਂ ਦੀ ਇਕ ਐਜੂਕੇਸ਼ਨ ਸੁਸਾਇਟੀ ਵਲੋਂ ਕਰਵਾਏ ਇਕ ਪ੍ਰੋਗਰਾਮ ਦੌਰਾਨ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਦੀ ਹੱਤਿਆ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਨੂੰ ਇਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ ਜਿਥੇ ਕ ਲੋਕਾਂ ਦਰਮਿਆਨ ਇੱਕਜੁਟਤਾ ਦੀ ਬਜਾਏ ਦੇਸ਼ ਨੂੰ ਹੋਰ ਵੰਡ ਦਿੱਤਾ ਹੈ। ਬਾਰਾਕ ਉਬਾਮਾ, ਜਿਨ੍ਹਾਂ ਰਾਸ਼ਟਰਪਤੀ ਅਹੁਦਾ ਛੱਡਣ ਤੋਂ ਬਾਅਦ ਵਧੇਰੇ ਕਰਕੇ ਆਪਣੇ ਆਪ ਨੂੰ ਚੁੱਪ ਰੱਖਿਆ ਹੈ, ਨੇ ਦੇਰ ਬਾਅਦ ਕਿਰਕ ਦੀ ਹੱਤਿਆ ਤੋਂ ਬਾਅਦ ਟਰੰਪ ਦੀ ਬਿਆਨਬਾਜ਼ੀ ਦੇ ਨਾਲ-ਨਾਲ ਹੋਰ ਪ੍ਰਸ਼ਾਸਕੀ ਕਾਰਵਾਈਆਂ ਨੂੰ ਨਿਸ਼ਾਨਾ ਬਣਾਇਆ।



ਕਿਰਕ ਦੀ ਹੱਤਿਆ ਤੋਂ ਬਾਅਦ ਟਰੰਪ ਨੇ ਕੱਟੜਪੰਥੀ ਖੱਬੇ-ਪੱਖੀ ਵਜੋਂ ਵਰਣਨ ਕੀਤੇ ਜਾਣ ਵਾਲੇ ਲੋਕਾਂ 'ਤੇ ਕਾਰਵਾਈ ਕਰਨ ਦੀਆਂ ਧਮਕੀਆਂ ਵਧਾ ਦਿੱਤੀਆਂ ਹਨ, ਜਿਸ ਨਾਲ ਇਹ ਡਰ ਪੈਦਾ ਹੋਇਆ ਕਿ ਰਿਪਬਲਿਕਨ ਪ੍ਰਸ਼ਾਸਨ ਰਾਜਨੀਤਿਕ ਵਿਰੋਧ ਨੂੰ ਦਬਾਉਣ ਲਈ ਕਤਲ ਦੇ ਮਾਮਲੇ 'ਤੇ ਗੁੱਸੇ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਧਰ ਵ੍ਹਾਈਟ ਹਾਊਸ ਦੀ ਵਕਤਾ ਅਬੀਗੈਲ ਜੈਕਸਨ ਨੇ ਇਕ ਬਿਆਨ 'ਚ ਕਿਹਾ ਕਿ ਓਬਾਮਾ ਨੇ ਵੰਡ ਪਾਉਣ ਤੇ ਅਮਰੀਕੀਆਂ ਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕਰਨ ਲਈ ਹਰ ਮੌਕੇ ਦੀ ਵਰਤੋਂ ਕੀਤੀ ਤੇ ਉਨ੍ਹਾਂ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਵਧੇਰੇ ਅਮਰੀਕੀਆਂ ਨੇ ਮਹਿਸੂਸ ਕੀਤਾ ਕਿ ਓਬਾਮਾ ਨੇ ਦੇਸ਼ ਨੂੰ ਇੱਕਜੁੱਟ ਕਰਨ ਦੀ ਬਜਾਏ ਵੰਡਿਆ ਹੀ ਹੈ।

# ਕੁੱਤੇ-ਬਿੱਲੀ ਕਾਰਨ ਤਲਾਕ ਦੀ ਆਈ ਨੌਬਤ

**ਭੋਪਾਲ:**ਫੈਮਿਲੀ ਕੋਰਟ ਭੋਪਾਲ 'ਚ ਇਕ ਅਜੀਬ ਮਾਮਲਾ ਪੁੱਜਾ ਹੈ। ਆਈ.ਟੀ. ਸੈਕਟਰ 'ਚ ਕੰਮ ਕਰ ਰਹੇ ਇੰਜੀਨੀਅਰ ਪਤੀ- ਪਤਨੀ ਨੇ ਇਕ ਦੂਜੇ ਤੋਂ ਵੱਖ ਹੋਣ ਲਈ ਅਰਜ਼ੀ ਦਿੱਤੀ ਹੈ। ਪਤੀ-ਪਤਨੀ ਦੋਵਾਂ ਨੂੰ ਪਾਲਤੂ ਜਾਨਵਰਾਂ ਨਾਲ ਪਿਆਰ ਹੈ। ਦੋਵੇਂ ਪਾਲਤੂ ਜਾਨਵਰਾਂ ਨੂੰ ਬਚਾਉਣ ਲਈ ਇਕ ਅੰਦੋਲਨ 'ਚ ਹੀ ਮਿਲੇ ਸਨ। ਦੋਵਾਂ ਵਿਚਾਲੇ ਦੋਸਤੀ ਹੋਈ, ਪਿਆਰ ਵਧਿਆ ਤੇ ਦਸੰਬਰ, 2024 'ਚ ਉਨ੍ਹਾਂ ਨੇ ਵਿਆਹ ਕਰਵਾ ਲਿਆ। ਕੁੜੀ ਉੱਤਰ ਪ੍ਰਦੇਸ਼ ਦੀ ਅਤੇ ਮੁੰਡਾ ਭੋਪਾਲ ਦਾ ਰਹਿਣ ਵਾਲਾ ਹੈ। ਹੁਣ ਦੋਵਾਂ ਵਿਚਾਲੇ ਉਨ੍ਹਾਂ ਦੇ ਕੁੱਤੇ ਤੇ ਬਿੱਲੀ ਕਾਰਨ ਵਿਵਾਦ ਵਧ ਗਿਆ ਹੈ ਅਤੇ ਲੜਾਈ ਤਲਾਕ ਤੱਕ ਪੁੱਜ ਗਈ ਹੈ। ਕੁੜੀ ਵਿਆਹ ਤੋਂ ਬਾਅਦ ਆਪਣੇ ਨਾਲ ਪਾਲਤੂ ਬਿੱਲੀ ਲੈ ਕੇ ਆਈ ਸੀ। ਮੁੰਡੇ ਕੋਲ ਪਹਿਲਾਂ ਤੋਂ ਹੀ ਕੁੱਤੇ, ਮੱਛੀ ਤੇ ਖਰਗੋਸ਼ ਹਨ। ਦੋਵਾਂ ਵਿਚਾਲੇ ਸ਼ੁਰੂ 'ਚ ਇਕ-ਦੂਜੇ ਦੇ ਜਾਨਵਰਾਂ ਦੀ ਦੇਖਭਾਲ ਨੂੰ ਲੈ ਕੇ ਸਹਿਮਤੀ ਰਹੀ, ਪਰ ਬਾਅਦ 'ਚ ਝਗੜਾ ਹੋਣ ਲੱਗਾ। ਪਤੀ ਨੇ ਕੌਂਸਲਿੰਗ 'ਚ ਦੱਸਿਆ ਕਿ ਪਤਨੀ ਦੀ ਬਿੱਲੀ ਉਸ ਦੇ ਜਾਨਵਰਾਂ ਦਾ ਖਾਣਾ ਖਾ ਜਾਂਦੀ ਹੈ ਤੇ ਪੂਰਾ ਦਿਨ ਮਿਆਊਂ-ਮਿਆਊਂ ਕਰਦੀ ਹੈ। ਮੱਛੀਆਂ ਨੂੰ ਸ਼ਿਕਾਰ ਬਣਾਉਣ ਦੀ ਕੋਸ਼ਿਸ਼ 'ਚ ਰਹਿੰਦੀ ਹੈ। ਬਿੱਲੀ ਨੂੰ ਘਰ 'ਚ ਰੱਖਣਾ ਮੁਸ਼ਕਲ ਹੋ ਰਿਹਾ ਹੈ। ਉਧਰ, ਪਤਨੀ ਦਾ ਕਹਿਣਾ ਹੈ ਕਿ ਪਤੀ ਦਾ ਕੁੱਤਾ ਪੂਰਾ ਦਿਨ ਉਸ ਦੀ ਬਿੱਲੀ ਨੂੰ ਭੌਂਕ-ਭੌਂਕ ਕੇ ਡਰਾਉਂਦਾ ਹੈ। ਉਹ ਬਿੱਲੀ ਦੇ ਬਿਨਾਂ ਨਹੀਂ ਰਹਿ ਸਕਦੀ। ਇਸ ਕਾਰਨ ਪਤੀ ਦੇ ਨਾਲ ਰਹਿਣਾ ਮੁਸ਼ਕਲ ਹੋ ਰਿਹਾ ਹੈ। ਕੁੱਤੇ-ਬਿੱਲੀ ਦਾ ਵਿਵਾਦ ਇਸ ਕਦਰ ਵਧਿਆ ਕਿ ਪਤੀ-ਪਤਨੀ ਨੇ ਇਕ ਦੂਜੇ ਨੂੰ ਤਲਾਕ ਦੇਣ ਦਾ ਫ਼ੈਸਲਾ ਲੈ ਲਿਆ। ਦੋਵਾਂ ਦੇ ਮਾਤਾ-ਪਿਤਾ ਦੇ ਸੁਝਾਅ 'ਤੇ ਮਾਮਲਾ ਫੈਮਿਲੀ ਕੋਰਟ ਦੇ ਪਰਿਵਾਰ ਸਲਾਹ ਕੇਂਦਰ 'ਚ ਪੁੱਜ ਚੁੱਕਾ ਹੈ। ਉਥੇ ਦੋਵਾਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਮਤਭੇਦ ਭੁੱਲ ਕੇ ਰਿਸ਼ਤੇ 'ਚ ਅੱਗੇ ਵਧੋ। ਪਹਿਲੀ ਕੌਂਸਲਿੰਗ 'ਚ ਪਤੀ ਜ਼ਿਦ 'ਤੇ ਅੜਿਆ ਰਿਹਾ ਕਿ ਬਿੱਲੀ ਕਾਰਨ ਉਸ ਨੇ ਆਪਣੇ ਪਾਲਤੂ ਜਾਨਵਰਾਂ ਨਾਲ ਹੁਣ ਵੱਖ ਰਹਿਣਾ ਹੈ। ਉਥੇ ਪਤਨੀ ਦਾ ਕਹਿਣਾ ਹੈ ਕਿ ਉਹ ਬਿੱਲੀ ਨੂੰ ਆਪਣੀ ਬੱਚੀ ਵਾਂਗ ਪਿਆਰ ਕਰਦੀ ਹੈ ਤੇ ਉਸ ਨੂੰ ਉਦਾਸ ਨਹੀਂ ਦੇਖ ਸਕਦੀ। ਉਨ੍ਹਾਂ ਦੀ ਅਗਲੀ ਕੌਂਸਲਿੰਗ ਦੁਸਹਿਰੇ ਮਗਰੋਂ ਹੋਵੇਗੀ। ਪਰਿਵਾਰ ਸਲਾਹ ਕੇਂਦਰ ਫਿਰ ਦੋਵਾਂ ਨੂੰ ਸਮਝਾਉਣ ਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰੇਗਾ।

# ਪਰਾਲੀ ਸਾੜਨ ਵਾਲੇ ਕਿਸਾਨਾਂ ਬਾਰੇ ਸੁਪਰੀਮ ਕੋਰਟ ਦੇ ਤੇਵਰ ਸਖ਼ਤ

**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਸਖ਼ਤ ਸਵਾਲ ਕੀਤਾ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਜਾਂਦਾ? ਚੀਫ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਕੁਝ ਕਿਸਾਨਾਂ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ ਜਾਵੇ ਤਾਂ ਇਹ ਬਾਕੀਆਂ ਲਈ ਇਕ ਮਜ਼ਬੂਤ ਸੰਦੇਸ਼ ਹੋਵੇਗਾ। ਸੁਪਰੀਮ ਕੋਰਟ ਦਾ ਇਹ ਸਵਾਲ ਅਜਿਹੇ ਸਮੇਂ ਆਇਆ ਜਦੋਂ ਸਰਦੀਆਂ ਦਾ ਸੀਜ਼ਨ ਨੇੜੇ ਆ ਰਿਹਾ ਹੈ ਅਤੇ ਦਿੱਲੀ-ਐਨਸੀਆਰ ਵਿਚ ਹਵਾ ਦੀ ਗੁਣਵੱਤਾ 'ਚ ਡੂੰਘੀ ਗਿਰਾਵਟ ਦਾ ਡਰ ਹੈ। ਹਰ ਸਾਲ ਅਕਤੂਬਰ-ਨਵੰਬਰ ਵਿਚ ਦਿੱਲੀ ਦੀ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 500 ਤੱਕ ਪਹੁੰਚ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ ਭਾਰਤ 'ਚ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 16 ਲੱਖ ਲੋਕਾਂ ਦੀ ਜਾਨ ਜਾਂਦੀ ਹੈ। ਹਾਲਾਂਕਿ ਸਰਕਾਰਾਂ ਨੇ ਇਸ ਨੂੰ ਰੋਕਣ ਲਈ ਕਈ ਕਦਮ ਚੁੱਕੇ ਹਨ। ਸੰਨ 2018 ਤੋਂ ਲੈ ਕੇ ਹੁਣ ਤੱਕ ਕੇਂਦਰ ਤੇ ਸੂਬਾ ਸਰਕਾਰਾਂ ਨੇ ਮਸ਼ੀਨਾਂ ਲਈ ਸਬਸਿਡੀਆਂ ਦਿੱਤੀਆਂ ਹਨ। ਪਰਾਲੀ ਨੂੰ ਬਾਇਓਫਿਊਲ, ਬੋਰਡ ਅਤੇ ਪੈਕੇਜਿੰਗ 'ਚ ਵਰਤਣ ਲਈ ਵੀ ਪ੍ਰੋਗਰਾਮ ਚਲਾਏ ਗਏ ਹਨ। ਫਿਰ ਵੀ ਸਥਿਤੀ ਵਿਚ ਵੱਡਾ ਸੁਧਾਰ ਨਹੀਂ ਹੋਇਆ। ਸੁਪਰੀਮ ਕੋਰਟ ਨੇ ਪਿਛਲੇ ਸਾਲ ਅਕਤੂਬਰ 'ਚ ਪੰਜਾਬ ਤੇ ਹਰਿਆਣਾ ਨੂੰ ਜੁਰਮਾਨੇ ਵਧਾਉਣ ਦੇ ਹੁਕਮ ਦਿੱਤੇ ਸਨ ਪਰ ਅੱਜ ਦੀ



ਸੁਣਵਾਈ ਵਿਚ ਬੈਂਚ ਨੇ ਪੁੱਛਿਆ ਕਿ ਇਹ ਸਾਰੇ ਉਪਾਅ ਕਾਫ਼ੀ ਕਿਉਂ ਨਹੀਂ ਹਨ? ਜਸਟਿਸ ਗਵਈ ਨੇ ਕਿਹਾ ਕਿ ਕਿਸਾਨ ਵਿਸ਼ੇਸ਼ ਹਨ ਤੇ ਅਸੀਂ ਉਨ੍ਹਾਂ ਕਾਰਨ ਖਾਂਦੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੀ ਆਗਿਆ ਦੇ ਦੇਈਏ। ਹਾਲਾਂਕਿ ਪੰਜਾਬ ਸਰਕਾਰ ਦੇ ਵਕੀਲ ਨੇ ਕੋਰਟ ਨੂੰ ਦੱਸਿਆ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ 77,000 ਤੋਂ ਘਟ ਕੇ 10,000 ਰਹਿ ਗਈਆਂ ਹਨ।

ਉਨ੍ਹਾਂ ਨੇ ਗ੍ਰਿਫ਼ਤਾਰੀਆਂ ਬਾਰੇ ਚਿੰਤਾ ਜ਼ਾਹਰ ਕੀਤੀ। ਸੁਪਰੀਮ ਕੋਰਟ ਨੇ ਪਰਾਲੀ ਨੂੰ ਸਾੜਨ ਦੀ ਬਜਾਏ ਬਾਇਓਫਿਊਲ ਵਜੋਂ ਵਰਤਣ ਦੀ ਗੱਲ ਕੀਤੀ ਹੈ ਜਿਹੜਾ ਕਿ ਵਿਹਾਰਕ ਵਿਚਾਰ ਹੈ। ਪੰਜਾਬ 'ਚ ਪਹਿਲਾਂ ਹੀ ਬਾਇਓ ਸੀਐੱਨਜੀ (ਕੰਪਰੈਸਡ ਬਾਇਓਗੈਸ) ਪਲਾਂਟ ਲੱਗੇ ਹੋਏ ਹਨ, ਜੋ ਪਰਾਲੀ ਨੂੰ ਗੈਸ 'ਚ ਬਦਲਦੇ ਹਨ। ਇਸ ਨਾਲ ਨਾ ਸਿਰਫ਼ ਪ੍ਰਦੂਸ਼ਣ ਘੱਟ ਹੁੰਦਾ ਹੈ ਬਲਕਿ ਕਿਸਾਨਾਂ ਨੂੰ ਵਪਾਰਕ ਆਮਦਨ ਵੀ ਮਿਲਦੀ ਹੈ। ਕੇਂਦਰ ਸਰਕਾਰ ਨੇ 2025 ਤੱਕ 5,000 ਕਰੋੜ ਰੁਪਏ ਦੀ ਯੋਜਨਾ ਹੇਠ ਪਰਾਲੀ ਪ੍ਰਬੰਧਨ ਲਈ ਫੰਡ ਜਾਰੀ ਕੀਤੇ ਹਨ ਪਰ ਚੁਣੌਤੀਆਂ ਵੀ ਹਨ। ਛੋਟੇ ਕਿਸਾਨਾਂ ਲਈ ਮਸ਼ੀਨਾਂ ਖ਼ਰੀਦਣਾ ਮਹਿੰਗਾ ਸੌਦਾ ਹੈ। ਸਰਕਾਰ ਨੂੰ ਕਮਿਊਨਿਟੀ ਫਾਰਮਿੰਗ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਜਿੱਥੇ ਇਕ ਗਰੁੱਪ ਵੱਲੋਂ ਇਕ ਮਸ਼ੀਨ ਵਰਤੀ ਜਾ ਸਕੇ। ਜਾਗਰੂਕਤਾ ਮੁਹਿੰਮਾਂ ਚਲਾ ਕੇ ਕਿਸਾਨਾਂ ਨੂੰ ਪਰਾਲੀ ਦੇ ਬਦਲਾਂ ਬਾਰੇ ਦੱਸਣਾ ਜ਼ਰੂਰੀ ਹੈ। ਸੁਪਰੀਮ ਕੋਰਟ ਦੇ ਇਸ ਬਿਆਨ ਦੇ ਮਾਅਨੇ ਹਨ। ਜੇ ਪੰਜਾਬ ਸਰਕਾਰ ਨੇ ਇਸ ਮਸਲੇ 'ਤੇ ਕੋਈ ਕਾਰਵਾਈ ਨਾ ਕੀਤੀ ਤਾਂ ਕੋਰਟ ਹੋਰ ਸਖ਼ਤ ਕਦਮ ਚੁੱਕ ਸਕਦੀ ਹੈ ਪਰ ਇਹ ਵੀ ਸੱਚ ਹੈ ਕਿ ਕਿਸਾਨਾਂ ਨੂੰ ਸਜ਼ਾ ਦੇਣ ਨਾਲੋਂ ਉਨ੍ਹਾਂ ਨੂੰ ਬਦਲ ਦੇਣਾ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ। ਭਾਰਤ ਵਰਗੇ ਖੇਤੀ ਅਰਥਚਾਰੇ ਵਾਲੇ ਦੇਸ਼ 'ਚ ਵਾਤਾਵਰਨ ਤੇ ਰੁਜ਼ਗਾਰ ਵਿਚਾਲੇ ਸੰਤੁਲਨ ਬਣਾਉਣਾ ਚੁਣੌਤੀਪੂਰਨ ਹੈ। ਦਰਅਸਲ, ਇਹ ਮੁੱਦਾ ਸਿਰਫ਼ ਪੰਜਾਬ ਤੱਕ ਸੀਮਤ ਨਹੀਂ। ਇਹ ਸਾਡੀ ਸਾਰਿਆਂ ਦੀ ਸਿਹਤ ਤੇ ਭਵਿੱਖ ਨਾਲ ਜੁੜਿਆ ਹੋਇਆ ਹੈ। ਸਰਕਾਰਾਂ ਨੂੰ ਹੁਣ ਠੋਸ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜ਼ਹਿਰੀਲੀ ਹਵਾ ਵਿਰਾਸਤ ਵਿਚ ਮਿਲੇਗੀ।

# ਅਮਰੀਕਾ ਨਾਲ ਟੈਰਿਫ ਮੁੱਦਿਆਂ ਦਾ ਹੱਲ ਜਲਦੀ: ਨਾਗੇਸ਼ਵਰਨ

**ਕੋਲਕਾਤਾ:**ਮੁੱਖ ਆਰਥਿਕ ਸਲਾਹਕਾਰ ਵੀ, ਅਨੰਤ ਨਾਗੇਸ਼ਵਰਨ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਮਰੀਕਾ ਨਾਲ ਟੈਰਿਫ ਮੁੱਦਿਆਂ ਦਾ। ਹੱਲ ਅਗਲੇ ਅੱਠ ਤੋਂ ਦਸ ਹਫ਼ਤਿਆਂ ਵਿਚ ਹੋਣ ਦੀ ਸੰਭਾਵਨਾ ਹੈ। ਰੂਸੀ ਤੇਲ ਦੀ ਦੇਸ਼ ਦੀ ਖ਼ਰੀਦ ਲਈ ਭਾਰਤੀ ਉਤਪਾਦਾਂ 'ਤੇ ਅਮਰੀਕਾ ਦੁਆਰਾ ਲਗਾਇਆ ਗਿਆ ਵਾਧੂ 25 ਫ਼ੀਸਦੀ ਟੈਰਿਫ਼ ਅਗਸਤ ਵਿਚ ਲਾਗੂ ਹੋਇਆ, ਜਿਸ ਨਾਲ ਭਾਰਤ 'ਤੇ ਲਗਾਇਆ ਟੈਰਿਫ਼ 50 ਫ਼ੀਸਦੀ ਹੋ ਗਿਆ। ਭਾਰਤ ਚੈਂਬਰ ਆਫ਼ ਕਾਮਰਸ ਦੁਆਰਾ ਇਥੇ ਕਰਵਾਏ ਇੱਕ ਇੰਟਰਐਕਟਿਵ ਸੈਸ਼ਨ ਵਿਚ ਬੋਲਦੇ ਹੋਏ, ਨਾਗੇਸ਼ਵਰਨ ਨੇ ਕਿਹਾ ਕਿ ਦੋਵਾਂ ਸਰਕਾਰਾਂ ਵਿਚਕਾਰ ਗੱਲਬਾਤ ਚੱਲ ਰਹੀ ਹੈ। ਮੇਰਾ ਅੰਦਾਜ਼ਾ ਹੈ ਕਿ ਅਗਲੇ ਅੱਠ ਤੋਂ ਦਸ ਹਫ਼ਤਿਆਂ



ਵਿਚ, ਅਸੀਂ ਭਾਰਤੀ ਵਸਤੂਆਂ 'ਤੇ ਅਮਰੀਕਾ ਦੁਆਰਾ ਲਗਾਏ ਗਏ ਟੈਰਿਫਾਂ ਦਾ ਹੱਲ ਦੇਖਾਂਗੇ। ਉਨ੍ਹਾਂ ਕਿਹਾ ਕਿ ਜੇਕਰ ਟੈਰਿਫ਼ ਜਾਰੀ ਰਹੇ ਤਾਂਅਮਰੀਕਾ ਨੂੰ ਨਿਰਯਾਤ ਵਿਚ ਗਿਰਾਵਟ ਆਵੇਗੀ। ਨਾਗੇਸ਼ਵਰਨ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਨਵੰਬਰ ਦੇ ਅੰਤ ਤੱਕ ਪੈਨਲ ਟੈਰਿਫ਼ ਹਟਾ ਦਿੱਤਾ ਜਾਵੇਗਾ। ਭਾਰਤ ਨੂੰ ਇੱਕ ਘੱਟ-ਮੱਧਮ-ਆਮਦਨ ਵਾਲੀ ਅਰਥਵਿਵਸਥਾ ਦੱਸਦੇ ਹੋਏ ਨਾਗੇਸ਼ਵਰਨ ਨੇ ਕਿਹਾ ਕਿ ਮੌਜੂਦਾ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿਚ ਅਸਲ ਜੀਡੀਪੀ ਵਾਧਾ 7.8 ਫ਼ੀਸਦੀ ਸੀ। ਕੋਰੋਨਾ ਮਹਾਂਮਾਰੀ ਤੋਂ ਬਾਅਦ, ਭਾਰਤੀ ਅਰਥਵਿਵਸਥਾ. ਕਈ ਦੇਸ਼ਾਂ ਨਾਲੋਂ ਤੇਜ਼ੀ ਨਾਲ ਵਧੀ ਹੈ। ਉਨ੍ਹਾਂ ਕਿਹਾ ਕਿ ਨਿਰਮਾਣ, ਸੇਵਾਵਾਂ ਤੇ ਖੇਤੀਬਾੜੀ ਵਿਚ ਵਾਧਾ ਅਗਲੇ ਦੋ ਸਾਲਾਂ ਵਿਚ ਆਰਥਿਕ ਤਰੱਕੀ ਵਿਚ ਬਹੁਤ ਵਧੀਆ ਤਰੀਕੇ ਨਾਲ ਯੋਗਦਾਨ ਪਾਵੇਗਾ। ਜੀ.ਐਸ.ਟੀ. ਦਰਾਂ ਵਿਚ ਹਾਲ ਹੀ ਵਿਚ ਦਿੱਤੀ ਗਈ ਰਾਹਤ ਨਾਲ ਖਪਤਕਾਰਾਂ ਦੇ ਹੱਥਾਂ ਵਿਚ ਵਧੇਰੇ ਡਿਸਪੋਸੇਬਲ ਆਮਦਨ ਆਵੇਗੀ ਤੇ ਸ਼ਹਿਰੀ ਖਪਤ ਵਧਣ ਦੀ ਸੰਭਾਵਨਾ ਹੈ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਮੌਕੇ ਮਨਾਇਆ ਮਨੁੱਖੀ ਅਧਿਕਾਰ ਦਿਹਾੜਾ

## ਬੁਲਾਰਿਆਂ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਚਿੰਤਾ ਜ਼ਾਹਰ ਕੀਤੀ

**ਫਰਿਜ਼ਨੋ:** ਲੰਘੇ ਸ਼ਨਿਚਰਵਾਰ ਇੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਬਣੇ ਖਾਲੜਾ ਪਾਰਕ ਵਿਚ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ ਦੇ ਸਹਿਯੋਗ ਨਾਲ "ਮਨੁੱਖੀ ਅਧਿਕਾਰ ਦਿਹਾੜਾ" ਸ਼ਹੀਦ ਜਸਵੰਤ ਸਿੰਘ









ਖਾਲੜਾ ਦੀ 30ਵੀਂ ਬਰਸੀ ਨੂੰ ਮੁੱਖ ਰੱਖ ਕੇ ਮਨਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 24ਵੀਂ ਬਰਸੀ ਮੌਕੇ ਅਮਰੀਕਾ ਵਿਚ ਅੱਤਵਾਦੀ ਹਮਲੇ ਵਿਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ।

ਸਮਾਗਮ ਦੀ ਸ਼ੁਰੂਆਤ ਕੁਲਵੰਤ ਸਿੰਘ ਖਹਿਰਾ ਅਤੇ ਸਾਥੀਆਂ ਨੇ ਸੁਖਮਨੀ ਸਹਿਬ ਦੇ ਪਾਠ ਨਾਲ ਕੀਤੀ। ਉਪਰੰਤ ਭਾਈ ਮਹਿਲਾ ਸਿੰਘ ਦੇ ਕਵੀਸ਼ਰੀ ਜਥੇ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਪਣੀਆਂ ਕਵਿਤਾਵਾਂ ਰਾਹੀਂ ਪੰਛੀ ਝਾਤ ਪਵਾਈ। ਮਗਰੋਂ ਸਟੇਜ ਦੀ ਕਾਰਵਾਈ ਰਾਜ ਸਿੱਧੂ ਮੋਗਾ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਸੰਭਾਲੀ। ਉਪਰੰਤ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸਟੇਜ ਨੂੰ ਅੱਗੇ ਤੋਰਿਆ। ਹਰਨੇਕ ਸਿੰਘ ਲੋਹਗੜ੍ਹ ਅਤੇ ਗੁਰਦੀਪ ਸਿੰਘ ਚੰਨਣਵਾਲ ਨੇ ਵੀ ਕਵੀਸ਼ਰੀ ਨਾਲ ਸਮਾਂ ਬੰਨ੍ਹਿਆ। ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਪ੍ਰਗਟ ਆਦਿ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਬੁਲਾਰਿਆਂ ਵਿਚ ਪੰਜਾਬੀ ਰੇਡੀਓ ਯੂ.ਐਸ.ਏ. ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਸੁਖਦੇਵ ਸਿੰਘ ਸਿੱਧੂ, ਡਾ. ਮਲਕੀਤ ਸਿੰਘ ਕਿੰਗਰਾ, ਸੁਰਿੰਦਰ ਮੰਡਾਲੀ, ਜਸਪ੍ਰੀਤ ਸਿੱਧੂ, ਨੈਣਦੀਪ ਸਿੰਘ ਚੰਨ, ਪਰਗਟ ਸਿੰਘ ਬਾਠ, ਪ੍ਰਿੰਸੀਪਲ ਦਲਜੀਤ ਸਿੰਘ, ਮਹਿੰਦਰ ਸਿੰਘ ਸੰਧਾਵਾਲੀਆ, ਸਾਧੂ ਸਿੰਘ ਸੰਘਾ, ਹੈਰੀ ਮਾਨ ਅਤੇ ਨਿਰਮਲ ਸਿੰਘ ਧਨੌਲਾ ਆਦਿ ਨੇ ਸਟੇਜ ਤੋਂ ਹਾਜ਼ਰੀ ਭਰੀ। ਇਸ ਮੌਕੇ ਸੈਂਟਰਲ ਸਕੂਲ ਬੋਰਡ ਟਰੱਸਟੀ ਦੀ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ। ਜ਼ਿਕਰਯੋਗ ਹੈ ਕਿ ਇਸ ਟੀਮ ਨੇ ਖਾਲੜਾ ਸਾਬ੍ਹ ਦੇ ਨਾਮ 'ਤੇ ਐਲੀਮੈਂਟਰੀ ਸਕੂਲ ਦਾ ਨਾਮ ਰੱਖਣ ਲਈ ਵੱਡਾ ਯੋਗਦਾਨ ਪਾਇਆ ਸੀ।

ਇਸ ਐਡਵੋਕੇਟ ਨਰਿੰਦਰ ਸਿੰਘ ਚਾਹਲ ਅਤੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਵੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਵੀ ਆਪਣੇ ਵਿਚਾਰ ਰੱਖੇ ਤੇ ਕਮੇਟੀ ਵੱਲੋਂ ਉਨ੍ਹਾਂ ਨੂੰ ਸ਼ਾਲ ਦੇ ਕੇ ਨਿਵਾਜਿਆ ਗਿਆ। ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸਵ. ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਗਾ ਕੇ ਐਸਾ ਰੰਗ ਬੰਨ੍ਹਿਆ ਕਿ ਹਰ ਕੋਈ ਅਸ਼-ਅਸ਼ ਕਰ ਉੱਠਿਆ। ਐਡਵੋਕੇਟ ਨਰਿੰਦਰ ਸਿੰਘ ਚਾਹਲ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨਾਲ ਬਿਤਾਏ ਸਮੇਂ ਦੀਆਂ ਗੱਲਾਂ ਸੁਣਾਈਆਂ ਅਤੇ '84 ਮੌਕੇ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਚਾਨਣਾ ਪਾਇਆ। ਇਸ ਮੌਕੇ ਪੱਤਰਕਾਰ ਨੀਟਾ ਮਾਛੀਕੇ, ਰੇਡੀਓ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਖਾਲੜਾ ਪਾਰਕ ਵਾਲੇ ਚੋਣਵੇਂ ਬਾਬਿਆਂ ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਇ ਦਿੱਤੇ ਗਏ।

ਅੰਤ ਵਿਚ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ। ਵਾਲਗਰੀਨ ਫਾਰਮੇਸੀ ਵੱਲੋਂ ਫਰੀ ਫਲੂ ਸ਼ਾਟ ਲਾਏ ਗਏ। ਜੈਕਾਰਾ ਮੂਵਮੈਂਟ ਵੱਲੋਂ ਐਸ ਬੀ 509 ਬਿੱਲ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ.ਐਸ. ਹੈਰੀਟੇਜ, ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਦੇ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ. ਯੂ.ਐਸ. ਹੈਰੀਟੇਜ ਅਤੇ ਬਾਬਿਆਂ ਦੀ ਕਮੇਟੀ ਨੇ ਸੰਗਤ ਦੇ ਸਹਿਯੋਗ ਅਤੇ ਵਾਲੰਟੀਅਰਾਂ ਦੀ ਮਿਹਨਤ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

*-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

# ਜੀ.ਐਚ.ਜੀ. ਅਕੈਡਮੀ ਦੇ ਪ੍ਰਬੰਧਕੀ ਬੋਰਡ ਦੀ ਮੀਟਿੰਗ

## ਨਵੇਂ ਪ੍ਰੋਗਰਾਮਾਂ ਦੀਆਂ ਤਾਰੀਖਾਂ ਦਾ ਕੀਤਾ ਐਲਾਨ

***ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):*** ਬੀਤੇ ਦਿਨੀਂ ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ ਅਤੇ ਕੋਚਾਂ ਦੀ ਮੀਟਿੰਗ ਕਲੋਵਿਸ ਸ਼ਹਿਰ ਵਿਖੇ ਪਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੋਈ। ਇਸ ਦੌਰਾਨ ਸਾਲ 2025 ਦੀਆਂ ਗਤੀਵਿਧੀਆਂ ਦਾ ਲੇਖਾ-



ਜੋਖਾ ਅਤੇ 2026 ਵਿਚ ਆਉਣ ਵਾਲੇ ਪ੍ਰੋਗਰਾਮਾਂ ਸਬੰਧੀ ਵਿਚਾਰ ਵਟਾਂਦਰੇ ਕੀਤੇ ਗਏ। ਮੀਟਿੰਗ ਦੀ ਸ਼ੁਰੂਆਤ ਅਕੈਡਮੀ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸ਼ੇਰਗਿੱਲ ਵਲੋਂ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਨਾਲ ਹੋਈ। ਇਸ ਦੌਰਾਨ ਅਕੈਡਮੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ ਗਿਆ। ਬਸੰਤ ਸਿੰਘ ਧਾਲੀਵਾਲ ਨੇ 2025 ਦੇ ਹੁਣ ਤੱਕ ਦੇ ਲੇਖੇ-ਜੋਖੇ 'ਤੇ ਚਾਨਣਾ ਪਾਇਆ, ਜਿਸ ਉੱਪਰ ਹਾਜ਼ਰ ਮੈਂਬਰਾਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ। ਸਮੂਹ ਸਹਿਯੋਗੀਆਂ ਅਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਅਜੀਤ ਸਿੰਘ ਗਿੱਲ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੰਦਿਆਂ ਹਰ ਸਾਲ ਵਾਂਗ ਭਵਿੱਖ ਵਿਚ ਵੀ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਦੈਦੀਪ ਸਿੰਘ ਸਿੱਧੂ ਨੇ ਯੂਥ ਵਿੰਗ ਅਤੇ ਕੋਚਿੰਗ ਟੀਮ ਨੂੰ ਭਵਿੱਖ ਵਿਚ ਵਧੇਰੇ ਜੋਸ਼ ਅਤੇ ਮਿਹਨਤ ਨਾਲ ਸੇਵਾ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਸਰਬਸੰਮਤੀ ਨਾਲ ਤੈਅ ਹੋਇਆ ਕਿ ਅਕੈਡਮੀ ਵੱਲੋਂ ਸਾਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ 28 ਮਾਰਚ, 2026 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਕਰਵਾਈ ਜਾਵੇਗੀ। ਜੀ.ਐਚ.ਜੀ. ਸਾਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ, 2026 ਨੂੰ ਵਿਲੀਅਮ ਸਰੋਏਨ ਥੀਏਟਰ ਵਿਖੇ ਹੋਵੇਗਾ। ਬੱਚਿਆਂ ਦਾ ਸਾਲਾਨਾ ਕੈਂਪ 1 ਜੁਲਾਈ ਨੂੰ ਸ਼ੁਰੂ ਹੋ ਜਾਵੇਗਾ। ਪ੍ਰਬੰਧਕਾਂ ਨੇ ਸਥਾਨਕ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ।

ਮੀਟਿੰਗ ਵਿਚ ਪੰਜਾਬ ਦੇ ਵਰਤਮਾਨ ਹਾਲਾਤ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਤੈਅ ਹੋਇਆ ਕਿ ਸਭ ਮੈਂਬਰਾਂ ਵੱਲੋਂ ਆਪੋ ਆਪਣੇ ਪਿੰਡਾਂ ਵਿਚ ਪ੍ਰਭਾਵਿਤ ਪਰਿਵਾਰਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।

ਜੀ.ਐਚ.ਜੀ. ਅਕੈਡਮੀ ਇਕ ਗੈਰ ਮੁਨਾਫ਼ਾ ਸੰਸਥਾ ਹੈ, ਜੋ ਪਿਛਲੇ ਲੰਬੇ ਸਮੇਂ ਤੋਂ ਪ੍ਰਦੇਸਾਂ ਵਿਚ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਵਿਰਸੇ, ਆਪਣੀਆਂ ਜੜ੍ਹਾਂ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨਾਲ ਜੋੜਨ ਲਈ ਸਾਰਾ ਸਾਲ ਸਰਗਰਮ ਰਹਿੰਦੀ ਹੈ। ਅਕੈਡਮੀ ਦੇ ਸਟੂਡੀਓ 4434 W. Ashlan ਵਿਚ ਬੱਚਿਆਂ ਦੀਆਂ ਕਲਾਸਾਂ ਸਾਰਾ ਸਾਲ ਲਾਈਆਂ ਜਾਂਦੀਆਂ ਹਨ। ਵਧੇਰੇ ਜਾਣਕਾਰੀ ਲਈ www.ghgbhangra.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# 'ਰਕੋਸਾ' ਨੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੇ 50,000 ਰੁਪਏ ਦੇ ਵਜ਼ੀਫੇ

ਫਗਵਾੜਾ: ਰਾਮਗੜ੍ਹੀਆ ਕਾਲਜ ਫਗਵਾੜਾ ਦੇ ਪੁਰਾਣੇ ਵਿਦਿਆਰਥੀਆਂ ਦੀ ਐਲੂਮਨੀ ਐਸੋਸੀਏਸ਼ਨ 'ਰਾਮਗੜ੍ਹੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ' (ਰਕੋਸਾ) ਨੇ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ 50,000 ਰੁਪਏ ਦੇ ਵਜ਼ੀਫੇ ਦਿੱਤੇ। ਰਕੋਸਾ ਨੇ ਪ੍ਰਧਾਨ ਸ. ਬਲਬੀਰ ਸਿੰਘ ਸੂਦਨ, ਸੇਵਾ-ਮੁਕਤ ਆਈ.ਏ.ਐਸ. ਅਤੇ ਸਾਬਕਾ ਗ੍ਰਹਿ ਸਕੱਤਰ, ਪੰਜਾਬ, ਦੀ ਅਗਵਾਈ ਹੇਠ ਇੱਕ ਸੰਖੇਪ ਸਮਾਗਮ ਸਮੇਂ ਇਸ ਰਾਸ਼ੀ ਦੇ ਚੈੱਕ ਵਿਦਿਆਰਥੀਆਂ ਨੂੰ ਸੌਂਪੇ। ਦੋ ਵਿਦਿਆਰਥੀਆਂ ਨੂੰ ਦਸ-ਦਸ ਹਜ਼ਾਰ ਰੁਪਏ ਅਤੇ 4 ਨੂੰ 7500-7500 ਰੁਪਏ ਦੀ ਸਕਾਲਰਸ਼ਿਪ ਰਾਸ਼ੀ ਪ੍ਰਦਾਨ ਕੀਤੀ ਗਈ। ਇਸ ਮੌਕੇ ਰਕੋਸਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ, ਕਾਲਜ ਦੇ ਪ੍ਰਿੰਸੀਪਲ ਡਾ. ਮਨਜੀਤ ਸਿੰਘ, ਹੋਰ ਅਹੁਦੇਦਾਰ ਅਤੇ ਸਟਾਫ ਮੈਂਬਰ ਹਾਜ਼ਰ ਸਨ।

ਉਪਰੰਤ ਰਕੋਸਾ ਦੀ ਜਨਰਲ ਬਾਡੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਸ. ਬਲਬੀਰ ਸਿੰਘ ਸੂਦਨ ਨੇ ਕੀਤੀ। ਸ. ਸਰਬਜੀਤ ਸਿੰਘ ਭੱਟੀ ਨੇ ਰਕੋਸਾ ਦੀਆਂ ਗਤੀਵਿਧੀਆਂ ਬਾਰੇ ਦੱਸਿਆ। ਦੋਵਾਂ ਨੇ ਸੰਸਥਾ ਨੂੰ ਹੋਰ ਕਿਰਿਆਸ਼ੀਲ ਕਰਨ 'ਤੇ ਜ਼ੋਰ ਦਿੱਤਾ। ਸੇਵਾ-ਮੁਕਤ ਕਰਨਲ ਵਰਿੰਦਰ ਜੁਨੇਜਾ ਨੇ ਸਕਾਲਰਸ਼ਿਪ ਸਕੀਮ ਦੀ ਨਿਯਮਤ ਮੌਨੀਟਰਿੰਗ ਕਰਨ ਲਈ ਕਿਹਾ।

ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਪੰਜਾਬ ਦੇ ਉਪ ਕੁਲਪਤੀ ਡਾ.(ਪ੍ਰੋ.) ਧਰਮਜੀਤ ਸਿੰਘ ਬੰਗਾ ਨੇ ਨੈਸ਼ਨਲ ਅਸੈਸਮੈਂਟ ਅਤੇ ਐਕਰੀਡਿਟੇਸ਼ਨ ਕੌਂਸਲ (ਨੈਕ) ਵਲੋਂ ਉੱਚ-ਸਿਖਿਆ ਨਾਲ ਸਬੰਧਤ ਵਿਦਿਅਕ ਅਦਾਰਿਆਂ ਦਾ ਮੁਲਾਂਕਣ/ਮਾਨਤਾ ਕਰਨ ਵੇਲੇ ਐਲੂਮਨੀ



ਐਸੋਸੀਏਸ਼ਨ ਨੂੰ ਇੱਕ ਮਹੱਤਵਪੂਰਨ 'ਕੰਪੋਨੈਂਟ' (ਅੰਗ/ਹਿੱਸਾ) ਮੰਨੇ ਜਾਣ ਬਾਰੇ ਦਸਿਆ।

'ਨੈਕ' ਦੇ ਪੈਨਲਾਂ ਦੀ ਚੇਅਰਮੈਨੀ ਦਾ ਤਜਰਬਾ ਰੱਖਣ ਵਾਲੇ ਡਾ. ਧਰਮਜੀਤ ਨੇ ਕਿਹਾ ਕਿ ਐਲੂਮਨੀ ਐਸੋਸੀਏਸ਼ਨ ਦੇ ਆਪਣੀ ਮਾਂ-ਸੰਸਥਾ ਨਾਲ ਸਰਗਰਮ ਸੰਪਰਕ ਅਤੇ ਇਸ ਦੇ ਵਿਕਾਸ ਵਿਚ ਦ੍ਰਿਸ਼ਟਮਾਨ ਯੋਗਦਾਨ ਨੂੰ ਸੰਸਥਾ ਦੀ ਦਰਜੇਬੰਦੀ (ਗਰੇਡਿੰਗ) ਵੇਲੇ 'ਨੈਕ' ਵਲੋਂ ਬਹੁਤ ਅਹਿਮੀਅਤ ਦਿਤੀ ਜਾਂਦੀ ਹੈ। 'ਨੈਕ' ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ.ਜੀ.ਸੀ.) ਵਲੋਂ ਥਾਪੀ ਜਾਂਦੀ ਇਕ ਖੁਦਮੁਖਤਾਰ ਸੰਸਥਾ ਹੈ ਜੋ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਮੁਲਾਂਕਣ ਕਰਦੀ ਹੈ।

ਸਭ ਮੈਂਬਰ ਆਪਣੇ ਵਿਦਿਆਰਥੀ ਜੀਵਨ-ਕਾਲ ਦੇ 'ਸੁਨਹਿਰੀ' ਦਿਨਾਂ ਅਤੇ ਉਪਰੰਤ ਆਪਣੀ ਵਿਵਸਾਇਕ-ਜੀਵਨ ਯਾਤਰਾ ਦੇ ਬਿਰਤਾਂਤ ਸਮੇਂ ਹੇਰਵੇ/ਉਦਰੇਵੇਂ ਵਾਲੀ ਆਵਸਥਾ 'ਚ ਵਿਚਰਨ ਲਗੇ ਅਤੇ ਪੁਰਾਣੀਆਂ ਯਾਦਾਂ ਵਿਚ ਗੁਆਚ ਗਏ। ਉਨ੍ਹਾਂ ਆਪਣੇ ਖੱਟੇ-ਮਿੱਠੇ ਤਜਰਬੇ ਸਾਂਝੇ ਕੀਤੇ।

ਇਸ ਸਮੇਂ 'ਰਕੋਸਾ' ਦੇ ਮੈਂਬਰ ਸੇਵਾ-ਮੁਕਤ ਕਮਾਂਡੈਂਟ ਗਿਆਨ ਸਿੰਘ ਦੀ ਬੇਵਕਤ ਮੌਤ 'ਤੇ ਅਫਸੋਸ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਸ਼ਾਂਤੀ ਲਈ 2 ਮਿੰਟ ਦਾ ਮੌਨ ਧਾਰਿਆ ਗਿਆ।

ਮੀਟਿੰਗ ਵਿਚ ਸੰਸਥਾ ਦੇ ਅਹੁਦੇਦਾਰ/ਮੈਂਬਰ ਜਗਦੀਸ਼ ਮਹੇ, ਪ੍ਰੋ. ਜਸਵੰਤ ਸਿੰਘ ਗੰਡਮ, ਕਰਨਲ (ਰਿਟ.) ਵਰਿੰਦਰ ਜੁਨੇਜਾ, ਬਲਵਿੰਦਰ ਸਿੰਘ ਜੱਸਲ, ਡੀ.ਐਸ.ਪਰਮਾਰ, ਪੀ.ਪੀ.ਪੱਬੀ, ਮਨੋਜ ਮਿੱਢਾ, ਰਾਮ ਲੁਭਾਇਆ ਅਤੇ ਹਕੂਮਤ ਰਾਏ ਸ਼ਾਮਲ ਸਨ।

# ਲਾਰੈਂਸ ਬਿਸ਼ਨੋਈ ਗਰੋਹ ਦੇ ਮੈਂਬਰ ਦੀ ਜ਼ਮਾਨਤ ਅਰਜ਼ੀ ਰੱਦ

**ਮੁੰਬਈ:** ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਲਾਰੈਂਸ ਬਿਸ਼ਨੋਈ ਗਰੋਹ ਦੇ ਮੈਂਬਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਨੂੰ ਪਿਛਲੇ ਸਾਲ ਅਦਾਕਾਰ ਸਲਮਾਨ ਖਾਨ ਦੇ ਘਰ 'ਤੇ ਗੋਲੀਬਾਰੀ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਮੁਹੰਮਦ ਰਫ਼ੀਕ ਸਰਦਾਰ ਚੌਧਰੀ ਦੀ ਜ਼ਮਾਨਤਾਮ ਪਟੀਸ਼ਨ 'ਮਹਾਰਾਸ਼ਟਰ ਕੰਟਰੋਲ ਆਫ਼ 'ਆਰਗੇਨਾਈਜ਼ਡ ਕਰਾਈਮ ਐਕਟ' (ਮਕੋਕਾ ਅਦਾਲਤ ਦੇ ਜੱਜ ਮਹੇਸ਼ ਯਾਦਵ ਨੇ ਖਾਰਜ ਕਰਮ ਦਿੱਤੀ।

ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਵਿੱਕੀ ਗੁਪਤਾ ਤੇ ਸਾਗਰ ਪਾਲ ਸੀ ਨੇ 14 ਅਪ੍ਰੈਲ 2024 ਦੀ ਸਵੇਰ ਇਥੇ ਬਾਂਦਰਜ ਪੱਛਮੀ ਸਥਿਤ ਸਲਮਾਨ ਖਾਨ ਦੇ ਗਲੈਕਸੀ। ਸਵਾਰ ਅਪਾਰਟਮੈਂਟ ਬਾਹਰ ਗੋਲੀਬਾਰੀ ਦੀ ਘਟਨਾ ਅੰਜਾਮ ਦਿੱਤਾ ਸੀ। ਪੁਲਿਸ ਅਨੁਸਾਰ ਚੌਧਰੀ ਨੇ ਦੋ ਦਿਨ ਪਹਿਲਾਂ ਗਲੈਕਸੀ ਅਪਾਰਟਮੈਂਟ ਦ ਰੇਕੀ ਕੀਤੀ ਸੀ, ਇਲਾਕੇ ਦੀ ਵੀਡੀਓ ਬਣਾਈ ਸੀ ਤੇ ਇਸ ਨੂੰ ਮਾਮਲੇ ਦੇ ਲੋੜੀਂਦੇ ਦੋਸ਼ ਤੇ ਅਨਮੋਲ ਬਿਸ਼ਨੋਈ ਨੂੰ ਭੇਜਿਆ ਸੀ।

ਪੰਜਾਬ ਟਾਈਮਜ਼

*27 ਸਤੰਬਰ, ਸ਼ਨਿਚਰਵਾਰ*

# ਨਵੀਂ ਵੀਜ਼ਾ ਨੀਤੀ ਦੇ ਪ੍ਰਭਾਵ

*ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐੱਚ-1ਬੀ ਵੀਜ਼ਾ ਫੀਸ ਵਧਾ ਕੇ ਇਕ ਲੱਖ ਡਾਲਰ (ਲਗਪਗ 88 ਲੱਖ ਰੁਪਏ) ਕਰ ਦਿੱਤੀ ਹੈ। ਇਹ ਨਵਾਂ ਨਿਯਮ ਸਿਰਫ਼ ਨਵੇਂ ਬਿਨੈਕਾਰਾਂ 'ਤੇ ਹੀ ਲਾਗੂ ਹੋਵੇਗਾ ਅਤੇ ਇਹ ਕੋਈ ਸਾਲਾਨਾ ਫ਼ੀਸ ਨਹੀਂ ਹੈ। ਪਰ ਇਸ ਵਾਧੇ ਦਾ ਪ੍ਰਭਾਵ ਬਹੁਤ ਗਹਿਰਾ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ ਪਹਿਲਾਂ ਹੀ ਐੱਚ-1ਬੀ ਵੀਜ਼ਾ ਹੈ ਅਤੇ ਜੋ ਇਸ ਸਮੇਂ ਅਮਰੀਕਾ 'ਚੋਂ ਬਾਹਰ ਹਨ, ਉਨ੍ਹਾਂ ਤੋਂ ਦੁਬਾਰਾ ਪ੍ਰਵੇਸ਼ ਫੀਸ ਨਹੀਂ ਲਈ ਜਾਵੇਗੀ। ਟਰੰਪ ਨੇ ਇਸ ਫ਼ੈਸਲੇ ਦਾ ਬਚਾਅ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਲਈ ਇਕ ਤਰੀਕਾ ਦੱਸਦੇ ਹੋਏ ਕੀਤਾ ਹੈ। ਉਨ੍ਹਾਂ ਨੇ ਨਾਲ ਹੀ ਤਰਕ ਦਿੱਤਾ ਹੈ ਕਿ ਆਊਟ ਸੋਰਸਿੰਗ ਕੰਪਨੀਆਂ ਨੇ ਇਸ ਪ੍ਰੋਗਰਾਮ ਦੀ ਵਰਤੋਂ ਅਮਰੀਕੀ ਮੁਲਾਜ਼ਮਾਂ ਦੀ ਥਾਂ 'ਤੇ ਸਸਤੇ ਵਿਦੇਸ਼ੀ ਮੁਲਾਜ਼ਮਾਂ ਨੂੰ ਨਿਯੁਕਤ ਕਰਨ ਲਈ ਕੀਤੀ ਹੈ। ਉਥੇ ਕਈ ਅਮਰੀਕੀ ਸੰਸਦ ਮੈਂਬਰਾਂ ਨੇ ਟਰੰਪ ਦੇ ਇਸ ਫ਼ੈਸਲੇ ਨੂੰ ਬੇਕਾਰ ਦੱਸਦੇ ਹੋਏ ਕਿਹਾ ਹੈ ਕਿ ਇਸ ਨਾਲ ਅਮਰੀਕੀ ਆਈ.ਟੀ. ਉਦਯੋਗ 'ਤੇ ਬਹੁਤ ਨਕਾਰਾਤਮਕ ਅਸਰ ਪਵੇਗਾ। ਇਹ ਅਮਰੀਕਾ ਨੂੰ ਉੱਚ ਕੋਟੀ ਦੇ ਸਮਰੱਥ ਕਾਮਿਆਂ ਤੋਂ ਵਾਂਝਾ ਕਰਨ ਵਾਲਾ ਫ਼ੈਸਲਾ ਹੈ। ਅਮਰੀਕਾ ਹਰ ਸਾਲ 65000 ਐੱਚ-1ਬੀ ਵੀਜ਼ੇ ਤੇ 20,000 ਵਾਧੂ ਵੀਜ਼ੇ ਦਿੰਦਾ ਹੈ। ਇਨ੍ਹਾਂ 'ਚੋਂ ਲਗਪਗ 70 ਫ਼ੀਸਦੀ ਵੀਜ਼ੇ ਭਾਰਤ ਨੂੰ ਮਿਲਦੇ ਹਨ। ਐਮਾਜ਼ੋਨ, ਮਾਈਕ੍ਰੋਸਾਫਟ ਤੇ ਮੇਟਾ ਵਰਗੀਆਂ ਕੰਪਨੀਆਂ ਦੇ ਹਜ਼ਾਰਾਂ ਮੁਲਾਜ਼ਮ ਐੱਚ-1ਬੀ 'ਤੇ ਉਥੇ ਕੰਮ ਕਰਦੇ ਹਨ। ਕਈ ਭਾਰਤੀ ਕੰਪਨੀਆਂ ਜਿਵੇਂ ਇਨਫੋਸਿਸ, ਟੀਸੀਐੱਸ, ਵਿਪ੍ਰੋ ਤੇ ਐੱਚਸੀਐੱਲ ਵੀ ਅਮਰੀਕਾ 'ਚ ਕੰਮ ਕਰਨ ਲਈ ਇਸੇ ਵੀਜ਼ੇ 'ਤੇ ਕਾਫ਼ੀ ਨਿਰਭਰ ਹਨ। ਇਸ ਕਾਰਨ ਹੁਨਰਮੰਦ ਕਾਮਿਆਂ ਨੂੰ ਨਿਯੁਕਤ ਕਰਨ ਵਾਲੀਆਂ ਛੋਟੀਆਂ ਕੰਪਨੀਆਂ ਤੇ ਸਟਾਰਟਅਪਸ ਟਰੰਪ ਦੇ ਫ਼ੈਸਲੇ ਨਾਲ ਮੁਸ਼ਕਲ 'ਚ ਆ ਜਾਣਗੇ। ਵੀਜ਼ਾ ਫੀਸ 'ਚ ਇਸ ਤਬਦੀਲੀ ਨਾਲ ਅਮਰੀਕਾ 'ਚ ਭਾਰਤੀ ਆਈ.ਟੀ ਇੰਜੀਨੀਅਰਾਂ ਦੀਆਂ ਨੌਕਰੀਆਂ 'ਤੇ ਵੀ ਖ਼ਤਰਾ ਵਧੇਗਾ। ਯਕੀਨੀ ਤੌਰ 'ਤੇ ਟਰੰਪ ਦਾ ਇਹ ਫ਼ੈਸਲਾ ਭਾਰਤ ਦੇ ਆਈ.ਟੀ ਖੇਤਰ ਲਈ ਇਕ ਆਫ਼ਤ ਵਾਂਗ ਹੈ, ਪਰ ਇਹ ਕਈ ਮਾਅਨਿਆਂ 'ਚ ਮੌਕਾ ਵੀ ਬਣ ਸਕਦਾ ਹੈ। ਅਜਿਹੇ ਆਸਾਰ ਹਨ ਕਿ ਅਮਰੀਕੀ ਕੰਪਨੀਆਂ ਆਪਣੀਆਂ ਨੌਕਰੀਆਂ ਵਿਦੇਸ਼ਾਂ ਵਿਚ ਯਾਨੀ ਭਾਰਤ ਵਰਗੇ ਦੇਸ਼ਾਂ 'ਚ ਸ਼ਿਫਟ ਕਰਨ ਲਈ ਮਜਬੂਰ ਹੋ ਜਾਣਗੀਆਂ। ਅਜਿਹਾ ਹੋਣ 'ਤੇ ਟਰੰਪ ਦੀ ਇਹ ਨੀਤੀ ਅਮਰੀਕਾ ਦੀ ਥਾਂ ਭਾਰਤ ਤੇ ਦੂਜੇ ਦੇਸ਼ਾਂ ਲਈ ਫ਼ਾਇਦੇਮੰਦ ਸਾਬਿਤ ਹੋ ਸਕਦੀ ਹੈ। ਐੱਚ-1ਬੀ ਵੀਜ਼ਾ ਫੀਸ ਵਧਣ ਨਾਲ ਦੁਨੀਆ ਦੀਆਂ ਯੋਗਤਾਵਾਂ ਅਮਰੀਕਾ ਨਹੀਂ ਜਾ ਸਕਣਗੀਆਂ। ਇਸ ਨਾਲ ਉਥੇ ਇਨੋਵੇਸ਼ਨ ਵੀ ਘਟ ਸਕਦੀ ਹੈ ਤੇ ਭਾਰਤ ਦੇ ਇਨੋਵੇਸ਼ਨ 'ਚ ਨਵੀਂ ਜਾਨ ਆ ਸਕਦੀ ਹੈ। ਉਮੀਦ ਹੈ ਪੇਟੈਂਟ, ਇਨੋਵੇਸ਼ਨ ਤੇ ਸਟਾਰਟਅਪਸ ਦੀ ਅਗਲੀ ਲਹਿਰ ਭਾਰਤ 'ਚ ਤੇਜ਼ੀ ਨਾਲ ਵਧੇਗੀ। ਭਾਰਤ ਦੀਆਂ ਯੋਗਤਾਵਾਂ ਦੇ ਭਾਰਤ 'ਚ ਹੀ ਰਹਿਣ ਨਾਲ ਭਾਰਤ 'ਚ ਖੋਜ ਅਤੇ ਵਿਕਾਸ ਦੀ ਸਥਿਤੀ ਮਜ਼ਬੂਤ ਹੋਵੇਗੀ। ਹੁਣ ਅਮਰੀਕੀ ਆਈ.ਟੀ ਕੰਪਨੀਆਂ ਭਾਰਤੀ ਕੰਪਨੀਆਂ ਨੂੰ ਜ਼ਿਆਦਾ ਆਊਟ ਸੋਰਸਿੰਗ ਦਾ ਕੰਮ ਦੇ ਸਕਦੀਆਂ ਹਨ।*

*ਇਸਦਾ ਇਕ ਦੂਸਰਾ ਪਾਸਾ ਇਹ ਹੈ ਕਿ ਚੀਨ ਅਤੇ ਬਰਤਾਨੀਆ ਟਰੰਪ ਪ੍ਰਸ਼ਾਸਨ ਦੇ ਇਸ ਫ਼ੈਸਲੇ ਦਾ ਫਾਇਦਾ ਉਠਾ ਕੇ ਹੁਨਰਮੰਦਾਂ ਲਈ ਨਵੇਂ ਮੌਕੇ ਮੁਹੱਈਆ ਕਰਵਾਉਣ ਲਈ ਕਮਰਕੱਸੇ ਕਰ ਰਹੇ ਹਨ। ਚੀਨ ਅਗਲੇ ਮਹੀਨੇ ਤੋਂ ਨਵਾਂ ਰੁਜ਼ਗਾਰ ਵੀਜ਼ਾ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ, ਅਤੇ ਬਰਤਾਨੀਆ ਸਰਕਾਰ ਵੀਜ਼ਾ ਫ਼ੀਸ ਮਾਫੀ 'ਤੇ ਵਿਚਾਰ ਕਰ ਰਹੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਕਿਹਾ ਕਿ ਬੀਜਿੰਗ ਆਲਮੀ ਹੁਨਰ ਦਾ ਸਵਾਗਤ ਕਰਦਾ ਹੈ ਕਿ ਉਹ ਚੀਨ ਆਉਣ ਤੇ ਇਥੇ ਰਹਿ ਕੇ ਮਨੁੱਖੀ ਸਮਾਜ ਦੀ ਤਰੱਕੀ 'ਚ ਸਾਂਝੇ ਤੌਰ 'ਤੇ ਯੋਗਦਾਨ ਦੇਣ ਤੇ ਆਪਣੇ ਕਰੀਅਰ 'ਚ ਸਫਲਤਾ ਹਾਸਲ ਕਰਨ। ਚੀਨ ਨੇ 'ਕੇ-ਵੀਜ਼ਾ' ਨਾਮੀ ਨਵੇਂ ਵਰਕ ਪਰਮਿਟ ਦਾ ਐਲਾਨ ਕੀਤਾ ਹੈ, ਜਿਸਦੇ ਤਹਿਤ ਯੋਗ ਪੇਸ਼ੇਵਰ ਦੁਨੀਆ ਭਰ ਤੋਂ ਚੀਨ 'ਚ ਆ ਕੇ ਮੌਕਿਆਂ ਦੀ ਭਾਲ ਕਰ ਸਕਦੇ ਹਨ। 'ਕੇ-ਵੀਜ਼ਾ' ਇਕ ਅਕਤੂਬਰ ਤੋਂ ਲਾਗੂ ਹੋਵੇਗਾ। ਇਹ ਵੀਜ਼ਾ ਹੁਨਰਮੰਦ ਵਿਦੇਸ਼ੀ ਨੌਜਵਾਨਾਂ ਅਤੇ ਵਿਗਿਆਨੀਆਂ ਲਈ ਉਪਲੱਬਧ ਹੋਵੇਗਾ। ਇਸ ਲਈ ਕਿਸੇ ਘਰੇਲੂ ਕੰਪਨੀ ਤੋਂ ਸੱਦੇ ਦੀ ਲੋੜ ਨਹੀਂ ਹੋਵੇਗੀ।*

*ਮਾਹਿਰਾਂ ਦਾ ਵਿਚਾਰ ਹੈ ਕਿ ਮਹਾ ਸ਼ਕਤੀਆਂ ਵਿਚ ਸ਼ੁਰੂ ਹੋਈ ਇਸ ਕਸ਼ਮਕਸ਼ ਦਾ ਲਾਭ ਭਾਰਤ ਵਰਗੇ ਦੇਸ਼ਾਂ ਨੂੰ ਹੋਵੇਗਾ। ਇਸ ਨਾਲ ਭਾਰਤ ਤੋਂ ਅਮਰੀਕਾ ਲਈ ਕੰਮ ਵਧਣਗੇ। ਭਾਰਤ ਗਲੋਬਲ ਆਊਟ ਸੋਰਸਿੰਗ ਦਾ ਨਵਾਂ ਹਬ ਬਣਨ ਦੇ ਰਾਹ 'ਤੇ ਅੱਗੇ ਵਧ ਸਕੇਗਾ। ਪਿਛਲੇ ਕਈ ਸਾਲਾਂ ਤੋਂ ਆਊਟ ਸੋਰਸਿੰਗ ਦੇ ਖੇਤਰ 'ਚ ਭਾਰਤ ਦੀ ਤਰੱਕੀ ਦੇ ਪਿੱਛੇ ਦੇਸ਼ 'ਚ ਸੰਚਾਰ ਦਾ ਮਜ਼ਬੂਤ ਢਾਂਚਾ ਹੋਣਾ ਇਕ ਮੁੱਖ ਕਾਰਨ ਹੈ। ਦੂਰਸੰਚਾਰ ਉਦਯੋਗ ਦੇ ਨਿੱਜੀਕਰਨ ਨਾਲ ਨਵੀਆਂ ਕੰਪਨੀਆਂ ਦੇ ਹੋਂਦ 'ਚ ਆਉਣ ਨਾਲ ਦੂਰਸੰਚਾਰ ਦੀਆਂ ਦਰਾਂ 'ਚ ਭਾਰੀ ਗਿਰਾਵਟ ਆਈ ਹੈ। ਚੰਗੀ ਕਿਸਮ ਦੀ ਤੁਰੰਤ ਸੇਵਾ, ਆਈ.ਟੀ. ਐਕਸਪਰਟ ਤੇ ਅੰਗਰੇਜ਼ੀ 'ਚ ਮਾਹਿਰ ਨੌਜਵਾਨਾਂ ਦੀ ਵੱਡੀ ਗਿਣਤੀ ਅਜਿਹੇ ਹੋਰ ਕਾਰਨ ਹਨ, ਜਿਨ੍ਹਾਂ ਦੀ ਬਦੌਲਤ ਭਾਰਤ ਪੂਰੇ ਵਿਸ਼ਵ 'ਚ ਆਊਟ ਸੋਰਸਿੰਗ ਦੇ ਖੇਤਰ 'ਚ ਮੋਹਰੀ ਬਣਿਆ ਹੋਇਆ ਹੈ। ਯਕੀਨੀ ਤੌਰ 'ਤੇ ਅਮਰੀਕਾ 'ਚ ਕੰਮ ਕਰ ਰਹੇ ਭਾਰਤੀਆਂ ਲਈ ਵਾਪਸ ਮੁੜਨ ਤੇ ਆਪਣੀ ਯੋਗਤਾ ਤੇ ਵਿਚਾਰਾਂ ਨਾਲ ਸਵਦੇਸ਼ 'ਚ ਯੋਗਦਾਨ ਦੇਣ ਦਾ ਮੌਕਾ ਬਣੇਗਾ। ਇਸ ਨਾਲ 'ਆਤਮਨਿਰਭਰ ਭਾਰਤ' ਮੁਹਿੰਮ ਨੂੰ ਵੀ ਰਫ਼ਤਾਰ ਮਿਲੇਗੀ। ਟਰੰਪ ਵੱਲੋਂ ਲਗਾਈ ਗਈ ਉੱਚੀ ਫੀਸ ਦੀ ਆਫ਼ਤ ਨੂੰ ਅਵਸਰ 'ਚ ਬਦਲਣ ਲਈ ਸਾਨੂੰ ਹੋਰ ਕਈ ਗੱਲਾਂ 'ਤੇ ਧਿਆਨ ਦੇਣਾ ਪਵੇਗਾ। ਜਿਵੇਂ ਕਿ ਆਊਟਸੋਰਸਿੰਗ ਲਈ ਅਮਰੀਕੀ ਬਾਜ਼ਾਰ ਦੇ ਨਾਲ-ਨਾਲ ਯੂਰਪ ਤੇ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਨਵੀਆਂ ਵਿਆਪਕ ਸੰਭਾਵਨਾਵਾਂ ਨੂੰ ਮੁੱਠੀ 'ਚ ਲੈਣਾ ਪਵੇਗਾ। ਇਸ ਲਈ ਸਾਨੂੰ ਦੇਸ਼ 'ਚ ਆਊਟ ਸੋਰਸਿੰਗ ਦੇ ਚਮਕੀਲੇ ਭਵਿੱਖ ਲਈ ਯੋਗਤਾ ਨਿਰਮਾਣ 'ਤੇ ਜ਼ੋਰ ਦੇਣਾ ਪਵੇਗਾ। ਸਾਫਟਵੇਅਰ ਉਦਯੋਗ 'ਚ ਸਾਡੀ ਅਗਵਾਈ ਦਾ ਮੁੱਖ ਕਾਰਨ ਸਾਡੀਆਂ ਸੇਵਾਵਾਂ ਤੇ ਪ੍ਰੋਗਰਾਮ ਦਾ ਸਸਤਾ ਹੋਣਾ ਹੈ। ਇਸ ਲਈ ਇਸ ਸਥਿਤੀ ਨੂੰ ਕਾਇਮ ਰੱਖਣ ਲਈ ਸਾਨੂੰ ਤਕਨੀਕੀ ਤੌਰ 'ਤੇ ਯੋਗ ਲੋਕਾਂ ਦੀ ਉਪਲੱਬਧਤਾ ਬਣਾਈ ਰੱਖਣੀ ਪਵੇਗੀ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭਈਏ ਬਨਾਮ ਭਰਾ!

*ਮੋਟਰਸਾਈਕਲ ਤੇ ਕਾਰਾਂ ਲੈ ਫਿਰਨ ਕਾਕੇ, ਟ੍ਰੈਕਟਰ ਖੇਤਾਂ ਵਿਚ ਕੌਣ ਚਲਾਊਗਾ ਜੀ।*
*ਜਾ ਕੇ ਹਰ ਇਕ ਸ਼ਹਿਰ ਵਿਚ ਸੋਚ ਲਈਏ, ਕੌਣ 'ਰੇਹੜੀ' ਬਜ਼ਾਰਾਂ ਵਿਚ ਲਾਊਗਾ ਜੀ।*
*ਕਹਿੰਦੇ 'ਭਈਏ ਭਜਾਉਣੇ' ਪੰਜਾਬ ਵਿਚੋਂ, ਏਸ ਮਸਲੇ 'ਤੇ ਕੌਣ 'ਸਮਝਾਊਗਾ' ਜੀ।*
*ਦੂਜੇ 'ਸੂਬਿਆਂ ਵਿਚਲੇ' ਪੰਜਾਬੀਆਂ ਦੀ, ਕਿਹੜਾ 'ਸਕਾ' ਜੋ ਸੁੱਖ ਮਨਾਊਗਾ ਜੀ।*
*ਬਿਨਾਂ ਸੋਚਿਆਂ ਵਿੱਢਿਆ ਮਿਸ਼ਨ ਕੋਈ, ਕੋਈ 'ਸਮੱਸਿਆ' ਹੋਰ ਵਧਾਊਗਾ ਜੀ।*
*ਬੇਸ਼ੱਕ ਸਾਡੇ ਦੁਸ਼ਕਰਮੀਂ ਨੂੰ ਅੱਗ ਲਾ ਕੇ, ਕੀਤੀ ਆਪਣੀ ਖੁਦ ਪਾਊਗਾ ਜੀ!*

# ਇਨਸਾਫ਼ ਦੀ ਝਾਕ



ਦੁਨੀਆ, ਭਾਰਤ ਦੇਸ਼ ਨੂੰ, ਇਥੋਂ ਦੇ ਕਾਨੂੰਨ, ਸਰਕਾਰੀ ਕੰਮਾਂ ਅਤੇ ਲੋਕਾਂ ਨਾਲ ਸਮਾਜਿਕ ਵਿਵਹਾਰ ਦੀਆਂ ਐਨਕਾਂ ਨਾਲ ਵੇਖਦੀ, ਪਰਖਦੀ ਹੈ। ਅਸੀਂ, ਭਾਵੇਂ ਖ਼ੁਦ ਨੂੰ ਲੱਖ ਧਰਮ-ਨਿਰਪੱਖਤਾ ਦੇ ਅਲੰਬਰਦਾਰ ਗਰਦਾਨਦੇ ਰਹੀਏ, ਪਰ ਪਿਛਲੇ ਦਹਾਕੇ 'ਚ ਹਾਕਮਾਂ ਵੱਲੋਂ ਕੀਤੇ ਕਾਰਜਾਂ, ਪਾਸ ਕੀਤੇ ਕਾਨੂੰਨਾਂ ਅਤੇ ਘੱਟ-ਗਿਣਤੀਆਂ ਨਾਲ ਹੋ ਰਹੇ ਵਿਵਹਾਰ ਕਾਰਨ ਦੁਨੀਆ ਭਾਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ ਹੈ ਅਤੇ ਸ਼ੰਕਾ ਜਤਾਉਣ ਲੱਗੀ ਹੈ ਕਿ ਭਾਰਤ ਹੁਣ ਨਾ ਤਾਂ ਧਰਮ-ਨਿਰਪੱਖ ਰਿਹਾ ਹੈ, ਨਾ ਹੀ ਲੋਕਤੰਤਰ। ਪਿਛਲੇ ਦਿਨੀਂ ਵਕਫ (ਸੋਧ) ਕਾਨੂੰਨ ਦੇ ਪਾਸ ਹੋਣ ਨਾਲ ਦੁਨੀਆ ਭਰ 'ਚ ਇਹ ਰਾਏ ਪੱਕੀ ਹੋਈ ਹੈ ਅਤੇ ਦੇਸ਼ ਦਾ ਅਕਸ ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਡਿੱਗਣ ਵਾਂਗਰ ਡਿਗਿਆ ਹੈ।

ਦੇਸ਼ 'ਚ ਇਸ ਵੇਲੇ ਇੱਕ ਅੰਦਾਜ਼ੇ ਮੁਤਾਬਕ 20.2 ਕਰੋੜ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਹਨ ਅਤੇ ਦੁਨੀਆ ਭਰ 'ਚ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਵਕਫ (ਸੋਧ) ਦੇ ਮਾਮਲੇ 'ਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਭਾਵੇਂ ਦੇਸ਼ ਦੀ ਸੁਪਰੀਮ ਕੋਰਟ ਨੇ ਵਕਫ/ਸੋਧ ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਹੈ, ਪਰ ਕੀ ਕੇਂਦਰ ਸਰਕਾਰ ਨੇ ਇਸ ਤੋਂ ਨਸੀਹਤ ਲਈ ਹੈ ਜਾਂ ਲਵੇਗੀ? ਅਤੇ ਦੇਸ਼ ਦੇ ਧਰਮ-ਨਿਰਪੱਖਤਾ ਦੇ ਅਕਸ ਨੂੰ ਲੱਗ ਰਹੀ ਢਾਅ ਨੂੰ ਰੋਕੇਗੀ? ਜਾਪਦਾ ਹੈ ਕਿ ਨਹੀਂ, ਕਿਉਂਕਿ 15 ਸਤੰਬਰ 2025 ਨੂੰ ਜਦੋਂ ਸੁਪਰੀਮ ਕੋਰਟ ਨੇ ਵਕਫ/ਸੋਧ ਬਿੱਲ 2025 ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਤਾਂ ਸਰਕਾਰ ਨੇ ਪੂਰਾ ਹੌਂਸਲਾ ਵਿਖਾਇਆ ਅਤੇ ਖ਼ੁਦ ਨੂੰ ਵਧਾਈ ਦਿੱਤੀ ਕਿ ਅਦਾਲਤ ਨੇ ਮੁਸਲਿਮ ਪਰਸਨਲ ਲਾਅ ਦੇ ਇੱਕ ਪ੍ਰਮੁੱਖ ਅੰਗ ਵਿਚ 'ਸੁਧਾਰ' ਦੇ ਸਰਕਾਰ ਦੇ ਯਤਨਾਂ ਦਾ ਸਮਰਥਨ ਕੀਤਾ ਹੈ। ਇਹ ਸਰਕਾਰ ਦੀ ਘੱਟ-ਗਿਣਤੀਆਂ ਪ੍ਰਤੀ ਰਵੱਈਏ ਅਤੇ ਉਨ੍ਹਾਂ ਨਾਲ ਹੋ ਰਹੀ ਬੇਇਨਸਾਫ਼ੀ ਦੀ ਸਪਸ਼ਟ ਮਿਸਾਲ ਹੈ।

ਪਿਛਲੇ ਦਿਨੀਂ ਦੇਸ਼ ਦੇ ਇੱਕ ਪ੍ਰਮੁੱਖ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਸਾਬਤ ਕੀਤਾ ਕਿ 2020 ਵਿਚ ਜੋ ਦਿੱਲੀ ਦੰਗੇ ਹੋਏ ਸਨ, ਉਸ ਤੋਂ ਬਾਅਦ ਜਿਹੜੇ ਲੋਕ ਫੜੇ ਗਏ ਸਨ, ਉਨ੍ਹਾਂ ਦਾ ਇਨ੍ਹਾਂ ਦੰਗਿਆਂ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਇਹ ਮੰਨਦੇ ਹਨ ਕਿ ਇਹੀ ਕਾਰਨ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਨੂੰ ਪੰਜ ਸਾਲ ਜੇਲ੍ਹ ਵਿਚ ਰੱਖਣ ਦੇ ਬਾਅਦ ਵੀ ਉਸ ਉਤੇ ਕੋਈ ਮੁਕੱਦਮਾ ਸ਼ੁਰੂ ਨਹੀਂ ਹੋਇਆ। ਜਦੋਂ ਮੁਕੱਦਮਾ ਬਣਨ ਜੋਗਾ ਸਬੂਤ ਹੀ ਕੋਈ ਨਾ ਹੋਵੇ, ਤਾਂ ਅਕਸਰ ਮਾਮਲਾ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।

ਉਮਰ ਖਾਲਿਦ ਜਿਹੇ ਦੇਸ਼ ਭਰ ਦੀਆਂ ਜੇਲ੍ਹਾਂ 'ਚ ਬੰਦ 75 ਫ਼ੀਸਦੀ ਇਹੋ ਜਿਹੇ ਕੈਦੀ ਹਨ, ਜਿਨ੍ਹਾਂ ਉਤੇ ਮੁਕੱਦਮਾ ਚਲਾਇਆ ਹੀ ਨਹੀਂ ਗਿਆ। ਜੇਲ੍ਹਾਂ 'ਚ ਕੁੱਲ 5,73,220 ਕੈਦੀ ਹਨ ਅਤੇ ਉਨ੍ਹਾਂ ਵਿਚੋਂ 4,34,302 ਅੰਡਰ ਟਰਾਇਲ ਹਨ।

ਉਮਰ ਖਾਲਿਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਦਿੱਲੀ ਦੰਗਿਆਂ ਵੇਲੇ ਫੜਿਆ ਗਿਆ, ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਦਰਜਨਾਂ ਭਰ ਸਿੱਖ ਕੈਦੀ ਜੇਲ੍ਹਾਂ ਵਿਚ ਇਹੋ ਜਿਹੇ ਡੱਕੇ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਮੁਕੱਦਮਿਆਂ ਵਿਚੋਂ ਵੀ ਬਰੀ ਹੋ ਚੁੱਕੇ ਹਨ। ਪਰ ਹਾਕਮਾਂ ਦੀ ਹੱਠ-ਧਰਮੀ ਵੇਖੋ, ਸ਼ੰਕਿਆਂ ਕਾਰਨ ਉਨ੍ਹਾਂ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਸਿੱਟਾ, ਭਾਰਤ ਦੇਸ਼ ਦਾ ਨਾਮ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ 'ਚ ਨਿਵਾਣ ਵੱਲ ਗਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰ, ਲੇਖਕ, ਬੁੱਧੀਜੀਵੀ, ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਹਨ। ਇਨ੍ਹਾਂ 'ਚ ਵਾਧਾ ਹਾਕਮ ਧਿਰ ਦੇ ਖਿਲਾਫ਼ ਵਿਰੋਧੀ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ ਦਾ ਵੀ ਹੈ, ਜਿਹੜੇ ਈ.ਡੀ., ਸੀ.ਬੀ.ਆਈ. ਇਨਕਮ ਟੈਕਸ ਅਤੇ ਹੋਰ ਖੁਦਮੁਖਤਾਰ ਸੰਸਥਾਵਾਂ (ਜਿਨ੍ਹਾਂ ਨੂੰ ਸਰਕਾਰ ਨੇ ਆਪਣਾ ਤੰਤਰ ਹੀ ਬਣਾ ਲਿਆ ਹੈ) ਦਾ ਸ਼ਿਕਾਰ ਬਣਾ ਦਿੱਤੇ ਗਏ ਹਨ।

ਨਾਗਰਿਕਤਾ ਸੰਸ਼ੋਧਨ ਜਾਂ ਸੀ.ਏ.ਏ. ਖਿਲਾਫ਼ ਜਿਸ ਢੰਗ ਨਾਲ ਵਿਰੋਧ, ਦੰਗੇ ਫਸਾਦ ਹੋਏ। ਜਿਸ ਢੰਗ ਨਾਲ ਸਰਕਾਰ ਨੇ ਇਨ੍ਹਾਂ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ-ਫੜ ਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ ਕੀਤੇ, ਉਹ ਬਿਨਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁਨਾਂ ਨੇ ਪ੍ਰਮੁੱਖ ਭੂਮਿਕਾ ਨਿਭਾ ਕੇ ਕੀਤੀ ਸੀ। ਟੈਲੀਵੀਜਨ ਉਤੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਹਰੇ ਲਾ ਕੇ ਸੰਦੇਸ਼ ਦਿੱਤਾ ਸੀ ਕਿ ਬਦਲਾ ਸਿੱਖਾਂ ਤੋਂ ਲਿਆ ਜਾਏਗਾ। ਕੀ ਇਨ੍ਹਾਂ ਦੰਗਿਆਂ ਦੇ ਜ਼ੁੰਮੇਵਾਰਾਂ ਨੂੰ ਅੱਜ ਤੱਕ ਵੀ ਸਜ਼ਾਵਾਂ ਮਿਲੀਆਂ? ਅਨੇਕਾਂ ਕਮਿਸ਼ਨ ਬਣੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੰਨ 2020 ਦੇ ਦਿੱਲੀ ਦੰਗਿਆਂ 'ਚ 93 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚ 36 ਮੁਸਲਿਮ ਅਤੇ ਪੰਦਰਾਂ ਹਿੰਦੂ ਸਨ। ਲੇਕਿਨ ਗ੍ਰਿਫ਼ਤਾਰ ਕੇਵਲ ਮੁਸਲਿਮ ਕੀਤੇ ਗਏ। ਬੇਬੁਨਿਆਦ ਕੇਸ ਦਰਜ ਹੋਏ। ਜਿਨ੍ਹਾਂ ਉਤੇ ਮੁਕੱਦਮੇ ਬਣੇ, ਉਨ੍ਹਾਂ ਵਿਚੋਂ 96 ਬਰੀ ਹੋ ਗਏ, ਇਨ੍ਹਾਂ ਵਿਚ 93 ਅਜਿਹੇ ਸਨ, ਜਿਨ੍ਹਾਂ 'ਤੇ ਝੂਠੇ ਮੁਕੱਦਮੇ ਦਰਜ ਹੋਏ ਸਨ। ਇਹ ਦੰਗੇ ਜਦੋਂ ਹੋਏ, ਉਦੋਂ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡੋਨਲਡ ਟਰੰਪ ਦਾ ਖ਼ੂਬ ਸ਼ਾਨੋ-ਸ਼ੌਕਤ ਨਾਲ ਸਵਾਗਤ ਹੋਇਆ ਸੀ ਅਤੇ ਨਰੇਂਦਰ ਮੋਦੀ ਇਹ ਸਵਾਗਤ ਕਰ ਰਹੇ ਸਨ। ਪੁਲਿਸ ਨੇ ਸਥਿਤੀ ਨੂੰ ਨਿਪਟਾਉਣ ਲਈ ਜਿਹੜਾ ਵੀ ਅੜਿੱਕੇ ਆਇਆ, ਉਸ ਨੂੰ ਚੁੱਕ ਕੇ ਜੇਲ੍ਹ ਸੁੱਟ ਦਿੱਤਾ। ਇਸ ਦੰਗਿਆਂ ਵਾਲੇ ਕੇਸ 'ਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਉਤੇ ਮਾਸਟਰ ਮਾਈਂਡ ਹੋਣ ਦਾ ਦੋਸ਼ ਲੱਗਾ, ਜੋ ਅੱਜ ਤੱਕ ਜੇਲ੍ਹ 'ਚ ਸੜ ਰਿਹਾ ਹੈ ਅਤੇ ਹੇਠਲੀਆਂ ਅਦਾਲਤਾਂ ਸਮੇਤ ਹਾਈਕੋਰਟ ਵਿਚੋਂ ਵੀ ਉਸਨੂੰ ਜ਼ਮਾਨਤ ਨਹੀਂ ਮਿਲੀ। ਹੁਣ ਜ਼ਮਾਨਤ ਲਈ ਸੁਣਵਾਈ ਸੁਪਰੀਮ ਕੋਰਟ 'ਚ ਹੈ।

ਦੇਸ਼ ਇਸ ਵੇਲੇ ਜਿਥੇ ਵੋਟ ਰਾਜਨੀਤੀ ਨਾਲ ਤ੍ਰਭਕਿਆ ਪਿਆ ਹੈ। ਹਾਕਮਾਂ 'ਤੇ ਵੋਟ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ। ਫਿਰਕਾਪ੍ਰਸਤੀ ਦੀ ਹਨ੍ਹੇਰੀ ਵਗਾ ਕੇ ਜਿਵੇਂ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਉਸ ਨਾਲ ਦੇਸ਼ ਵਿਚ ਧੱਕੇ ਧੌਂਸ ਦੀ ਰਾਜਨੀਤੀ ਦਾ ਬੋਲਬਾਲਾ ਹੋ ਰਿਹਾ ਹੈ।

ਭਾਰਤ ਨੂੰ ਸਮਾਜਿਕ ਬੇਇਨਸਾਫ਼ੀ ਦੇ ਮੁੱਦਿਆਂ ਨੇ ਤਾਂ ਜਕੜਿਆ ਹੀ ਹੋਇਆ ਹੈ। ਨਸਲੀ, ਨਾ ਬਰਾਬਰੀ, ਜ਼ੋਨ ਉਤਪੀੜਨ, ਔਰਤਾਂ ਨਾਲ ਵਿਤਕਰਾ, ਤਨਖ਼ਾਹ 'ਚ ਅਸਮਾਨਤਾ ਤਾਂ ਹੈ ਹੀ, ਪਰ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਧਾਰਮਿਕ ਭੇਦਭਾਵ ਮੌਜੂਦਾ ਸਿਆਸੀ ਹਾਕਮਾਂ ਦੀ ਦੇਣ ਹਨ। ਇਸ ਵਿਚੋਂ ਹੀ ਗਰੀਬ-ਅਮੀਰ ਦਾ ਪਾੜਾ, ਔਰਤਾਂ ਦੀ ਅਸੁਰੱਖਿਆ, ਸਿਆਸਤ ਵਿਚ ਸਾਮ, ਦਾਮ, ਦੰਡ ਦੀ ਵਰਤੋਂ ਅਤੇ ਨਫ਼ਰਤੀ ਵਤੀਰਾ ਇਨਸਾਫ਼ ਨੂੰ ਛਿੱਕੇ ਟੰਗ ਰਿਹਾ ਹੈ। ਇਸ ਨਫ਼ਰਤੀ ਵਤੀਰੇ ਕਾਰਨ, ਪਾਰਲੀਮੈਂਟ ਮੈਂਬਰਾਂ ਵਿਚ 46 ਫ਼ੀਸਦੀ ਅਪਰਾਧਕ ਮਾਮਲਿਆਂ 'ਚ ਲਿਪਤ ਲੋਕ ਹਨ। ਇਨ੍ਹਾਂ ਵਿਚੋਂ 31 ਉਤੇ ਹੱਤਿਆ ਦੇ ਮਾਮਲੇ ਹਨ ਅਤੇ ਚੁਣੀਆਂ ਗਈਆਂ ਸਾਂਸਦ-ਵਿਧਾਇਕ ਔਰਤਾਂ ਵਿਚੋਂ 28 ਫ਼ੀਸਦੀ 'ਤੇ ਅਪਰਾਧਿਕ ਮੁਕੱਦਮੇ ਦਰਜ ਹਨ, ਜਿਨ੍ਹਾਂ ਵਿਚ 15 ਦੇ ਖਿਲਾਫ਼ ਹੱਤਿਆ ਦੇ ਮਾਮਲੇ ਹਨ। ਵੰਸ਼ਵਾਦ ਦਾ ਐਡਾ ਦਬਾਅ ਹੈ ਕਿ ਦੇਸ਼ ਦੇ 21 ਫ਼ੀਸਦੀ ਸਾਂਸਦ-ਵਿਧਾਇਕ ਸਿਆਸੀ ਪਰਿਵਾਰਾਂ ਵਿਚੋਂ ਹੀ ਹਨ। ਅਪਰਾਧਕ ਵਿਰਤੀ ਅਤੇ ਵੰਸ਼ਵਾਦ ਦੀ ਗਹਿਰੀ ਪਕੜ ਨੇ ਰਾਜਨੀਤੀ, ਇਨਸਾਫ਼ ਅਤੇ ਲੋਕਤੰਤਰ ਉਤੇ ਡੂੰਘਾ ਅਸਰ ਪਾਇਆ ਹੈ। ਯੋਗ ਨੇਤਾਵਾਂ ਕੋਲੋਂ ਅੱਗੇ ਆਉਣ ਦਾ ਮੌਕਾ ਖੋਹਿਆ ਜਾ ਰਿਹਾ ਹੈ। ਦੇਸ਼ 'ਚ ਇਹੋ ਜਿਹੇ ਕੰਮ ਲੋਕਾਂ ਦੀ ਇਨਸਾਫ਼ ਪ੍ਰਤੀ ਤਾਂਘ ਅਤੇ ਝਾਕ ਨੂੰ ਖੁੰਡਾ ਕਰਨ ਵਾਲਾ ਤੰਤਰ ਬਣ ਚੁੱਕੇ ਹਨ। ਗੱਦੀ ਨੂੰ ਹੱਥੋਂ ਨਾ ਜਾਣ ਦੇਣਾ, ਧਰਮ ਦੇ ਨਾਮ ਉਤੇ ਸਿਆਸਤ ਕਰਨਾ, ਜਾਤ-ਬਰਾਦਰੀ ਦੇ ਨਾਮ ਉਤੇ ਵੋਟ ਬਟੋਰਨਾ ਅਤੇ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਉਤੇ ਕਾਬੂ ਪਾਉਣਾ, ਇਨਸਾਫ਼ ਨੂੰ ਖੂਹ 'ਚ ਸੁੱਟਣ ਸਮਾਨ ਹੈ।

ਪਿਛਲੇ ਦਿਨੀਂ ਚੋਣ ਕਮਿਸ਼ਨ ਉਤੇ ਲੱਗੇ ਦੋਸ਼ ਕਈ ਸਵਾਲ ਖੜ੍ਹੇ ਕਰ ਰਹੇ ਹਨ। ਚੋਣ ਕਮਿਸ਼ਨ ਦਾ ਇੱਕ ਪਾਸੜ ਹੋ ਕੇ ਕੰਮ ਕਰਨਾ ਇਨਸਾਫ਼ ਦੇ ਤਰਾਜੂ ਨੂੰ ਖਪਾਉਣ ਦਾ ਯਤਨ ਹੈ। ਸਮੇਂ-ਸਮੇਂ 'ਤੇ ਅਦਾਲਤਾਂ ਉਤੇ ਵੀ ਇੱਕ ਪਾਸੜ ਅਤੇ ਹਾਕਮਾਂ ਦਾ ਪ੍ਰਭਾਵ ਕਬੂਲਣ ਦੇ ਦੋਸ਼ ਲੱਗਦੇ ਦਿਸਦੇ ਹਨ ਅਤੇ ਕਈ ਜੱਜਾਂ ਦੀ ਕਾਰਗੁਜ਼ਾਰੀ ਵੀ ਸ਼ੰਕੇ ਦੇ ਘੇਰੇ 'ਚ ਆਉਂਦੀ ਹੈ, ਜਦੋਂ ਉਹ ਸੇਵਾ ਮੁਕਤੀ ਉਪਰੰਤ ਤੁਰੰਤ ਬਾਅਦ ਰਾਜ ਸਭਾ ਦੇ ਮੈਂਬਰ, ਗਵਰਨਰੀ ਜਾਂ ਉੱਚ ਅਹੁਦੇ ਕਬੂਲ ਲੈਂਦੇ ਹਨ।

ਉਹ ਸੰਸਥਾ ਜਿਸ ਉਤੇ ਦੇਸ਼ ਨੂੰ ਕਦੇ ਵੱਡਾ ਮਾਣ ਸੀ ਅਤੇ ਜਿਸਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਗਿਣਿਆ ਜਾਂਦਾ ਸੀ, ਉਹ ਗੋਦੀ ਮੀਡੀਆ ਦਾ ਰੂਪ ਧਾਰਨ ਕਰ ਚੁੱਕਾ ਹੈ। ਜਿਸਨੂੰ ਸਿਆਸਤਦਾਨਾਂ, ਹਾਕਮਾਂ, ਅਜਾਰੇਦਾਰਾਂ ਨੇ ਹਥਿਆ ਲਿਆ ਹੈ।

ਮਨੀਪੁਰ ਇਨਸਾਫ਼ ਦੀ ਝਾਕ 'ਚ ਹੈ, ਜੋ ਦਹਾਕਿਆਂ ਤੋਂ ਹਾਕਮਾਂ ਦੀਆਂ ਆਪਹੁਦਰੀਆਂ ਦਾ ਸ਼ਿਕਾਰ ਹੈ। ਦੋ-ਤਿੰਨ ਟੋਟਿਆਂ 'ਚ ਵੰਡ ਦਿੱਤਾ ਗਿਆ। ਜੰਮੂ ਕਸ਼ਮੀਰ ਇਨਸਾਫ ਲਈ ਤਰਸ ਰਿਹਾ ਹੈ, ਵਾਅਦਿਆਂ ਦੇ ਬਾਵਜੂਦ ਉਥੋਂ ਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਪੰਜਾਬ ਹਮੇਸ਼ਾ ਵਾਂਗ ਹਾਕਮਾਂ ਦੇ ਮਤਰੇਏ ਸਲੂਕ ਕਾਰਨ ਝੰਬਿਆ, ਇਨਸਾਫ਼ ਭਾਲ ਰਿਹਾ ਹੈ। ਇਨਸਾਫ਼ ਦੀ ਭਾਲ 'ਚ ਤਾਂ ਦੇਸ਼ ਦੇ ਉਹ ਸਾਰੇ ਲੋਕ ਹਨ, ਜਿਹੜੇ ਜੀਊਣ ਦੇ ਘੱਟੋ-ਘੱਟ ਸਾਧਨਾਂ ਤੋਂ ਵਿਰਵੇ ਹਨ। ਤੰਗੀਆਂ-ਤੁਰਸ਼ੀਆਂ 'ਚ ਜੀਵਨ ਗੁਜ਼ਾਰ ਰਹੇ ਹਨ। ਅਤੇ ਜਿਹੜੇ ਨਿੱਤ ਗਰੀਬ, ਅਤਿ ਗਰੀਬ ਹੋ ਰਹੇ ਹਨ।

ਇਨਸਾਫ਼ ਦੀ ਝਾਕ ਘੱਟ-ਗਿਣਤੀਆਂ, ਔਰਤਾਂ ਨੂੰ ਹੈ, ਜੋ ਦੂਹਰੀ ਗੁਲਾਮੀ ਦੀ ਜ਼ਿੰਦਗੀ ਜੀਊਂਦੀਆਂ ਹਨ। ਇਨਸਾਫ਼ ਦੀ ਝਾਕ ਉਨ੍ਹਾਂ ਸਭਨਾਂ ਨੂੰ ਹੈ, ਜਿਹੜੇ ਹਾਕਮਾਂ ਦੇ ਜ਼ੁਲਮ, ਜਬਰ, ਲਾਲਚੀ, ਹੈਂਕੜ ਭਰੇ ਵਤੀਰੇ ਕਾਰਨ ਡਰ-ਸਹਿਮ 'ਚ ਜ਼ਿੰਦਗੀ ਗੁਜ਼ਾਰ ਰਹੇ ਹਨ।

ਇਨਸਾਫ਼ ਦੀ ਇਹ ਝਾਕ-ਤਾਕ ਵਿਚੋਂ ਲੋਅ ਬਣੇਗੀ, ਜਦੋਂ ਜ਼ੁਲਮ ਸਹਿ ਰਹੇ ਲੋਕਾਂ ਦੇ ਮਨਾਂ 'ਚ ਲੜਨ ਅਤੇ ਜਿੱਤਣ ਦੀ ਲਾਲਸਾ ਪੈਦਾ ਹੋਏਗੀ ਅਤੇ ਉਹ ਬਿਹਤਰ ਜ਼ਿੰਦਗੀ ਜੀਊਣ ਲਈ ਸੰਘਰਸ਼ ਦਾ ਰਸਤਾ ਅਪਨਾਉਣਗੇ।

# 'ਭਈਏ ਭਜਾਓ' ਮੁਹਿੰਮ ਅਤੇ ਪਰਵਾਸ ਦਾ ਸਵਾਲ

***ਪੰਜਾਬ ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ ਉੱਪਰ ਕਾਬੂ ਪਾਉਣ ਲਈ ਜੂਝ ਰਿਹਾ ਹੈ। ਪੂਰੀ ਤਰ੍ਹਾਂ ਨਾਕਾਮ ਗਵਰਨੈਂਸ ਲਈ ਸਰਕਾਰਾਂ ਦੀ ਜਵਾਬਦੇਹੀ ਤੇ ਹੜ੍ਹ-ਪੀੜਤਾਂ ਲਈ ਨਿਆਂ ਲਈ ਸੰਘਰਸ਼ ਇਸ ਸਮੇਂ ਸਭ ਤੋਂ ਮਹੱਤਵਪੂਰਨ ਹੈ। ਇਸ ਦਰਮਿਆਨ ਇਕ ਬੱਚੇ ਨਾਲ ਦਰਿੰਦਗੀ ਵਿਰੁੱਧ ਲੋਕਾਈ ਦੇ ਗੁੱਸੇ ਅਤੇ ਤਾਕਤ ਨੂੰ 'ਭਈਏ ਭਜਾਓ' ਵੱਲ ਲਾਇਆ ਜਾ ਰਿਹਾ ਹੈ। ਪਰਵਾਸ ਦੇ ਸਵਾਲ ਨੂੰ ਕਿਵੇਂ ਲਿਆ ਜਾਵੇ, ਇਸ ਦੇ ਹਵਾਲੇ ਨਾਲ ਕੁਝ ਮਹੱਤਵਪੂਰਨ ਨੁਕਤਿਆਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ॥***







ਹੁਸ਼ਿਆਰਪੁਰ ਵਿਚ ਮੁਜਰਮ ਬਿਰਤੀ ਵਾਲੇ ਇਕ ਪਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਨਾਲ ਬਦਫੈਲੀ ਕਰਨ ਉਪਰੰਤ ਬੱਚੇ ਦੇ ਘਿਣਾਉਣੇ ਕਤਲ ਵਿਰੁੱਧ ਰੋਹ ਪੈਦਾ ਹੋਣਾ ਸੁਭਾਵਿਕ ਹੈ। ਹਰ ਇਨਸਾਨ ਨੇ ਉਸ ਬੱਚੇ ਅਤੇ ਉਸਦੇ ਪਰਿਵਾਰ ਦਾ ਦੁੱਖ ਮਹਿਸੂਸ ਕੀਤਾ ਹੈ। ਇਨਸਾਨੀਅਤ ਦਾ ਹਰੇਕ ਦਰਦਮੰਦ (ਜਿਨ੍ਹਾਂ ਵਿਚ ਪਰਵਾਸੀ ਵੀ ਸ਼ਾਮਲ ਹਨ) ਚਾਹੁੰਦਾ ਹੈ ਕਿ ਮ੍ਰਿਤਕ ਬੱਚੇ ਦੇ ਮਾਮਲੇ 'ਚ ਨਿਆਂ ਲਾਜ਼ਮੀ ਹੋਵੇ ਅਤੇ ਮੁਜਰਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੋ ਅਜਿਹੇ ਘਿਣਾਉਣੇ ਜੁਰਮਾਂ ਨੂੰ ਠੱਲ ਪਵੇ। ਪਰ ਚਿੰਤਾਜਨਕ ਗੱਲ ਇਹ ਹੈ ਕਿ ਭਾਈਚਾਰਕ ਸਾਂਝ ਦੀਆਂ ਦੋਖੀ ਤਾਕਤਾਂ ਇਸ ਨੂੰ ਪਰਵਾਸੀ ਬਨਾਮ

**ਬੂਟਾ ਸਿੰਘ ਮਹਿਮੂਦਪੁਰ**

ਪੰਜਾਬੀ ਮੁੱਦਾ ਬਣਾਉਣ 'ਤੇ ਤੁਲੀਆਂ ਹੋਈਆਂ ਹਨ। ਇਹ ਅਨਸਰ ਹਮੇਸ਼ਾ ਐਸੀ ਕਿਸੇ ਮਾੜੀ ਘਟਨਾ ਦੀ ਤਾਕ 'ਚ ਬੈਠੇ ਰਹਿੰਦੇ ਹਨ ਕਿ ਪਰਵਾਸੀ ਬੰਦਾ ਕੋਈ ਅਜਿਹੀ ਘਟੀਆ, ਸਮਾਜ ਵਿਰੋਧੀ ਹਰਕਤ ਕਰੇ ਜਿਸ ਨਾਲ ਉਨ੍ਹਾਂ ਨੂੰ ਸਮੁੱਚੇ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਦਾ ਮੌਕਾ ਮਿਲੇ। ਜਦੋਂ ਬਾਹਰਲੇ ਰਾਜਾਂ ਤੋਂ ਗ਼ੈਰ-ਪੰਜਾਬੀ ਲੋਕ ਭਾਈਚਾਰਕ ਭਾਵਨਾ ਦੇ ਤਹਿਤ ਹੜ੍ਹਾਂ ਮਾਰੇ ਪੰਜਾਬੀਆਂ ਦੀ ਮੱਦਦ ਕਰਨ ਲਈ ਆ ਰਹੇ ਸਨ ਤਾਂ ਅਜਿਹੀਆਂ ਤਾਕਤਾਂ ਵੱਲੋਂ ਇਸ ਘਿਣਾਉਣੇ ਕਾਂਡ ਦੇ ਬਹਾਨੇ ਸਮੁੱਚੇ ਪਰਵਾਸੀ ਭਾਈਚਾਰੇ ਵਿਰੁੱਧ ਨਫ਼ਰਤ ਭੜਕਾਉਣੀ ਸ਼ੁਰੂ ਕਰ ਦਿੱਤੀ ਗਈ। ਇੱਥੇ ਮਸਲਾ ਤਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਾਉਣ ਦਾ ਬਣਦਾ ਹੈ ਪਰ ਇਨ੍ਹਾਂ ਪੰਜਾਬ 'ਹਿਤੈਸ਼ੀਆਂ' ਨੇ ਮੁੱਖ ਮੁੱਦਾ ਸਮੁੱਚੇ ਪਰਵਾਸੀਆਂ ਦੇ ਨਾਗਰਿਕ ਹੱਕ ਛਾਂਗਣ ਨੂੰ ਬਣਾਇਆ ਹੋਇਆ ਹੈ।

ਇੱਧਰ ਪੰਜਾਬ ਵਿਚ ਦੂਜੇ ਰਾਜਾਂ ਦੇ ਪਰਵਾਸੀਆਂ ਵਿਰੁੱਧ ਨਫ਼ਰਤ ਫੈਲਾਈ ਜਾ ਰਹੀ ਹੈ ਅਤੇ ਉੱਧਰ ਯੂ.ਕੇ.-ਆਸਟ੍ਰੇਲੀਆ-ਨਿਊਜ਼ੀਲੈਂਡ-ਕੈਨੇਡਾ ਵਗੈਰਾ 'ਚ ਨਸਲਵਾਦੀ ਤਾਕਤਾਂ ਪਰਵਾਸੀਆਂ ਵਿਰੁੱਧ ਦਹਿ-ਹਜ਼ਾਰਾਂ ਦੀ ਗਿਣਤੀ 'ਚ ਇਕੱਠੇ ਹੋ ਕੇ ਮੁਜ਼ਾਹਰੇ ਕਰ ਰਹੀਆਂ ਹਨ। ਲੰਦਨ ਵਿਚ ਅਜੋਕੇ ਸਮਿਆਂ ਦੇ ਅਜਿਹੇ ਸਭ ਤੋਂ ਵੱਡੇ 'ਯੂਨਾਈਟ ਦ ਕਿੰਗਡਮ' ਮੁਜ਼ਾਹਰੇ ਵਿਚ ਇਕ ਲੱਖ ਤੋਂ ਵੱਧ ਲੋਕ ਸ਼ਾਮਲ ਹੋਏ। ਉਸ ਮੁਜ਼ਾਹਰੇ ਵਿਚ ਟੈੱਕ ਖ਼ਰਬਪਤੀ ਐਲਨ ਮਸਕ ਦੀ ਦਿਲਚਸਪੀ ਅਤੇ ਉਚੇਚੀ ਸ਼ਮੂਲੀਅਤ ਦਰਸਾਉਂਦੀ ਹੈ ਕਿ ਸਰਮਾਏਦਾਰੀ ਅਤੇ ਨਸਲਵਾਦ ਦਾ ਕਿੰਨਾ ਗੂੜ੍ਹਾ ਰਿਸ਼ਤਾ ਹੈ। ਇਸੇ ਤਰ੍ਹਾਂ, 13 ਸਤੰਬਰ ਨੂੰ ਟੋਰਾਂਟੋ 'ਚ ਨਸਲਵਾਦੀਆਂ ਨੇ 'ਕੈਨੇਡਾ ਫਸਟ ਪੈਟਰੀਆਟ ਰੈਲੀ' ਕਰਕੇ ਇੰਮੀਗਰੇਸ਼ਨ ਬੰਦ ਕਰਨ ਅਤੇ ਕੈਨੇਡਾ ਉੱਪਰ 'ਬੋਝ' ਬਣੇ ਬਾਹਰਲੇ ਲੋਕਾਂ ਨੂੰ ਕੱਢਣ ਦੀ ਮੰਗ ਕੀਤੀ ਅਤੇ ਕੈਨੇਡੀਅਨ ਪਛਾਣ ਨੂੰ ਬਚਾਉਣ ਦੀ ਹਾਲ-ਦੁਹਾਈ ਮਚਾਈ। ਬੇਸ਼ੱਕ ਨਸਲਵਾਦ ਵਿਰੋਧੀ ਲੋਕਾਂ ਦਾ ਨਸਲਵਾਦੀਆਂ ਨਾਲੋਂ ਵੱਡਾ ਇਕੱਠ ਫ਼ਿਲਹਾਲ ਨਸਲਵਾਦ ਉੱਪਰ ਭਾਰੂ ਰਿਹਾ ਪਰ ਸਰਮਾਏਦਾਰੀ ਪ੍ਰਬੰਧ ਦੇ ਵਧ ਰਹੇ ਸੰਕਟ 'ਚੋਂ ਮਾਨਵਤਾ ਲਈ ਨਸਲਵਾਦ ਦੇ ਗੰਭੀਰ ਖ਼ਤਰੇ ਦੇ ਮੁੜ ਉੱਭਰਨ ਦੇ ਸੰਕੇਤ ਸਪਸ਼ਟ ਹਨ।

ਚਾਹੇ ਯੂ.ਕੇ.-ਆਸਟ੍ਰੇਲੀਆ ਵਗੈਰਾ ਦੇ ਮੁਜ਼ਾਹਰੇ ਹਨ ਜਾਂ ਪੰਜਾਬ ਦੀ 'ਭਈਏ ਭਜਾਓ' ਮੁਹਿੰਮ, ਇਨ੍ਹਾਂ 'ਚ ਸਾਂਝੀ ਤੰਦ ਇਹ ਹੈ ਕਿ ਇਹ ਜੁਰਮਾਂ, ਅਤੇ ਬੇਰੁਜ਼ਗਾਰੀ ਸਮੇਤ ਸਮਾਜ ਦੇ ਬੁਨਿਆਦੀ ਮਸਲਿਆਂ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਉੱਥੋਂ ਦੀਆਂ ਸਰਕਾਰਾਂ ਦੀਆਂ ਨੀਤੀਆਂ ਤੇ ਰਾਜ ਪ੍ਰਬੰਧ ਦੀ ਲੋਕ ਵਿਰੋਧੀ ਖ਼ਸਲਤ ਤੋਂ ਧਿਆਨ ਹਟਾਉਂਦੇ ਹਨ। ਬਾਹਰਲੇ ਮੁਲਕਾਂ ਵਿਚ ਵੀ ਉੱਥੋਂ ਦੇ ਨਸਲਵਾਦੀ ਗੈਂਗ ਪ੍ਰਵਾਸੀ ਭਾਰਤੀਆਂ ਤੇ ਹੋਰ ਪ੍ਰਵਾਸੀਆਂ ਵਿਰੁੱਧ ਇਸੇ ਤਰਜ਼ ਦੀ ਜ਼ਹਿਰ ਫੈਲਾਉਂਦੇ ਦੇਖੇ ਜਾ ਸਕਦੇ ਹਨ। ਪਰਵਾਸੀ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਨੇ ਇਨ੍ਹਾਂ ਮੁਲਕਾਂ 'ਚ ਨਸਲਵਾਦ ਵਿਰੁੱਧ ਲੜਾਈ ਲੜ ਕੇ ਮਾਣ-ਸਨਮਾਨ ਅਤੇ ਨਾਗਰਿਕਤਾ ਹੱਕ ਹਾਸਲ ਕੀਤੇ ਸਨ। ਹੁਣ ਜਦੋਂ ਆਲਮੀ ਪੱਧਰ 'ਤੇ ਘੋਰ ਪਿਛਾਖੜੀ ਤਾਕਤਾਂ ਦੇ ਮੁੜ-ਉਭਾਰ ਨਾਲ ਨਸਲਵਾਦੀ ਤਾਕਤਾਂ ਵਧੇਰੇ ਹਮਲਾਵਰ ਹੋ ਰਹੀਆਂ ਹਨ, ਤਾਂ ਉੱਥੇ ਵਸਦੇ ਪਰਵਾਸੀ ਭਾਰਤੀਆਂ ਅਤੇ ਹੋਰ ਪਰਵਾਸੀਆਂ ਨੂੰ ਆਪਣੇ ਹਿਤਾਂ ਤੇ ਹੱਕਾਂ ਦੀ ਰਾਖੀ ਲਈ ਨਸਲਵਾਦ ਵਿਰੁੱਧ ਮੁੜ ਡੱਟਣਾ ਪੈਣਾ ਹੈ। ਲੰਦਨ ਦੇ ਉਪਰੋਕਤ ਮੁਜ਼ਾਹਰੇ ਦੇ ਵਿਰੋਧ 'ਚ ਉਸੇ ਪ੍ਰਸ਼ਾਸਨਿਕ ਕੇਂਦਰ ਵਿਚ ਬਿਲਕੁਲ ਦੂਜੇ ਪਾਸੇ 'ਸਟੈਂਡ ਅੱਪ ਟੂ ਰੇਸਿਜ਼ਮ' ਮੁਜ਼ਾਹਰਾ ਕੀਤਾ ਗਿਆ ਜਿਸ ਵਿਚ ਪੰਜ ਹਜ਼ਾਰ ਲੋਕਾਂ ਦਾ ਸ਼ਾਮਲ ਹੋ ਕੇ ਨਸਲਵਾਦ ਵਿਰੁੱਧ ਆਵਾਜ਼ ਉਠਾਉਣਾ ਇਸ ਦਿਸ਼ਾ 'ਚ ਬਹੁਤ ਸਾਰਥਕ ਹੰਭਲਾ ਹੈ।

ਕੁਝ ਦਿਨ ਪਹਿਲਾਂ ਰੋਪੜ-ਨਵਾਸ਼ਹਿਰ ਪੱਟੀ ਦੇ ਪਿੰਡ ਰੈਲਮਾਜਰੇ ਵਿਚ ਇਸੇ ਤਰ੍ਹਾਂ ਪਰਵਾਸੀ ਵਿਰੋਧੀ ਮੁੱਦਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਹੁਣ ਹੁਸ਼ਿਆਰਪੁਰ ਦਾ ਉਪਰੋਕਤ ਦਿਲ-ਕੰਬਾਊ ਕਾਂਡ 'ਭਈਏ ਭਜਾਓ, ਪੰਜਾਬ ਬਚਾਓ' ਏਜੰਡੇ ਵਾਲਿਆਂ ਲਈ ਵਰਦਾਨ ਬਣ ਕੇ ਬਹੁੜਿਆ ਹੈ, ਅਤੇ ਉਨ੍ਹਾਂ ਨੂੰ ਪਰਵਾਸੀਆਂ ਵਿਰੁੱਧ ਮਾਹੌਲ ਭੜਕਾਉਣ ਦਾ ਮੌਕਾ ਮਿਲ ਗਿਆ ਹੈ। ਪੰਜਾਬ ਵਿਚ ਦਹਾਕਿਆਂ ਤੋਂ ਪਰਵਾਸੀਆਂ ਵਿਰੁੱਧ ਜ਼ਹਿਰੀਲਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਹੁਣ ਸੋਸ਼ਲ ਮੀਡੀਆ ਉੱਪਰ ਧੜਾ-ਧੜ ਅਜਿਹੀਆਂ ਪੋਸਟਾਂ ਵਾਇਰਲ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਪਰਵਾਸੀ ਕਿਰਤੀਆਂ ਪ੍ਰਤੀ ਪੰਜਾਬ ਦੇ ਲੋਕਾਂ 'ਚ ਬੇਵਿਸ਼ਵਾਸੀ ਵਧੇ ਅਤੇ ਫਿਰਕੂ ਜ਼ਹਿਰੀਲਾ ਪ੍ਰਭਾਵ ਕਬੂਲ ਕੇ ਉਹ ਇਹ ਸੋਚਣ ਲੱਗ ਜਾਣ ਕਿ ਸਾਰੇ ਪਰਵਾਸੀ ਜਰਾਇਮਪੇਸ਼ਾ ਹਨ ਤੇ ਉਨ੍ਹਾਂ ਦਾ ਇੱਥੇ ਰਹਿਣਾ ਪੰਜਾਬ ਦੀ ਹੋਂਦ ਤੇ ਅਮਨ-ਅਮਾਨ ਲਈ ਖ਼ਤਰਾ ਹੈ। ਉਪਰੋਕਤ ਘਿਣਾਉਣੇ ਜੁਰਮ ਦੇ ਬਹਾਨੇ ਝੂਠੇ ਬਿਰਤਾਂਤ ਦਾ ਸਹਾਰਾ ਲੈ ਕੇ ਆਮ ਲੋਕਾਂ ਨੂੰ ਭੜਕਾ ਕੇ ਪਰਵਾਸੀਆਂ ਦੇ ਗ਼ਲ ਪਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜਦੋਂ ਪੰਜਾਬ ਵਿਚ ਸਮਾਜਿਕ-ਆਰਥਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਅਸੁਰੱਖਿਅਤ ਹਨ ਤਾਂ ਚੌਤਰਫ਼ੇ ਸੰਕਟ ਦੇ ਮੂਲ ਕਾਰਨਾਂ ਦੀ ਸਮਝ ਨਾ ਹੋਣ ਕਾਰਨ ਆਮ ਲੋਕਾਈ ਦਾ ਫਿਰਕੂ ਬਿਰਤਾਂਤ ਦਾ ਅਸਰ ਕਬੂਲ ਲੈਣਾ ਅਤੇ 'ਪੰਜਾਬ ਬਚਾਓ' ਦੀਆਂ ਭਾਵਨਾਵਾਂ ਦੇ ਵਹਿਣ 'ਚ ਵਹਿ ਤੁਰਨਾ ਸੁਭਾਵਿਕ ਹੈ। ਬਠਿੰਡਾ, ਨਵਾਂ ਸ਼ਹਿਰ, ਹੁਸ਼ਿਆਰਪੁਰ, ਮੋਹਾਲੀ ਆਦਿ ਜ਼ਿਲ੍ਹਿਆਂ ਵਿਚ ਕੁਝ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਰਵਾਸੀਆਂ ਨੂੰ ਪਿੰਡਾਂ ਵਿਚੋਂ ਕੱਢਣ ਅਤੇ ਪਿਛੋਕੜ ਦੀ ਪੜਤਾਲ ਨੂੰ ਲਾਜ਼ਮੀ ਸ਼ਰਤ ਬਣਾਉਣ ਦੇ ਮਤੇ ਪਾਏ ਗਏ ਹਨ। ਕੁਝ ਥਾਵਾਂ 'ਤੇ ਰੇੜ੍ਹੀ-ਫੜ੍ਹੀ ਲਗਾਉਣ ਵਾਲੇ ਪਰਵਾਸੀਆਂ ਨੂੰ ਧਮਕਾਇਆ ਗਿਆ ਹੈ। ਕੁਝ ਥਾਈਂ ਪਰਵਾਸੀਆਂ ਨੂੰ ਡਰਾ ਕੇ ਭਜਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਰੋਪੜ ਵਿਚ ਸਿੱਖ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਆਏ ਪਰਵਾਸੀ ਸ਼ਰਧਾਲੂਆਂ ਨੂੰ ਧਮਕਾ ਕੇ ਟਰੇਨ ਚੜ੍ਹਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਮਾਹੌਲ ਤੋਂ ਸਹਿਮੇ ਕੁਝ ਪਰਵਾਸੀ ਵਾਪਸ ਵੀ ਜਾ ਰਹੇ ਹਨ।

ਬਾਹਰੋਂ ਦੇਖਿਆਂ ਲੱਗ ਸਕਦਾ ਹੈ ਕਿ ਪਰਵਾਸੀਆਂ ਨੂੰ ਮਕਾਨ ਕਿਰਾਏ 'ਤੇ ਦੇਣ ਜਾਂ ਕੰਮ 'ਤੇ ਰੱਖਣ ਸਮੇਂ ਉਨ੍ਹਾਂ ਦੇ ਪਿਛੋਕੜ ਦੀ ਪੜਤਾਲ ਕਰਨ 'ਚ ਗ਼ਲਤ ਕੀ ਹੈ। ਅਸਲ ਮਨਸ਼ਾ ਵਿਅਕਤੀਗਤ ਪੜਤਾਲ ਦਾ ਨਹੀਂ, ਸਮੁੱਚੇ ਪਰਵਾਸੀ ਭਾਈਚਾਰੇ ਨੂੰ ਜਰਾਇਮਪੇਸ਼ਾ ਬਣਾ ਕੇ ਪੇਸ਼ ਕਰਨ ਦਾ ਹੈ। ਵਿਅਕਤੀਗਤ ਪੜਤਾਲ ਤਾਂ ਮਕਾਨ ਜਾਂ ਕੰਮ ਦੇਣ ਵਾਲੇ ਕਰ ਹੀ ਸਕਦੇ ਹਨ। ਪਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਅਤੇ ਉਨ੍ਹਾਂ ਵਿਰੁੱਧ ਮਤੇ ਪਾਉਣ ਲਈ ਉਕਸਾਉਣ ਵਾਲਿਆਂ ਦੀ ਮਨਸ਼ਾ ਹੋਰ ਹੈ। ਪਰਵਾਸੀਆਂ ਕਿਰਤੀਆਂ ਨੂੰ ਡਰਾ-ਧਮਕਾ ਕੇ ਪੰਜਾਬ ਵਿਚੋਂ ਭਜਾਉਣ ਪਿੱਛੇ ਭਾਈਚਾਰਕ ਟਕਰਾਅ ਖੜ੍ਹਾ ਕਰਨ ਦੀ ਬਦਨੀਅਤ ਸਾਫ਼ ਨਜ਼ਰ ਆ ਰਹੀ ਹੈ। ਅਜਿਹੇ ਅਨਸਰ ਚਾਹੁੰਦੇ ਹਨ ਕਿ ਇਨ੍ਹਾਂ ਭੜਕਾਊ ਘਟਨਾਵਾਂ ਦੇ ਪ੍ਰਤੀਕਰਮ 'ਚ ਹੋਰ ਰਾਜਾਂ ਵਿਚ ਪੰਜਾਬੀਆਂ ਵਿਰੁੱਧ ਮਾਹੌਲ ਭੜਕੇ, ਫਿਰਕੂ ਝਗੜਾ ਪੈਦਾ ਹੋਵੇ ਅਤੇ ਉਨ੍ਹਾਂ ਨੂੰ ਆਪਣੇ ਫਿਰਕੂ, ਪਾਟਕ-ਪਾਊ ਏਜੰਡੇ ਨੂੰ ਜਾਇਜ਼ ਠਹਿਰਾਉਣ ਲਈ ਹੋਰ ਮਸਾਲਾ ਮਿਲੇ।

ਆਮ ਲੋਕ ਇਹ ਪਛਾਣ ਕਰਨ ਤੇ ਸਮਝਣ ਤੋਂ ਅਸਮਰੱਥ ਹਨ ਕਿ ਪੰਜਾਬ ਨੂੰ ਬਰਬਾਦ ਕਰਨ ਲਈ ਅਸਲ ਵਿਚ ਕਿਹੜੀਆਂ ਤਾਕਤਾਂ ਜ਼ਿੰਮੇਵਾਰ ਹਨ। ਇਸ ਵਕਤ ਕੁਝ ਆਮ ਲੋਕ ਵੀ ਪਰਵਾਸੀਆਂ ਦੀ ਘੇਰਾਬੰਦੀ ਕਰਨ 'ਚ ਲੱਗੇ ਦੇਖੇ ਜਾ ਸਕਦੇ ਹਨ। ਬੇਸ਼ੱਕ ਉਹ ਬਹੁਤ ਨਿੱਕੀ ਜਿਹੀ ਗਿਣਤੀ ਹਨ, ਪਰ ਸੋਸ਼ਲ ਮੀਡੀਆ ਜ਼ਰੀਏ ਫੈਲ ਰਿਹਾ ਝੂਠਾ ਬਿਰਤਾਂਤ ਅਤੇ ਪਰਵਾਸੀਆਂ ਵਿਰੋਧੀ ਕਾਰਵਾਈਆਂ ਪੂਰੇ ਪੰਜਾਬ ਵਿਚ ਲੋਕਾਂ ਦੇ ਮਨਾਂ ਉੱਪਰ ਖ਼ਤਰਨਾਕ ਅਸਰ ਪਾ ਰਹੀਆਂ ਹਨ। ਇਸਨੂੰ ਜੇਕਰ ਬੇਅਸਰ ਨਹੀਂ ਬਣਾਇਆ ਜਾਂਦਾ ਤਾਂ ਸਮਾਂ ਪਾ ਕੇ ਇਹ ਰੁਝਾਨ ਡੂੰਘੀ ਫਿਰਕੂ ਨਫ਼ਰਤ ਦਾ ਰੂਪ ਧਾਰ ਸਕਦਾ ਹੈ।

ਉਪਰੋਕਤ ਬਿਰਤਾਂਤ ਇਸ ਹਕੀਕਤ ਨੂੰ ਲੁਕੋਂਦਾ ਹੈ ਕਿ ਬਿਹਾਰ-ਯੂ.ਪੀ. ਤੋਂ ਕਿਰਤੀਆਂ ਦਾ ਆਉਣਾ ਸਾਜ਼ਿਸ਼ ਤਹਿਤ ਨਹੀਂ ਹੈ। ਪਰਵਾਸ ਸਦੀਆਂ ਪੁਰਾਣਾ ਵਰਤਾਰਾ ਹੈ ਅਤੇ ਹਰ ਮੁਲਕ, ਹਰ ਖਿੱਤੇ, ਹਰ ਭਾਈਚਾਰੇ ਦੇ ਲੋਕ ਬਿਹਤਰ ਰੋਜ਼ਗਾਰ ਅਤੇ ਸੁਰੱਖਿਅਤ ਭਵਿੱਖ ਦੀ ਤਲਾਸ਼ 'ਚ ਮੁਕਾਬਲਤਨ ਖ਼ੁਸ਼ਹਾਲ ਖਿੱਤਿਆਂ, ਬਿਹਤਰ ਰੁਜ਼ਗਾਰ ਮੌਕਿਆਂ ਵਾਲੇ ਰਾਜਾਂ ਤੇ ਮੁਲਕਾਂ ਵੱਲ ਪਰਵਾਸ ਕਰਦੇ ਹਨ। ਇਸੇ ਲੋੜ 'ਚੋਂ ਬਿਹਾਰ, ਯੂ.ਪੀ. ਤੇ ਹੋਰ ਪਿਛੜੀ ਆਰਥਿਕਤਾ ਵਾਲੇ ਰਾਜਾਂ ਦੇ ਲੋਕ ਰੋਜ਼ੀ-ਰੋਟੀ ਲਈ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਆਉਂਦੇ ਹਨ। ਪੰਜਾਬ ਦੇ ਲੋਕ ਭਾਰਤ ਦੇ ਹੋਰ ਰਾਜਾਂ ਵਿਚ ਜਾ ਕੇ ਖੇਤੀਬਾੜੀ ਤੇ ਹੋਰ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਕੁਝ ਕੁ ਖ਼ਾਸ ਜੰਗਲੀ-ਪਹਾੜੀ ਖਿੱਤਿਆਂ ਨੂੰ ਛੱਡ ਕੇ, ਜਿੱਥੇ ਜ਼ਮੀਨਾਂ ਖ਼ਰੀਦਣ ਉੱਪਰ ਰੋਕ ਹੈ। ਇਸੇ ਤਰ੍ਹਾਂ ਭਾਰਤ ਦੇ ਲੋਕਾਂ ਵਿਚ ਹੋਰ ਮੁਲਕਾਂ ਵਿਚ ਜਾ ਕੇ ਪੱਕੇ ਤੌਰ 'ਤੇ ਵਸਣ ਦੀ ਦੌੜ ਵੱਡੇ ਪੈਮਾਨੇ 'ਤੇ ਦੇਖੀ ਜਾ ਸਕਦੀ ਹੈ। ਇਸ ਸਚਾਈ ਨੂੰ ਨਕਾਰਨ ਲਈ 'ਭਈਏ ਭਜਾਓ' ਮੁਹਿੰਮ ਦੇ ਹਮਾਇਤੀ 'ਬੁੱਧੀਜੀਵੀ' ਇਹ ਦਲੀਲ ਦਿੰਦੇ ਹਨ ਕਿ ਓਦੋਂ ਨੇਸ਼ਨ-ਸਟੇਟ ਹੋਂਦ 'ਚ ਨਹੀਂ ਸੀ ਆਏ। ਹੁਣ ਕੌਮੀ ਹੱਦਾਂ ਨਾਲ ਪਛਾਣਾਂ ਪੱਕੀਆਂ ਹੋ ਗਈਆਂ ਹਨ, ਅਤੇ ਇੰਝ ਪਛਾਣਾਂ ਦੀ ਰਾਖੀ ਰੋਜ਼ੀ-ਰੋਟੀ ਦੇ ਸਵਾਲ ਨਾਲੋਂ ਵੱਧ ਮਹੱਤਵਪੂਰਨ ਹੈ। ਪਰ ਪੰਜਾਬ ਦੇ ਲੋਕਾਂ ਦਾ ਆਪਣਾ ਵਤਨ ਛੱਡ ਕੇ, ਸਭ ਕੁਝ ਵੇਚ-ਵੱਟ ਕੇ ਪਰਵਾਸ ਦੀ ਦੌੜ ਵਿਚ ਸ਼ਾਮਲ ਹੋਣਾ ਦੱਸਦਾ ਹੈ ਕਿ ਰੋਜ਼ੀ-ਰੋਟੀ ਅਤੇ ਸੁਰੱਖਿਅਤ ਭਵਿੱਖ ਦੇ ਸਵਾਲ ਮਨੁੱਖ ਲਈ ਅੱਜ ਵੀ ਬੁਨਿਆਦੀ ਹਨ। ਹਰ ਹੀਲੇ ਬਾਹਰਲੇ ਮੁਲਕਾਂ 'ਚ ਜਾ ਕੇ ਵਸਣ ਲਈ ਅਪਣਾਏ ਜਾਂਦੇ ਜਾਇਜ਼-ਨਜਾਇਜ਼ ਤਰੀਕੇ ਇਸਦਾ ਸਬੂਤ ਹਨ।

ਇਸ ਕੌੜੀ ਹਕੀਕਤ ਤੋਂ ਅੱਖਾਂ ਮੀਟ ਕੇ 'ਭਈਏ ਭਜਾਓ' ਦੇ ਹਮਾਇਤੀ ਇਹ ਗ਼ਲਤ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ ਕਿ ਬਦੇਸ਼ਾਂ 'ਚ ਜਾਣ ਲਈ ਕਈ ਤਰ੍ਹਾਂ ਦੇ ਯੋਗਤਾ ਟੈਸਟ ਪਾਸ ਕਰਨੇ ਪੈਂਦੇ ਹਨ ਜਦਕਿ ਪਰਵਾਸੀ ਟਰੇਨ ਚੜ੍ਹ ਕੇ ਪੰਜਾਬ 'ਚ ਆ ਵਸਦੇ ਹਨ। ਪੰਜਾਬੀ ਵੀ ਤਾਂ ਦੂਜੇ ਰਾਜਾਂ ਵਿਚ ਇਸੇ ਤਰ੍ਹਾਂ ਜਾਂਦੇ ਹਨ, ਉਹ ਕਿਹੜਾ ਯੋਗਤਾ ਟੈਸਟ ਪਾਸ ਕਰਕੇ ਜਾਂ ਪੁਲਿਸ ਵੈਰੀਫੀਕੇਸ਼ਨ ਕਰਾ ਕੇ ਜਾਂਦੇ ਹਨ! ਇਹ ਦਲੀਲ ਗ਼ੈਰਪ੍ਰਸੰਗਿਕ ਹੈ, ਕਿਉਂਕਿ ਕੁਝ ਵਿਸ਼ੇਸ਼ ਖਿੱਤਿਆਂ ਨੂੰ ਛੱਡ ਕੇ ਆਪਣੇ ਹੀ ਮੁਲਕ 'ਚ ਨਾਗਰਿਕਾਂ ਉੱਪਰ ਹੋਰ ਰਾਜਾਂ ਵਿਚ ਜਾ ਕੇ ਜ਼ਮੀਨਾਂ ਖ਼ਰੀਦਣ ਅਤੇ ਇਕ ਰਾਜ ਤੋਂ ਦੂਜੇ ਰਾਜ ਵਿਚ ਜਾ ਕੇ ਵਸਣ ਉੱਪਰ ਰੋਕ ਨਹੀਂ ਹੈ ਅਤੇ ਨਾ ਹੀ ਕੋਈ ਰੋਕ ਲਗਾਈ ਜਾਣੀ ਚਾਹੀਦੀ ਹੈ। ਅਮਰੀਕਾ-ਕੈਨੇਡਾ ਜਾਂ ਯੂਰਪੀ ਮੁਲਕਾਂ 'ਚ ਕਿਤੇ ਵੀ ਅਜਿਹੀ ਕੋਈ ਪਾਬੰਦੀ ਨਹੀਂ ਹੈ ਕਿ ਨਾਗਰਿਕ, ਚਾਹੇ ਉਹ ਪਰਵਾਸੀ ਪਿਛੋਕੜ ਵਾਲਾ ਹੀ ਕਿਉਂ ਨਾ ਹੋਵੇ, ਇਕ ਰਾਜ ਤੋਂ ਦੂਜੇ ਰਾਜ ਵਿਚ ਜਾ ਨਹੀਂ ਸਕਦਾ। ਸ਼ੈਨੇਗਨ ਸਮਝੌਤੇ ਦੇ ਮੈਂਬਰ 29 ਯੂਰਪੀ ਮੁਲਕਾਂ ਦੇ ਨਾਗਰਿਕ ਤਾਂ ਇਕ ਦੂਜੇ ਮੁਲਕ ਵਿਚ ਜਾਣ ਲਈ ਵੀ ਆਜ਼ਾਦ ਹਨ।

ਸਾਨੂੰ ਇਹ ਇਤਿਹਾਸ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਮੁਲਕਾਂ ਵਿਚ ਜਾ ਕੇ ਮਨੁੱਖੀ ਮਾਣ-ਸਨਮਾਨ ਨਾਲ ਕਿਰਤ ਕਰਨ ਅਤੇ ਨਾਗਰਿਕਤਾ ਦੇ ਹੱਕ ਸਾਡੇ ਬਜ਼ੁਰਗ ਪਰਵਾਸੀ ਭਾਰਤੀਆਂ/ਪੰਜਾਬੀਆਂ ਨੇ 'ਕਾਮਾਗਾਟਾ ਮਾਰੂ' ਵਰਗੇ ਜਾਨ-ਹੂਲਵੇਂ ਸੰਘਰਸ਼ ਕਰਕੇ ਅਤੇ ਲਗਾਤਾਰ ਸੰਘਰਸ਼ ਲੜਦਿਆਂ ਨਸਲਵਾਦ ਨੂੰ ਪਛਾੜ ਕੇ ਹਾਸਲ ਕੀਤੇ ਸਨ। ਨਸਲਵਾਦੀ ਤਾਕਤਾਂ ਇਸ ਇਤਿਹਾਸਕ ਸ਼ਾਨਾਂਮੱਤੇ ਹਾਸਲ ਨੂੰ ਪੁੱਠਾ ਗੇੜਾ ਦੇਣਾ ਚਾਹੁੰਦੀਆਂ ਹਨ।

ਮੰਦਹਾਲੀ, ਬੇਰੁਜ਼ਗਾਰੀ ਅਤੇ ਆਮ ਲੋਕਾਈ ਦੀਆਂ ਹੋਰ ਸਮੱਸਿਆਵਾਂ ਲਈ ਲੁੱਟ ਅਤੇ ਨਾਬਰਾਬਰੀ 'ਤੇ ਆਧਾਰਤ ਸਰਮਾਏਦਾਰੀ ਪ੍ਰਬੰਧ ਜ਼ਿੰਮੇਵਾਰ ਹੈ। ਸਰਮਾਏਦਾਰ ਕਾਰੋਬਾਰੀ ਵਧੇਰੇ ਸਸਤੀ ਕਿਰਤ ਦੇ ਤੌਰ 'ਤੇ ਪਰਵਾਸੀਆਂ ਕੋਲੋਂ ਕੰਮ ਕਰਵਾਉਣ ਨੂੰ ਤਰਜ਼ੀਹ ਦਿੰਦਾ ਹੈ, ਕਿਉਂਕਿ ਉਨ੍ਹਾਂ ਦੀ ਬੇਕਿਰਕ ਲੁੱਟ-ਖਸੁੱਟ 'ਚੋਂ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਹਰ ਮੁਲਕ ਦੀ ਆਰਥਿਕਤਾ ਵਿਚ ਪਰਵਾਸੀਆਂ ਦਾ ਮਹੱਤਵਪੂਰਨ ਯੋਗਦਾਨ ਹੈ। ਇਸ ਪ੍ਰਬੰਧ ਦਾ ਮੂਲ ਸੁਭਾਅ ਹੀ ਆਪਣੇ ਵਧ ਰਹੇ ਸੰਕਟ ਨੂੰ ਦੂਰ ਕਰਨ ਅਤੇ ਸਰਮਾਏਦਾਰਾ ਮੁਨਾਫ਼ਿਆਂ 'ਚ ਵਾਧਾ ਕਰਨ ਲਈ ਲੋਕਾਈ ਉੱਪਰ ਆਰਥਕ ਬੋਝ ਲੱਦਦੇ ਜਾਣਾ ਅਤੇ ਉਨ੍ਹਾਂ ਦੇ ਜੀਵਨ-ਗੁਜ਼ਾਰੇ ਨੂੰ ਹੋਰ ਮੁਸ਼ਕਲ ਬਣਾਉਂਦੇ ਜਾਣਾ ਹੈ। ਮਸਲਿਆਂ ਦੇ ਅਸਲ ਕਾਰਨ ਤਾਂ ਪ੍ਰਬੰਧ ਦੇ ਵਜੂਦ-ਸਮੋਈ ਕਾਣੀ-ਵੰਡ ਅਤੇ ਸਟੇਟ ਦੀਆਂ ਨੀਤੀਆਂ 'ਚ ਮੌਜੂਦ ਹੁੰਦੇ ਹਨ ਪਰ ਆਮ ਲੋਕਾਂ ਨੂੰ ਲੱਗਦਾ ਹੈ ਕਿ ਬਾਹਰੋਂ ਆ ਰਹੇ ਪਰਵਾਸੀ ਹੀ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕੇ ਘਟਣ ਦਾ ਮੁੱਖ ਕਾਰਨ ਹਨ। ਮਾਰਕੀਟ ਵਿਚ ਸਥਾਨਕ ਦੁਕਾਨਦਾਰਾਂ ਨੂੰ ਲੱਗਦਾ ਹੈ ਕਿ ਰੇਹੜੀ-ਫੜ੍ਹੀ ਵਾਲੇ ਪਰਵਾਸੀ ਉਨ੍ਹਾਂ ਦੀ ਰੋਜ਼ੀ-ਰੋਟੀ ਖੋਹ ਰਹੇ ਹਨ। ਫੈਕਟਰੀਆਂ, ਖੇਤਾਂ ਵਿਚ ਕੰਮ ਕਰਨ ਵਾਲੇ ਸਥਾਨਕ ਮਜ਼ਦੂਰਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਰੋਜ਼ਗਾਰ ਪਰਵਾਸੀ ਮਜ਼ਦੂਰਾਂ ਨੇ ਖੋਹ ਲਿਆ ਹੈ। ਕਥਿਤ ਉੱਚ ਜਾਤੀ ਲੋਕ ਇਸ ਭਰਮ 'ਚ ਹਨ ਕਿ ਉਨ੍ਹਾਂ ਦੀਆਂ ਨੌਕਰੀਆਂ ਜਾਤ-ਆਧਾਰਤ ਰਾਖਵੇਂਕਰਨ ਲੈਣ ਵਾਲੇ ਹੜੱਪ ਰਹੇ ਹਨ। ਜਦਕਿ ਅਸਲ ਕਾਰਨ ਉੱਥੋਂ ਦੇ ਸਟੇਟ ਤੇ ਸਰਕਾਰਾਂ ਦੀਆਂ ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਨ, ਛੋਟੇ ਕਾਰੋਬਾਰੀਆਂ ਨੂੰ ਉਜਾੜ ਕੇ ਹੋਰ ਰੁਜ਼ਗਾਰ ਨੂੰ ਵੀ ਖ਼ਤਮ ਕਰ ਦੇਣ ਅਤੇ ਵੱਡੇ ਕਾਰਪੋਰੇਟ ਕਾਰੋਬਾਰਾਂ ਦਾ ਅਜਾਰੇਦਾਰ ਕੰਟਰੋਲ ਸਥਾਪਤ ਕਰਨ ਦੀਆਂ ਨੀਤੀਆਂ ਹਨ। ਬੇਰੁਜ਼ਗਾਰੀ ਦੇ ਸੰਕਟ ਦਾ ਭਾਂਡਾ ਪਰਵਾਸੀਆਂ ਦੇ ਸਿਰ ਭੱਜਣਾ ਹਾਕਮ ਜਮਾਤ ਦੇ ਹਿਤ 'ਚ ਹੈ। ਸਮਾਜ ਦਾ ਇਕ ਹਿੱਸਾ ਆਪਣੇ ਸੌੜੇ ਨਜ਼ਰੀਏ ਕਾਰਨ ਮਸਲਿਆਂ ਦਾ ਹੱਲ ਵੀ ਪਰਵਾਸ ਉੱਪਰ ਰੋਕਾਂ ਤੇ ਬੰਦਸ਼ਾਂ ਲਾਉਣ ਦੇ ਰੂਪ 'ਚ ਦੇਖਦਾ ਹੈ। ਇਸ ਗ਼ਲਤ ਸੋਚ ਨੂੰ ਹਾਕਮ ਜਮਾਤ ਦਾ ਆਪਸੀ ਖਹਿ-ਭੇੜ ਹੋਰ ਉਕਸਾਉਂਦਾ ਹੈ। ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਪਰਵਾਸ ਦੇ ਹਵਾਲੇ ਨਾਲ ਖਿੱਤਿਆਂ ਅਤੇ ਮੁਲਕਾਂ ਅੰਦਰ ਪਰਵਾਸ ਵਿਰੁੱਧ ਅੰਦੋਲਨ ਇਸ ਦੀਆਂ ਉੱਘੜਵੀਆਂ ਮਿਸਾਲਾਂ ਹਨ।

ਪਰਵਾਸੀਆਂ ਨੂੰ ਕੱਢਣ ਦੇ ਹੱਕ 'ਚ 'ਬੌਧਿਕ' ਕਹਾਉਣ ਵਾਲੇ ਲੋਕ ਇਹ ਦਲੀਲ ਦਿੰਦੇ ਹਨ ਕਿ ਪਰਵਾਸੀਆਂ ਨੂੰ ਬਿਨਾਂ ਰੋਕ-ਟੋਕ ਇੱਥੋਂ ਦੇ ਪੱਕੇ ਬਾਸ਼ਿੰਦੇ ਬਣਨ ਦੀ ਇਜਾਜ਼ਤ ਦੇਣ ਨਾਲ ਵਸੋਂ-ਬਣਤਰ ਬਦਲ ਰਹੀ ਹੈ ਅਤੇ ਪੰਜਾਬੀ ਦੀ ਨਿਆਰੀ ਪਛਾਣ ਖ਼ਤਮ ਹੋ ਰਹੀ ਹੈ। ਉਪਰੋਕਤ ਦਲੀਲ ਦੇਣ ਵਾਲੇ ਨਿਆਰੀ ਪਛਾਣ ਨੂੰ ਢਾਹ ਲਾਉਣ ਵਾਲੇ ਅਸਲ ਕਾਰਕਾਂ ਦੀ ਅਤੇ ਸਮੁੱਚਤਾ 'ਚ ਮਸਲੇ ਦੀ ਗੱਲ ਨਹੀਂ ਕਰਦੇ। ਉਹ ਸਿਰਫ਼ ਪਰਵਾਸੀਆਂ ਦੀ ਆਮਦ ਨੂੰ ਮੁੱਖ ਕਾਰਨ ਬਣਾ ਕੇ ਪੇਸ਼ ਕਰਦੇ ਹਨ। ਕੀ ਪਰਵਾਸੀ ਸੱਚਮੁੱਚ ਐਡਾ ਵੱਡਾ ਖ਼ਤਰਾ ਹਨ ਜਿਨ੍ਹਾਂ ਕਾਰਨ ਨਿਆਰੀ ਪਛਾਣ ਖ਼ਤਮ ਹੋ ਰਹੀ ਹੈ? ਜਾਂ ਪਛਾਣ ਨੂੰ ਖ਼ੋਰਾ ਲੱਗਣ ਦੇ ਕਾਰਨ ਹੋਰ ਹਨ? ਪੰਜਾਬ ਦੀ ਲਗਭਗ 3 ਕਰੋੜ 20 ਲੱਖ ਆਬਾਦੀ ਵਿਚ ਪਰਵਾਸੀਆਂ ਦੀ ਗਿਣਤੀ 35 ਤੋਂ 40 ਲੱਖ ਦੱਸੀ ਜਾਂਦੀ ਹੈ। ਜਿਨ੍ਹਾਂ ਵਿਚ ਸੀਜ਼ਨਲ ਲੇਬਰ ਵੀ ਸ਼ਾਮਲ ਹੈ। ਦੁਨੀਆ ਦੇ ਕਿਸੇ ਵੀ ਖਿੱਤੇ 'ਚ ਜਾ ਕੇ ਵਸਣ ਵਾਲੇ ਪਰਵਾਸੀਆਂ ਦੀ ਤਰ੍ਹਾਂ ਉਪਰੋਕਤ ਪਰਵਾਸੀ ਵੀ ਆਪਣੀ ਬੋਲੀ-ਸੱਭਿਆਚਾਰ ਆਪਣੇ ਨਾਲ ਲੈ ਕੇ ਆਉਂਦੇ ਹਨ ਪਰ ਕੰਮ ਦੀ ਵਿਹਾਰਕ ਜ਼ਰੂਰਤ ਅਨੁਸਾਰ ਇੱਥੋਂ ਦੀ ਬੋਲੀ ਤੇ ਸੱਭਿਆਚਾਰ ਵਿਚ ਰਚਣ-ਮਿਚਣ ਲੱਗ ਜਾਂਦੇ ਹਨ। ਪੰਜਾਬ ਦੀ ਮੂਲ ਵਸੋਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ 'ਚ ਪੜ੍ਹ ਕੇ ਪੰਜਾਬੀ ਤੋਂ ਦੂਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਦਾ ਮੁੱਢਲੀ ਪੜ੍ਹਾਈ ਦਾ ਮਨੋਰਥ ਆਈਲੈੱਟਸ ਵਰਗੇ ਟੈਸਟ ਪਾਸ ਕਰਨਾ ਹੈ ਅਤੇ ਉਨ੍ਹਾਂ ਦੇ ਪਰਵਾਸ ਦੀ ਮੰਜ਼ਲ ਅੰਗਰੇਜ਼ੀ ਜਾਂ ਹੋਰ ਯੂਰਪੀ ਭਾਸ਼ਾਵਾਂ ਵਾਲੇ ਮੁਲਕ ਹਨ, ਜਦਕਿ ਪਰਵਾਸੀ ਬੱਚੇ ਪੰਜਾਬੀ ਮਾਧਿਅਮ ਸਰਕਾਰੀ ਸਕੂਲਾਂ 'ਚ ਪੜ੍ਹ ਕੇ ਪੰਜਾਬੀ ਸਿੱਖ ਤੇ ਬੋਲ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਰੋਜ਼ੀ-ਰੋਟੀ ਲਈ ਇੱਥੋਂ ਦੀ ਸਥਾਨਕ ਬੋਲੀ 'ਚ ਸੰਚਾਰ ਜ਼ਰੂਰੀ ਹੈ। ਪਰਵਾਸੀ ਪੰਜਾਬੀਆਂ ਦੇ ਪਰਦੇਸਾਂ ਦੇ ਜੰਮਪਲ ਜ਼ਿਆਦਾਤਰ ਬੱਚੇ ਪੰਜਾਬੀ ਬੋਲੀ-ਸੱਭਿਆਚਾਰ ਤੋਂ ਦੂਰ ਹੋ ਕੇ ਉੱਥੋਂ

*(ਬਾਕੀ ਅਗਲੇ ਸਫੇ 'ਤੇ)*

# ਤੱਥਾਂ ਨਾਲ ਜੋੜ ਕੇ ਵੇਖਿਆ ਜਾਵੇ ਪਰਵਾਸੀ ਮਜ਼ਦੂਰਾਂ ਬਾਰੇ ਜਜ਼ਬਿਆਂ ਨੂੰ

ਪਰਵਾਸੀ ਮਜ਼ਦੂਰਾਂ ਬਾਰੇ ਤੱਥਾਂ ਨੂੰ ਧਿਆਨ ਵਿਚ ਰੱਖਿਆ ਜਾਵੇ, ਜਜ਼ਬਿਆਂ ਦਾ ਆਸਰਾ ਵੀ ਲਿਆ ਜਾਵੇ ਤੇ ਹਕੀਕਤਾਂ ਨੂੰ ਵੀ ਨਜ਼ਰ-ਅੰਦਾਜ਼ ਨਾ ਕੀਤਾ ਜਾਵੇ ਤਾਂ ਹੀ ਅਸੀਂ ਕਿਸੇ ਠੋਸ ਨਤੀਜੇ ਉੱਤੇ ਪਹੁੰਚ ਸਕਾਂਗੇ। ਪਰਵਾਸੀ ਮਜ਼ਦੂਰਾਂ ਬਾਰੇ ਕਾਨੂੰਨੀ ਨੁਕਤਾ ਨਿਗਾਹ ਤੋਂ ਵੀ ਅਤੇ ਜਜ਼ਬਿਆਂ ਦੇ ਨੁਕਤਾ ਨਿਗਾਹ ਤੋਂ ਵੀ ਇੱਕ ਨਿਗਰ ਨੀਤੀ ਅਪਣਾਈ ਜਾਵੇ ਅਤੇ ਪੰਜਾਬ ਦੀਆਂ ਰਾਜਸੀ ਪਾਰਟੀਆਂ ਨੂੰ ਵੀ ਇਸ ਗੰਭੀਰ ਮਸਲੇ ਉੱਤੇ ਜਵਾਬਦੇਹ ਬਣਾਇਆ ਜਾਵੇ।



ਚੰਗੀ ਗੱਲ ਇਹ ਹੈ ਕਿ ਜਾਗਦੇ ਲੋਕਾਂ ਦੀਆਂ ਵੱਡੀ ਪੱਧਰ 'ਤੇ ਅੱਖਾਂ ਹੁਣ ਖੁੱਲ੍ਹੀਆਂ ਹਨ ਅਤੇ ਭਵਿੱਖ ਵਿਚ ਸਾਹਮਣੇ ਆ ਰਹੇ ਇਸ ਡਰਾਉਣੇ ਵਰਤਾਰੇ ਬਾਰੇ ਉਨ੍ਹਾਂ ਨੂੰ ਕੁਝ ਕੁਝ ਸਮਝ ਆਈ ਹੈ।

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਦੂਜਾ ਨੁਕਤਾ ਇਹ ਹੈ ਕਿ ਉਹ ਸਾਰੇ ਬਿਰਤਾਂਤ, ਤਰਕ ਤੇ ਦਲੀਲਾਂ ਦਾ ਜਵਾਬੀ ਦਲੀਲਾਂ ਨਾਲ ਢੁਕਵਾਂ ਤੇ ਠੋਕਵਾਂ ਜਵਾਬ ਦਿੱਤਾ ਜਾਵੇ ਜੋ ਸਰਕਾਰ ਵੱਲੋਂ ਅਕਸਰ ਦਿੱਤੇ ਜਾ ਰਹੇ ਹਨ, ਖੱਬੇ ਪੱਖੀਆਂ ਵੱਲੋਂ ਗਾਏ-ਬਗਾਹੇ ਪਰੋਸੇ ਜਾਂਦੇ ਹਨ ਤੇ ਪਰੋਸੇ ਜਾ ਰਹੇ ਹਨ। ਖੱਬੇ ਪੱਖੀਆਂ ਦੇ ਫੇਸਬੁਕੀ ਭਲਵਾਨ ਇਸ ਬਾਰੇ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਬਹੀਆਂ ਤਰ ਬਹੀਆਂ ਦਲੀਲਾਂ ਨਾਲ ਕਿਸੇ ਨਾ ਕਿਸੇ ਢੰਗ ਨਾਲ ਪਰਵਾਸੀ ਮਜ਼ਦੂਰਾਂ ਦੇ ਹੱਕ ਵਿਚ ਭੁਗਤ ਰਹੇ ਹਨ। ਰਾਜਸੀ ਪਾਰਟੀਆਂ ਵੱਲੋਂ ਵੀ ਇਸ ਸਬੰਧ ਵਿਚ ਭੰਬਲਭੂਸਾ ਪਾਇਆ ਜਾਂਦਾ ਹੈ ਅਤੇ ਇਥੋਂ ਤੱਕ ਕਿ ਕੁਝ ਲੋਕ ਅਗਿਆਨਤਾ ਵੱਸ ਜਾਂ ਸੁਣੀਆਂ ਸੁਣਾਈਆਂ ਗੱਲਾਂ ਉੱਤੇ ਟੇਕ ਰਖ ਰਹੇ ਹਨ।

ਇਹ ਵੀ ਪਤਾ ਕੀਤਾ ਜਾਵੇ ਕਿ ਅਕਾਲੀ ਦਲ ਜੋ ਪੰਜਾਬ ਦੇ ਹਿੱਤਾਂ ਦੀ ਰਾਖੀ ਦਾ ਹਰ ਸਮੇਂ ਦਾਅਵਾ ਕਰਦਾ ਰਹਿੰਦਾ ਹੈ, ਉਹ ਇਸ ਮਸਲੇ ਨੂੰ ਕਿੰਨੀ ਗੰਭੀਰਤਾ ਨਾਲ ਲੈਂਦਾ ਰਿਹਾ ਹੈ ਅਤੇ ਉਸ ਦੀ ਤਾਜ਼ਾ ਪੁਜ਼ੀਸ਼ਨ ਕੀ ਹੈ? 15 ਸਾਲਾਂ ਦੇ ਉਨ੍ਹਾਂ ਦੇ ਰਾਜ ਵਿਚ ਹੀ ਅਕਸਰ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਜੇ ਵਧੀ ਹੈ ਤਾਂ ਇਸ ਦੇ ਕੀ ਕਾਰਨ ਹਨ?

ਕੀ ਇੱਥੇ ਵਸੋਂ ਦਾ ਅਨੁਪਾਤ ਬਦਲਣ ਲਈ ਏਜੰਸੀਆਂ ਦਾ ਹੱਥ ਹੈ ਜਾਂ ਕੇਂਦਰ ਦਾ? ਜਾਂ ਦੂਜੇ ਲਫਜ਼ਾਂ ਵਿਚ ਸਿੱਖ ਵਸੋਂ ਨੂੰ ਆਪਣੇ ਹੀ ਰਾਜ ਵਿਚ ਘੱਟ-ਗਿਣਤੀ ਵਿਚ ਕਰਨ ਲਈ ਇੱਕ ਸੋਚੀ ਸਮਝੀ ਸਾਜ਼ਿਸ਼ ਕੀਤੀ ਗਈ ਹੈ ਤਾਂ ਜੋ ਚੋਣ ਪ੍ਰਕਿਰਿਆ ਵਿਚ ਉਨ੍ਹਾਂ ਦੀ ਸਰਦਾਰੀ ਸਦਾ ਲਈ ਖਤਮ ਕਰ ਦਿੱਤੀ ਜਾਵੇ। ਅਤੇ ਇਹ ਸਾਰਾ ਕੰਮ ਦਹਾਕਿਆਂ ਤੋਂ ਚੁੱਪ-ਚੁਪੀਤੇ ਹੋ ਰਿਹਾ ਹੈ ਅਤੇ ਕੀ ਕਾਰਨ ਹੈ ਕਿ ਪੰਜਾਬ ਦਾ ਦਰਦ ਰੱਖਣ ਵਾਲਿਆਂ ਨੂੰ ਇਸ ਸਾਜ਼ਿਸ਼ ਦੀ ਸਮਝ ਹੀ ਨਹੀਂ ਆਈ? ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਆਖਰ ਪਿਛਲੇ ਲੰਮੇ ਅਰਸੇ ਤੋਂ ਪੰਜਾਬ ਵਿਚ ਕਿਉਂ ਵਸਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਦੀਆਂ ਵੋਟਾਂ ਵੀ ਬਣਾਈਆਂ ਜਾ ਰਹੀਆਂ ਹਨ? ਇਨ੍ਹਾਂ ਦੀਆਂ ਵੋਟਾਂ ਕਿਸ ਨੇ ਬਣਾਈਆਂ? ਕੀ ਪੰਜਾਬ ਦੀ ਅਫਸਰਸ਼ਾਹੀ ਵੀ ਇਸ ਸਾਜ਼ਿਸ਼ ਵਿਚ ਹਿੱਸੇਦਾਰ ਸੀ? ਕੀ ਇਸ ਵਿਚ ਪੁਲਿਸ ਤੰਤਰ ਦਾ ਵੀ ਕੋਈ ਰੋਲ ਹੈ ਅਤੇ ਇਹ ਸਿਲਸਿਲਾ ਕਦੋਂ ਤੋਂ ਸ਼ੁਰੂ ਹੋਇਆ? ਹੁਣ ਸਮਾਂ ਆ ਗਿਆ ਹੈ ਕਿ ਇਸ ਸਾਰੇ ਵਰਤਾਰੇ ਬਾਰੇ ਇੱਕ ਵ੍ਹਾਈਟ ਪੇਪਰ ਤਿਆਰ ਕੀਤਾ ਜਾਵੇ ਜਿਸ ਵਿਚ ਸਬੰਧਤ ਮਾਹਿਰਾਂ ਦੀ ਰਾਇ ਲਈ ਜਾਵੇ।



ਕੀ ਇੱਕ ਸਟੇਟ ਤੋਂ ਦੂਜੀ ਸਟੇਟ ਵਿਚ ਜਾਣ ਲੱਗਿਆਂ ਤੇ ਉਸ ਸਟੇਟ ਵਿਚ ਵਸਣ ਲਈ ਵੋਟਰ ਕਾਰਡ ਬਣਾਉਣਾ ਆਸਾਨ ਹੁੰਦਾ ਹੈ? ਇਸ ਸਬੰਧ ਵਿਚ ਕਾਨੂੰਨੀ ਪੁਜ਼ੀਸ਼ਨ ਕੀ ਕਹਿੰਦੀ ਹੈ? ਜਿਨ੍ਹਾਂ ਵੀ ਪਰਵਾਸੀ ਮਜ਼ਦੂਰਾਂ ਦੀਆਂ ਵੋਟਾਂ ਇਥੇ ਬਣਾਈਆਂ ਗਈਆਂ ਕੀ ਉਨ੍ਹਾਂ ਦੀਆਂ ਵੋਟਾਂ ਉਨ੍ਹਾਂ ਰਾਜਾਂ ਦੀਆਂ ਵੋਟਰ ਸੂਚੀਆਂ ਵਿਚ ਵੀ ਮੌਜੂਦ ਸਨ ਜਿਨ੍ਹਾਂ ਰਾਜਾਂ ਤੋਂ ਆ ਕੇ ਉਹ ਪੰਜਾਬ ਵਿਚ ਵਸੇ? ਕਦੋਂ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ? ਕੀ ਆਧਾਰ ਕਾਰਡ, ਵੋਟਰ ਕਾਰਡ ਜਾਂ ਰਾਸ਼ਨ ਕਾਰਡ ਬਣਾਉਣ ਬਾਰੇ ਸਿਫਾਰਿਸ਼ ਕਰਨ ਵਾਲੇ ਅਧਿਕਾਰੀਆਂ ਨੇ ਇਸ ਦੀ ਪੜਤਾਲ ਕੀਤੀ ਸੀ? ਕੀ ਹੁਣ ਵੀ ਇਹ ਵੋਟਾਂ ਬਣਦੀਆਂ ਜਾ ਰਹੀਆਂ ਹਨ?

ਪਰਵਾਸੀ ਮਜ਼ਦੂਰਾਂ ਬਾਰੇ ਕੇਂਦਰ ਸਰਕਾਰ ਵੱਲੋਂ ਜੋ ਜਾਣਕਾਰੀ ਦਿੱਤੀ ਗਈ ਹੈ, ਉਹ ਦੋ ਫਰਵਰੀ 2023 ਨੂੰ ਰਾਜਸਭਾ ਦੇ ਇੱਕ ਮੈਂਬਰ ਮੁਹੰਮਦ ਨਦੀਲ ਹੱਕ ਵੱਲੋਂ ਪੁੱਛੇ ਇੱਕ ਸਵਾਲ ਦੇ ਜਵਾਬ ਵਿਚ ਦਿੱਤੀ ਗਈ ਸੀ। ਉਸ ਜਾਣਕਾਰੀ ਮੁਤਾਬਿਕ ਭਾਰਤ ਵਿਚ ਪਰਵਾਸੀ ਮਜ਼ਦੂਰਾਂ ਦੀ ਕੁੱਲ ਗਿਣਤੀ ਚਾਰ ਕਰੋੜ 14 ਲੱਖ ਦੇ ਕਰੀਬ ਸੀ। ਇਹ ਅੰਕੜੇ 2021 ਸਾਲ ਤਕ ਦੇ ਹਨ ਜੋ ਸੰਬੰਧਤ ਮੰਤਰੀ ਵੱਲੋਂ 2 ਫਰਵਰੀ 2023 ਨੂੰ ਦਿੱਤੇ ਗਏ।

ਹੁਣ ਪੰਜਾਬ ਦੀ ਗੱਲ ਕਰਦੇ ਹਾਂ। ਪੰਜਾਬ ਵਿਚ 2021 ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ 12 ਲੱਖ ਦੇ ਕਰੀਬ ਸੀ, ਚੰਡੀਗੜ੍ਹ ਵਿਚ ਦੋ ਲੱਖ, ਹਰਿਆਣਾ ਵਿਚ 13 ਲੱਖ, ਹਿਮਾਚਲ ਵਿਚ ਦੋ ਲੱਖ, ਰਾਜਸਥਾਨ ਵਿਚ 17 ਲੱਖ ਤੇ ਜੰਮੂ ਕਸ਼ਮੀਰ ਵਿਚ ਇਕ ਲੱਖ 22 ਹਜ਼ਾਰ ਦੇ ਕਰੀਬ ਸੀ। ਨਾਲ ਲੱਗਦੇ ਰਾਜਾਂ ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਤੁਹਾਨੂੰ ਇਸ ਲਈ ਦਿੱਤੀ ਹੈ ਕਿਉਂਕਿ ਰਾਜਸਥਾਨ ਤੇ ਹਰਿਆਣਾ ਤੋਂ ਪਰਵਾਸੀ ਮਜ਼ਦੂਰਾਂ ਦਾ ਵੱਡੀ ਗਿਣਤੀ ਵਿਚ ਪੰਜਾਬ ਆਉਣਾ-ਜਾਣਾ ਇਨ੍ਹਾਂ ਸਾਲਾਂ ਵਿਚ ਕਾਫੀ ਵਧ ਗਿਆ ਹੋਵੇਗਾ। ਇਸ ਸਮੇਂ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦੀ ਅਸਲ ਗਿਣਤੀ ਕਿੰਨੀ ਕੁ ਹੈ ਅਤੇ ਉਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਕਿੰਨੀ ਹੈ ਜੋ ਵੋਟਰ ਬਣੇ ਹੋਏ ਹਨ? ਇਸ ਬਾਰੇ ਸਾਡੇ ਕੋਲ ਭਰੋਸੇਯੋਗ ਅੰਕੜੇ ਨਹੀਂ ਅਤੇ ਨਾ ਹੀ ਸਰਕਾਰ ਨੇ ਦਿੱਤੇ ਹਨ। ਪਰ ਜਾਪਦਾ ਹੈ ਕਿ ਇਹ ਗਿਣਤੀ ਹੁਣ 75 ਲੱਖ ਦੇ ਕਰੀਬ ਹੋ ਸਕਦੀ ਹੈ ਪਰ ਇਨ੍ਹਾਂ ਵਿਚੋਂ ਵੋਟਰ ਕਿੰਨੇ ਹਨ ਅਤੇ ਉਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਕਿੰਨੀ ਹੈ ਜੋ ਇਥੇ ਥੋੜ੍ਹੇ ਚਿਰ ਲਈ ਝੋਨੇ ਜਾਂ ਕਣਕ ਦੀ ਕਟਾਈ ਦੇ ਸੀਜ਼ਨ 'ਚ ਆਉਂਦੇ ਹਨ ਤੇ ਫਿਰ ਚਲੇ ਜਾਂਦੇ ਹਨ।

ਹੁਣ ਪੰਚਾਇਤਾਂ ਵੱਲੋਂ ਜਿਵੇਂ ਵੱਡੀ ਪੱਧਰ 'ਤੇ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਛੱਡਣ ਬਾਰੇ ਮਤੇ ਪਾਏ ਜਾ ਰਹੇ ਹਨ ਅਤੇ ਜਿਵੇਂ ਸਰਕਾਰ ਵੱਲੋਂ ਇਸ ਗੰਭੀਰ ਮਸਲੇ ਨੂੰ ਬਹੁਤ ਹੀ ਹਲਕੇ ਵਿਚ ਲਿਆ ਜਾ ਰਿਹਾ ਹੈ ਅਤੇ ਇਸ ਨੂੰ ਲਾ ਐਂਡ ਆਰਡਰ ਤੱਕ ਹੀ ਸੀਮਤ ਰੱਖਿਆ ਜਾ ਰਿਹਾ ਹੈ, ਉਹੋ ਜਿਹਾ ਵਤੀਰਾ ਤੇ ਪਹੁੰਚ ਅਤੀ ਗ਼ੈਰ ਜ਼ਿੰਮੇਵਾਰਾਨਾ ਹੈ। ਇਸ ਮਸਲੇ ਨੂੰ ਦੂਜੇ ਰਾਜਾਂ ਵਿਚ ਵਸਦੇ ਪੰਜਾਬੀਆਂ ਨੂੰ ਖ਼ਤਰੇ ਦੀ ਸੰਭਾਵਨਾ ਜਾਂ ਦਲੀਲ ਨਾਲ ਜੋੜ ਕੇ ਇਥੇ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਵਿਰੁੱਧ ਸ਼ੁਰੂ ਹੋ ਰਹੀ ਲਹਿਰ ਤੇ ਗੁੱਸੇ ਨੂੰ ਦਬਾਉਣ ਦੀ ਥਾਂ ਠੋਸ ਹਲ ਲੱਭੇ ਜਾਣ। ਇਸ ਸੂਬੇ ਵਿਚ ਖੱਟਣ ਕਮਾਉਣ ਲਈ ਕੋਈ ਵੀ ਆ ਸਕਦਾ ਹੈ ਪਰ ਜੇਕਰ ਇਸ ਰਾਜ ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਸੋਚੀ ਸਮਝੀ ਵਿਉਂਤ ਨਾਲ ਵਧਾਈ ਜਾ ਰਹੀ ਹੈ ਜਾਂ ਉਨ੍ਹਾਂ ਨੂੰ ਇਸ ਰਾਜ ਦੇ ਬਾਸ਼ਿੰਦੇ ਬਣਾਇਆ ਜਾ ਰਿਹਾ ਹੈ ਤਾਂ ਇਸ ਨਾਲ ਪੰਜਾਬੀ ਕਲਚਰ ਅਤੇ ਪੰਜਾਬੀ ਸੱਭਿਆਚਾਰ ਦੀ ਆਜ਼ਾਦ ਪ੍ਰਭੁਸੱਤਾ ਉੱਤੇ ਇਹੋ ਜਿਹੇ ਵੱਡੇ ਅਸਰ ਪੈ ਸਕਦੇ ਹਨ ਜਿਸ ਦੇ ਭਿਆਨਕ ਨਤੀਜਿਆਂ ਬਾਰੇ ਕਿਆਸ ਅਰਾਈਆਂ ਵੀ ਨਹੀਂ ਲਾਈਆਂ ਜਾ ਸਕਦੀਆਂ।

# ਖ਼ਤਰਨਾਕ ਅਤੇ ਜਾਨਲੇਵਾ ਹੈ ਹਲਕਾਅ ਰੋਗ

**'ਵਿਸ਼ਵ ਹਲਕਾਅ ਰੋਗ ਵਿਰੋਧੀ ਦਿਵਸ 'ਤੇ ਵਿਸ਼ੇਸ਼**

ਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਕੁੱਤਿਆਂ ਦੁਆਰਾ ਮਨੁੱਖਾਂ ਨੂੰ ਕੱਟੇ ਜਾਣ ਕਰਕੇ ਪੈਦਾ ਹੋਏ ਹਲਕਾਅ ਰੋਗ ਕਰਕੇ ਹਰ ਸਾਲ ਦੁਨੀਆਂ ਦੇ 150 ਤੋਂ ਵੱਧ ਮੁਲਕਾਂ ਦੇ ਲਗਪਗ 59 ਹਜ਼ਾਰ ਵਿਅਕਤੀ ਆਪਣੀਆਂ ਜਾਨਾਂ ਗੁਆ ਬੈਠਦੇ ਹਨ। ਹੈਰਾਨੀਜਨਕ ਤੱਥ ਇਹ ਹੈ ਕਿ ਇਨ੍ਹਾਂ ਮੌਤਾਂ ਵਿਚੋਂ 95 ਫ਼ੀਸਦੀ ਏਸ਼ੀਆ ਅਤੇ ਅਫ਼ਰੀਕਾ ਮਹਾਂਦੀਪਾਂ ਵਿਚ ਹੁੰਦੀਆਂ ਹਨ। ਇਕੱਲੇ ਭਾਰਤ ਵਿਚ ਹੀ ਹਰ ਸਾਲ 18 ਤੋਂ 20 ਹਜ਼ਾਰ ਲੋਕ ਹਲਕਾਅ ਕਾਰਨ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠਦੇ ਹਨ। ਦੂਜਾ ਦਿਲਚਸਪ ਤੇ ਹੈਰਾਨੀਜਨਕ ਤੱਥ ਇਹ ਹੈ ਕਿ ਦੁਨੀਆਂ ਵਿਚ ਕੁੱਤਿਆਂ ਦੀ ਕੁੱਲ ਆਬਾਦੀ 70 ਕਰੋੜ ਤੋਂ ਲੈ ਕੇ 1 ਅਰਬ ਦੇ ਨੇੜੇ-ਤੇੜੇ ਹੈ ਜਿਸ ਵਿਚੋਂ 20 ਕਰੋੜ ਦੇ ਕਰੀਬ ਅਵਾਰਾ ਕੁੱਤੇ ਹਨ ਤੇ ਇਨ੍ਹਾਂ ਵਿਚੋਂ ਵੀ ਸਵਾ ਛੇ ਕਰੋੜ ਇਕੱਲੇ ਭਾਰਤ ਵਿਚ ਹਨ। ਇਥੇ ਜ਼ਿਕਰਯੋਗ ਹੈ ਕਿ ਅਵਾਰਾ ਕੁੱਤਿਆਂ ਦੀ ਆਬਾਦੀ ਵਿਚ ਭਾਰਤ ਪੂਰੀ ਦੁਨੀਆਂ ਵਿੱਚੋਂ ਪਹਿਲੇ ਨੰਬਰ 'ਤੇ ਹੈ।



ਦਰਅਸਲ ਵਿਸ਼ਵ ਸਿਹਤ ਸੰਗਠਨ ਸੰਨ 1983 ਤੋਂ ਹੀ ਵੱਖ-ਵੱਖ ਦੇਸ਼ਾਂ ਵਿਚ ਹੋਰ ਸਿਹਤ ਅਤੇ ਸਮਾਜ ਸੇਵੀ ਸੰਗਠਨਾਂ ਦੀ ਮਦਦ ਨਾਲ ਕੁੱਤਿਆਂ ਤੋਂ ਮਨੁੱਖਾਂ ਤੱਕ ਫੈਲਣ ਵਾਲੇ ਹਲਕਾਅ ਰੋਗ ਦੇ ਖ਼ਾਤਮੇ ਲਈ ਯਤਨਸ਼ੀਲ ਹੈ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕੁੱਤਾ ਪਾਲਣ ਦੇ ਸ਼ੌਕੀਨਾਂ ਨੂੰ ਕੁੱਤਿਆਂ ਦੇ ਵੱਖ-ਵੱਖ ਰੋਗਾਂ ਅਤੇ ਸਮੇਂ-ਸਮੇਂ 'ਤੇ ਕੁੱਤਿਆਂ ਦੇ ਟੀਕਾਕਰਨ ਜਾਂ ਵੈਕਸੀਨੇਸ਼ਨ ਬਾਰੇ ਜਾਗਰੂਕ ਕਰਨ ਲਈ ਕਈ ਤਰ੍ਹਾਂ ਦੀਆਂ ਜਾਗਰੂਕਤਾ ਮੁਹਿੰਮਾਂ ਲਗਾਤਾਰ ਚਲਾਈਆਂ ਜਾ ਰਹੀਆਂ ਹਨ। ਕੁੱਤਾ ਪਾਲਕਾਂ ਤੋਂ ਇਲਾਵਾ ਆਮ ਲੋਕਾਂ ਨੂੰ ਵੀ ਇਹ ਦੱਸਿਆ ਜਾਂਦਾ ਹੈ ਕਿ ਜਦੋਂ ਵੀ ਕੋਈ ਪਾਲਤੂ ਜਾਂ ਅਵਾਰਾ ਕੁੱਤਾ ਕਿਸੇ ਵਿਅਕਤੀ ਨੂੰ ਕੱਟ ਲਏ ਜਾਂ ਨਹੁੰਦਰਾਂ ਮਾਰ ਦੇਵੇ ਤਾਂ ਉਸ ਜ਼ਖ਼ਮ ਨੂੰ ਘੱਟ ਤੋਂ ਘੱਟ ਪੰਦਰਾਂ ਮਿੰਟ ਤੱਕ ਸਾਬਣ ਨਾਲ ਧੋਣਾ ਚਾਹੀਦਾ ਹੈ ਤੇ ਫਿਰ ਡਾਕਟਰੀ ਸਹਾਇਤਾ ਲੈ ਕੇ ਕਿਸੇ ਪ੍ਰਮਾਣਿਤ ਸਿਹਤ ਮਾਹਿਰ ਹੱਥੋਂ ਹਲਕਾਅ ਰੋਕੂ ਟੀਕਾ ਜਾਂ ਵੈਕਸੀਨ ਲੈ ਲੈਣਾ ਚਾਹੀਦਾ ਹੈ ਤੇ ਕਿਸੇ ਤਰ੍ਹਾਂ ਦੀ ਅਣਗਹਿਲੀ ਹਰਗਿਜ਼ ਨਹੀਂ ਵਰਤਣੀ ਚਾਹੀਦੀ। ਹਲਕਾਅ ਹੋਣ ਦੇ ਮੁੱਖ ਲੱਛਣਾਂ ਵਿਚ ਮਾਸਪੇਸ਼ੀਆਂ 'ਚ ਦਰਦ, ਬੁਖ਼ਾਰ, ਥਕਾਵਟ, ਭੁੱਖ ਨਾ ਲੱਗਣਾ, ਉਲਟੀਆਂ ਆਉਣਾ, ਅਚਾਨਕ ਡਰਨ ਲੱਗ ਜਾਣਾ, ਬਿਨਾ ਕਾਰਨ ਖਿਝਣਾ ਜਾਂ ਗੁੱਸੇ ਵਿਚ ਆ ਜਾਣਾ, ਤੇਜ਼ ਸਿਰ ਦਰਦ ਤੇ ਭੋਜਨ ਖਾਣ ਵਿਚ ਮੁਸ਼ਕਲ ਆਉਣਾ, ਗਰਦਨ ਵਿਚ ਅਕੜਾਹਟ ਅਤੇ ਮੂੰਹ 'ਚੋਂ ਲਾਰ ਦਾ ਵਗਣਾ ਆਦਿ ਲੱਛਣ ਸ਼ਾਮਿਲ ਹਨ।

ਸਿਹਤ ਸੰਗਠਨਾਂ ਵੱਲੋਂ ਇਹ ਨਿਸ਼ਾਨਾ ਮਿੱਥਿਆ ਗਿਆ ਹੈ ਕਿ ਵੱਖ-ਵੱਖ ਤਰ੍ਹਾਂ ਦੀਆਂ ਮੁਹਿੰਮਾਂ ਚਲਾ ਕੇ ਸਾਲ 2030 ਤੱਕ ਕੁੱਤੇ ਰਾਹੀਂ ਫ਼ੈਲਣ ਵਾਲੇ ਹਲਕਾਅ ਕਰਕੇ ਹੋਣ ਵਾਲੀਆਂ ਮਨੁੱਖੀ ਮੌਤਾਂ ਦੀ ਗਿਣਤੀ 'ਸਿਫ਼ਰ' ਤੱਕ ਲਿਆਂਦੀ ਜਾਵੇਗੀ। ਇਹ ਪ੍ਰਾਪਤੀ ਕਰਨ ਲਈ ਕੁੱਤਾ ਪਾਲਕਾਂ ਤੋਂ ਇਲਾਵਾ ਸਮਾਜ ਦੇ ਹਰੇਕ ਵਰਗ ਅਤੇ ਸੰਗਠਨ ਤੋਂ ਮਦਦ ਲਈ ਜਾਵੇਗੀ। ਅਮਰੀਕਾ ਵਿਚ ਕੁੱਤਿਆਂ ਅਤੇ ਹੋਰ ਜਾਨਵਰਾਂ ਵੱਲੋਂ ਮਨੁੱਖਾਂ ਨੂੰ ਕੱਟ ਲਏ ਜਾਣ 'ਤੇ ਹਲਕਾਅ ਹੋਣ ਦੀਆਂ ਘਟਨਾਵਾਂ ਨਾਂਮਾਤਰ ਹਨ ਕਿਉਂਕਿ ਉੱਥੇ ਇਸ ਮਾਮਲੇ ਵਿਚ ਜਾਗਰੂਕਤਾ ਅਤੇ ਵੈਕਸੀਨੇਸ਼ਨ ਦਾ ਪੱਧਰ ਬਹੁਤ ਉੱਚਾ ਹੈ ਜਦੋਂ ਕਿ ਵਿਸ਼ਵ ਦੇ ਬਾਕੀ ਮੁਲਕਾਂ ਵਿਚ ਹਲਕਾਅ ਰੋਗ ਹੋਣਾ ਕਾਫ਼ੀ ਆਮ ਗੱਲ ਹੈ। ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਕ ਟੀ.ਏ. ਗਿਬਰੇਸਸ ਦਾ ਕਹਿਣਾ ਹੈ "ਬੜੇ ਦੁੱਖ ਅਤੇ ਹੈਰਾਨੀ ਦੀ ਗੱਲ ਹੈ ਕਿ ਕੁੱਤਿਆਂ ਦੇ ਕੱਟਣ ਕਰਕੇ ਫ਼ੈਲਣ ਵਾਲੇ ਹਲਕਾਅ ਰੋਗ ਨੂੰ ਰੋਕਣਾ ਪੂਰੀ ਤਰ੍ਹਾਂ ਸੰਭਵ ਹੈ ਪਰ ਫਿਰ ਵੀ ਇਸ ਤਰ੍ਹਾਂ ਦੇ ਹਲਕਾਅ ਕਾਰਨ ਹਰ ਸਾਲ 60 ਹਜ਼ਾਰ ਕੀਮਤੀ ਜਾਨਾਂ ਭੰਗ ਦੇ ਭਾੜੇ ਚਲੀਆਂ ਜਾਂਦੀਆਂ ਹਨ।"

ਸੋ ਅੰਤ ਵਿਚ ਇਹ ਕਹਿਣਾ ਬਣਦਾ ਹੈ ਕਿ ਹਲਕਾਅ ਰੋਗ ਦੇ ਲੱਛਣਾਂ, ਇਲਾਜ ਅਤੇ ਬਚਾਅ ਸਬੰਧੀ ਜਾਣਕਾਰੀ ਦੁਨੀਆਂ ਦੇ ਹਰੇਕ ਨਾਗਰਿਕ ਨੂੰ ਹੋਣੀ ਚਾਹੀਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਅਜਿਹਾ ਅਜੇ ਸੰਭਵ ਨਹੀਂ ਹੋ ਸਕਿਆ ਹੈ। ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹੁਣ ਪੁਰਾਣੇ ਸਮੇਂ ਵਾਂਗ ਹਲਕਾਅ ਤੋਂ ਬਚਾਉਣ ਲਈ ਧੁੰਨੀ ਦੇ ਦੁਆਲੇ 14 ਟੀਕੇ ਨਹੀਂ ਲਗਾਏ ਜਾਂਦੇ ਸਗੋਂ 0 ਤੋਂ 28 ਦਿਨ ਦੇ ਵਕਫ਼ੇ ਵਿਚ ਕੇਵਲ ਚਾਰ ਜਾਂ ਪੰਜ ਅਤੇ ਉਹ ਵੀ ਦਰਦ ਰਹਿਤ ਟੀਕੇ ਲਗਾਏ ਜਾਂਦੇ ਹਨ।

***-ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ***
***ਫੋਨ: 97816-46008***

## 'ਭਈਏ ਭਜਾਓ' ਮੁਹਿੰਮ

*(ਪਿਛਲੇ ਸਫੇ ਦਾ ਬਾਕੀ)*

ਦੀ ਬੋਲੀ-ਸੱਭਿਆਚਾਰ ਨੂੰ ਅਪਣਾ ਰਹੇ ਹਨ।

ਪੰਜਾਬ ਨੂੰ ਮੌਜੂਦਾ ਭਿਆਨਕ ਸੰਕਟ ਦੇ ਮੂੰਹ ਧੱਕਣ ਵਾਲੇ, ਖ਼ਰੀਆਂ ਮਾਨਵਤਾਵਾਦੀ ਕਦਰਾਂ-ਕੀਮਤਾਂ ਦੇ ਜੜ੍ਹੀਂ ਤੇਲ ਦੇ ਕੇ ਨਿੱਘਰੇ ਹੋਏ ਕੁਲੀਨਵਰਗੀ ਕਦਰਾਂ-ਕੀਮਤਾਂ ਦਾ ਵਧਾਰਾ-ਪਸਾਰਾ ਕਰਨ ਵਾਲੇ, ਪੰਜਾਬੀ ਜਵਾਨੀ ਨੂੰ ਸੰਕੀਰਣ ਟਕਰਾਵਾਂ ਅਤੇ ਪੁਲਿਸ ਮੁਕਾਬਲਿਆਂ ਵਿਚ ਮਾਰਨ-ਮਰਵਾਉਣ ਵਾਲੇ ਹੁਕਮਰਾਨ-ਕਾਂਗਰਸੀ, ਅਕਾਲੀ ਅਤੇ ਹੋਰ- ਮੁੱਖ ਤੌਰ 'ਤੇ ਪੰਜਾਬੀ ਹਨ। ਆਏ ਦਿਨ ਚੋਰੀਆਂ, ਲੁੱਟਾਂ-ਖੋਹਾਂ, ਛੋਟੇ ਬੱਚੇ-ਬੱਚੀਆਂ ਦੇ ਅਗਵਾ, ਔਰਤਾਂ ਨਾਲ ਬਲਾਤਕਾਰ ਅਤੇ ਜਿਨਸੀ ਛੇੜਛਾੜ, ਜਾਤ-ਪਾਤੀ ਜਬਰ, ਚਿੱਟੇ ਤੇ ਹੋਰ ਨਸ਼ਿਆਂ ਰਾਹੀਂ ਜਵਾਨੀ ਨੂੰ ਤਬਾਹ ਕਰਨ ਦਾ ਵਰਤਾਰਾ ਆਦਿ ਕਿੰਨੇ ਤਰ੍ਹਾਂ ਦੇ ਭਿਆਨਕ ਜੁਰਮ ਕਰਨ ਵਾਲੇ ਮੁੱਖ ਤੌਰ 'ਤੇ 'ਪੰਜਾਬੀ' ਹਨ ਅਤੇ ਕੁਝ ਪਰਵਾਸੀ ਵੀ ਇਨ੍ਹਾਂ ਜੁਰਮਾਂ ਵਿਚ ਸ਼ਾਮਲ ਹੁੰਦੇ ਹਨ। ਜੇਲ੍ਹਾਂ ਦੇ ਅੰਕੜੇ ਇਸਦੀ ਗਵਾਹੀ ਦਿੰਦੇ ਹਨ। ਪੰਜਾਬ ਦੀ ਬਰਬਾਦੀ ਦੇ ਅਸਲ ਮੁਜਰਮ ਹੁਕਮਰਾਨ ਹਨ, ਜਿਨ੍ਹਾਂ ਵਿਰੁੱਧ 'ਭਈਏ ਭਜਾਓ' ਦੇ ਹਮਾਇਤੀ ਮੁਹਿੰਮਾਂ ਨਹੀਂ ਚਲਾਉਂਦੇ। ਪਰਵਾਸੀਆਂ ਨੂੰ ਭਜਾਉਣ ਦੇ ਸੱਦੇ ਦੇਣ ਵਾਲੇ ਕਦੇ ਪੰਜਾਬ ਵਿਚੋਂ ਹੋ ਰਹੇ ਪਰਵਾਸ ਦੇ ਕਾਰਨਾਂ ਨੂੰ ਦੂਰ ਕਰਨ ਲਈ ਅਤੇ ਪੰਜਾਬ ਨੂੰ ਬਰਬਾਦ ਕਰਨ ਵਾਲੀਆਂ ਹਾਕਮ ਜਮਾਤੀ ਤਾਕਤਾਂ ਵਿਰੁੱਧ ਅੰਦੋਲਨ ਨਹੀਂ ਕਰਦੇ, ਨਾ ਹੀ ਕਰਨਗੇ, ਜਿਨ੍ਹਾਂ ਦੀਆਂ ਨੀਤੀਆਂ ਕਾਰਨ ਪੰਜਾਬ ਵਿਚ ਘਰਾਂ ਨੂੰ ਜਿੰਦਰੇ ਲੱਗ ਰਹੇ ਹਨ ਅਤੇ ਬਦੇਸ਼ਾਂ ਨੂੰ ਪਰਵਾਸ ਹੋ ਰਿਹਾ ਹੈ। ਜਿਨ੍ਹਾਂ ਨੂੰ ਆਪਣੇ ਹੀ ਮੁਲਕ ਵਿਚ ਬਿਹਾਰ ਯੂਪੀ ਵਗੈਰਾ ਤੋਂ ਪਰਵਾਸੀਆਂ ਦੇ ਪੰਜਾਬ ਆਉਣ 'ਤੇ ਇਤਰਾਜ਼ ਹੈ, ਉਹ ਡੰਕੀਆਂ ਅਤੇ ਹੋਰ ਨਜਾਇਜ਼ ਤਰੀਕਿਆਂ ਨਾਲ ਵਿਦੇਸ਼ਾਂ ਵਿਚ ਜਾ ਕੇ ਵਸਣ ਅਤੇ ਪੀ ਆਰ ਲੈਣ ਨੂੰ ਸਹੀ ਸਮਝਦੇ ਹਨ। ਜਦੋਂ ਟਰੰਪ ਨੇ ਹੱਥਕੜੀਆਂ-ਬੇੜੀਆਂ ਵਿਚ ਗ਼ੁਲਾਮਾਂ ਵਾਂਗ ਜਕੜ ਕੇ, ਸਾਰੇ ਮਨੁੱਖੀ ਮੁੱਲਾਂ ਨੂੰ ਦਰਕਿਨਾਰ ਕਰਕੇ ਅਤੇ ਬੁਰੀ ਤਰ੍ਹਾਂ ਜ਼ਲੀਲ ਕਰਕੇ ਕਥਿਤ ਗ਼ੈਰਕਾਨੂੰਨੀ ਪਰਵਾਸੀ ਪੰਜਾਬ ਭੇਜੇ, ਉਦੋਂ ਇਹ ਚੁੱਪ ਰਹੇ। ਕਿਉਂਕਿ ਮਾਪਦੰਡ ਦੋਗਲੇ ਹਨ।

'ਭਈਏ ਭਜਾਓ' ਮੁਹਿੰਮ ਚਲਾਉਣ ਵਾਲੇ ਕੌਣ ਹਨ? ਇਸ ਕੈਂਪ ਵਿਚ ਮੁੱਖ ਤੌਰ 'ਤੇ ਫਿਰਕੂ ਸੋਚ ਵਾਲੇ ਕੱਟੜਪੰਥੀ ਹਨ, ਜਿਨ੍ਹਾਂ ਦਾ 'ਸਰਬਤ ਦੇ ਭਲੇ' ਦੀ ਗੁਰਮਤਿ ਵਿਚਾਰਧਾਰਾ ਦੇ ਸਾਰ-ਤੱਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਇਨ੍ਹਾਂ ਨੂੰ ਸਿਰਫ਼ ਪਛਾਣਾਂ ਦੀ 'ਚਿੰਤਾ' ਹੈ। ਇਨ੍ਹਾਂ ਦਾ ਮਨੋਰਥ ਸਿਰਫ਼ ਹਿੰਦੂ ਬਨਾਮ ਸਿੱਖ, ਸਿੱਖ ਬਨਾਮ ਕਾਮਰੇਡ, ਭਈਆ ਬਨਾਮ ਪੰਜਾਬੀ ਦੇ ਮੁੱਦੇ ਖੜ੍ਹੇ ਕਰਨਾ ਹੈ। ਇਨ੍ਹਾਂ ਵਿਚ ਲੱਖੇ ਸਿਧਾਣੇ ਵਰਗੇ ਸਾਬਕਾ ਗੈਂਗਸਟਰ ਹਨ, ਜਿਨ੍ਹਾਂ ਨੂੰ ਚਰਚਾ ਵਿਚ ਰਹਿਣ ਲਈ ਮੁੱਦੇ ਚਾਹੀਦੇ ਹਨ; ਇਨ੍ਹਾਂ ਵਿਚ ਯੂਟਿਊਬਰ ਤੇ ਸੋਸ਼ਲ ਮੀਡੀਆ 'ਵਿਦਵਾਨ' ਹਨ ਜੋ ਇਸ ਤਲਾਸ਼ 'ਚ ਬੈਠੇ ਰਹਿੰਦੇ ਹਨ, ਕਿ ਕੁਝ ਅਜਿਹਾ ਵਾਪਰੇ ਜਿਸ ਨਾਲ ਉਨ੍ਹਾਂ ਨੂੰ ਖੱਬੇਪੱਖੀ ਮਜ਼ਦੂਰ-ਕਿਸਾਨ ਜਥੇਬੰਦੀਆਂ ਨੂੰ ਪੰਜਾਬ ਦੇ ਗ਼ੱਦਾਰ ਕਹਿ ਕੇ ਭੰਡਣ ਅਤੇ ਆਪਣੇ ਫਿਰਕੂ ਬਿਰਤਾਂਤ ਨੂੰ ਮੁੜ-ਸੁਰਜੀਤ ਕਰਨ ਦਾ ਮੌਕਾ ਮਿਲੇ ਅਤੇ ਉਹ ਆਪਣੀ 'ਵਿਦਵਤਾ' ਦਿਖਾ ਕੇ ਖੱਬੇਪੱਖੀਆਂ ਨੂੰ ਬੌਧਿਕ ਕੰਗਾਲੀ ਦੇ ਸਰਟੀਫੀਕੇਟ ਵੰਡ ਸਕਣ।




ਕੀ ਕਦੇ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਹਕੀਕੀ ਮੁੱਦਿਆਂ ਉੱਪਰ ਕੋਈ ਸੰਜੀਦਾ ਸੰਘਰਸ਼ ਕਰਦੇ ਦੇਖਿਆ ਹੈ? ਨਿਆਰੀ ਪਛਾਣ ਸਿਰਫ਼ ਬੋਲੀ, ਪਹਿਰਾਵਾ ਅਤੇ ਧਾਰਮਿਕ ਚਿੰਨ੍ਹਾਂ ਤੱਕ ਮਹਿਦੂਦ ਨਹੀਂ ਹੈ, ਸਗੋਂ ਹਰ ਅਨਿਆਂ ਤੇ ਧੱਕੇ ਵਿਰੁੱਧ ਅੜਨ-ਲੜਨ ਦੀਆਂ ਮਾਨਵਤਾਵਾਦੀ ਕਦਰਾਂ-ਕੀਮਤਾਂ ਵਾਲਾ ਪੰਜਾਬ ਦਾ ਵਿਰਸਾ ਹੈ। ਇਸ ਦੀ ਰਾਖੀ ਲਈ ਸੰਘਰਸ਼ ਉੱਪਰ ਫੋਕਸ ਕਿਉਂ ਨਹੀਂ? ਸਾਡੇ ਲੋਕਾਂ ਨੂੰ ਕੁਝ ਮੁਜਰਿਮ ਬਿਰਤੀ ਵਾਲੇ ਵਿਅਕਤੀਆਂ ਦੇ ਨਾਂ 'ਤੇ ਸਮੁੱਚੇ ਪਰਵਾਸੀ ਭਾਈਚਾਰੇ ਵਿਰੁੱਧ ਨਫ਼ਰਤ ਫੈਲਾਉਣ ਵਾਲਿਆਂ ਦੀ ਮਨਸ਼ਾ ਨੂੰ ਪਛਾਨਣਾ ਚਾਹੀਦਾ ਹੈ ਅਤੇ ਧੌਂਸਬਾਜ਼ ਕਾਰਵਾਈਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ।

ਜੇ 'ਭਈਏ ਭਜਾ'' ਦੇ ਸੱਦੇ ਦੇਣ ਵਾਲੇ ਸ਼ਖ਼ਸ, ਅਜਿਹੇ ਮਤੇ ਪਾਉਣ ਵਾਲੀਆਂ ਪੰਚਾਇਤਾਂ ਅਤੇ ਹੋਰ ਘੜੰਮ ਚੌਧਰੀ ਸੱਚਮੁੱਚ ਪੰਜਾਬ ਨੂੰ ਬਚਾਉਣ ਲਈ ਗੰਭੀਰ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੀ ਬਰਬਾਦੀ ਦੇ ਕਾਰਨਾਂ ਬਾਰੇ ਸਮੁੱਚਤਾ 'ਚ ਸੰਵਾਦ ਰਚਾਉਣਾ ਚਾਹੀਦਾ ਹੈ ਅਤੇ ਪਰਵਾਸ ਦਾ ਕੋਈ ਠੋਸ ਹੱਲ ਪੇਸ਼ ਕਰਨਾ ਚਾਹੀਦਾ ਹੈ। ਪਰਵਾਸੀਆਂ ਨੂੰ ਕੱਢਣ ਦੀ ਮੁਹਿੰਮ ਚਲਾਉਣ ਅਤੇ ਉਨ੍ਹਾਂ ਵਿਰੁੱਧ ਮਤੇ ਪਵਾਉਣ ਦੀ ਬਜਾਏ ਉਨ੍ਹਾਂ ਨੂੰ ਹਕੂਮਤ ਦੀਆਂ ਨੀਤੀਆਂ ਵਿਰੁੱਧ ਅੰਦੋਲਨ ਵਿੱਢਣਾ ਚਾਹੀਦਾ ਹੈ। ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਲਈ ਲੜਨਾ ਚਾਹੀਦਾ ਹੈ ਜਿਨ੍ਹਾਂ ਕਾਰਨ ਪੰਜਾਬ ਵਿੱਚੋਂ ਬਦੇਸ਼ਾਂ ਨੂੰ ਪਰਵਾਸ ਹੋ ਰਿਹਾ ਹੈ।

# ਮਾਨਵੀ-ਚੇਤਨਾ ਨੂੰ ਟੁੰਬਦੇ ਨੇ ਪ੍ਰਿੰਸੀਪਲ ਸਵਿੰਦਰ ਸਿੰਘ ਚਾਹਲ ਦੇ 'ਸੁਲਗਦੇ ਅਲਫ਼ਾਜ਼'

## ਪੁਸਤਕ ਸਮੀਖਿਆ

ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦੇ ਪ੍ਰੌੜ੍ਹ ਕਵੀਆਂ ਵਿਚ ਪ੍ਰਿੰਸੀਪਲ ਸਵਿੰਦਰ ਸਿੰਘ ਚਾਹਲ ਦੀ ਕਾਵਿ-ਸਿਰਜਣਾ ਦੀ ਨਿਵੇਕਲੀ ਪਛਾਣ ਹੈ। ਜੀਵਨ ਦੇ ਸਾਢੇ ਸੱਤ ਦਹਾਕੇ ਹੰਢਾਅ ਚੁੱਕਾ ਇਹ ਕਵੀ ਪਿਛਲੇ ਸਾਢੇ ਪੰਜ ਦਹਾਕਿਆਂ ਤੋਂ ਸਾਹਿਤ-ਰਸੀਆ, ਸਾਹਿਤ ਸਭਾਵਾਂ ਦਾ ਮੈਂਬਰ, ਸਾਹਿਤਕ ਸਟੇਜਾਂ 'ਤੇ ਰਚਨਾਵਾਂ ਪੇਸ਼ ਕਰਨ ਤੋਂ ਇਲਾਵਾ ਸਮਾਜ-ਸੁਧਾਰਕ ਕਾਰਜਾਂ ਨਾਲ ਤਨੋਂ-ਮਨੋਂ ਜੁੜਿਆ ਹੋਇਆ ਹੈ। ਨਿਜੀ ਲਗਨ, ਮਿਹਨਤ, ਸੰਘਰਸ਼ ਤੇ ਦ੍ਰਿੜਤਾ ਜਿਹੇ ਗੁਣਾਂ ਨੇ ਇਸ ਦੇ ਵਿਅਕਤਿਤਵ ਨੂੰ ਘੜਿਆ ਤੇ ਸ਼ਿੰਗਾਰਿਆ ਹੈ।

ਹਥਲੇ ਕਾਵਿ-ਸੰਗ੍ਰਹਿ ਤੋਂ ਪਹਿਲਾਂ ਕਵੀ ਦੁਆਰਾ ਚਾਰ ਪੁਸਤਕਾਂ ਦੀ ਸੰਪਾਦਨਾ ਕੀਤੀ ਜਾ ਚੁੱਕੀ ਹੈ। ਜੇ.ਬੀ.ਟੀ. ਦੇ ਅਧਿਆਪਨ ਕਾਰਜ ਤੋਂ ਲੈ ਕੇ ਪ੍ਰਿੰਸੀਪਲ ਦੇ ਅਹੁਦੇ 'ਤੇ ਨਿਭਾਏ ਕਾਰਜਾਂ ਨੇ ਇਸ ਦੀ ਸਾਹਿਤਕ ਤੇ ਵਿਦਿਅਕ ਅਦਾਰਿਆਂ 'ਚ ਚੰਗੀ ਪਛਾਣ ਬਣਾ ਦਿੱਤੀ ਸੀ। ਪਰ ਮੌਲਿਕ ਕਾਵਿ-ਸਿਰਜਣ ਪ੍ਰਵਾਹ ਨੂੰ ਅਗਾਂਹ ਤੋਰਨ ਲਈ ਕਾਵਿ-ਰਚਨਾਵਾਂ ਨੂੰ ਪੁਸਤਕ ਰੂਪ 'ਚ ਸੰਗ੍ਰਹਿਤ ਕਰਨ ਦੀ ਪ੍ਰੇਰਨਾ ਤੇ ਹਦਾਇਤ ਇਸ ਨੂੰ

ਡਾ. ਜਗੀਰ ਸਿੰਘ ਨੂਰ
ਫੋਨ+91-98142-09732

ਉਘੇ ਲੇਖਕਾਂ, ਅਧਿਆਪਕ ਰਹੇ ਚਿੰਤਕਾਂ ਤੇ ਕੁਝ ਹੋਰ ਦੋਸਤਾਂ ਤੋਂ ਸਮੇਂ-ਸਮੇਂ ਪ੍ਰਾਪਤ ਹੁੰਦੀ ਰਹੀ। ਇਸ ਸੰਬੰਧੀ 'ਮੇਰੇ ਧੰਨਵਾਦ ਦੇ ਪਾਤਰ' ਸਿਰਲੇਖ ਤਹਿਤ ਕ੍ਰਿਤੱਗਯ ਦਾ ਪ੍ਰਗਟਾਵਾ ਕਰਦਾ ਹੋਇਆ ਕਵੀ ਲਿਖਦਾ ਹੈ, 'ਜੇ ਮੇਰੇ ਮਗਰ ਆਪਣੀ ਵੱਡੀ ਭੈਣ ਵਰਗੀ ਮਾਂ-ਰੂਪੀ ਅਧਿਆਪਕਾ ਡਾ. ਇਕਬਾਲ ਕੌਰ ਸੌਂਦ ਦਾ ਉਤਸ਼ਾਹ ਤੇ ਸਾਹਿਤਕ ਪ੍ਰੇਰਨਾ ਦਾ ਡੰਡਾ ਨਾ ਹੁੰਦਾ ਤਾਂ ਸ਼ਾਇਦ ਮੈਂ ਲਿਖਣ-ਕਾਰਜ ਤੋਂ ਅਭਿੱਜ ਰਹਿ ਜਾਂਦਾ। ਉਹ ਅਕਸਰ ਕਹਿੰਦੇ, ਵੇਖ! ਮਾਸਟਰ ਤੂੰ ਇਨ੍ਹਾਂ (ਨਵੀਆਂ ਛਪ ਰਹੀਆਂ) ਪੁਸਤਕਾਂ ਨਾਲੋਂ ਕਿਤੇ ਵਧੀਆ ਲਿਖ ਲੈਂਦਾ ਹੈਂ। ਇਸ ਤਰ੍ਹਾਂ ਦੇ ਸ਼ਬਦ ਮੇਰੀ ਪਤਨੀ ਵੀ ਦੁਹਰਾਉਂਦੀ ਰਹਿੰਦੀ।" (ਪੰਨਾ 19)

ਕੁਝ ਹੋਰ ਸ਼ਖ਼ਸੀਅਤਾਂ ਦਾ ਜ਼ਿਕਰ ਵੀ ਕਵੀ ਦੁਆਰਾ ਕੀਤਾ ਗਿਆ ਹੈ। ਉਨ੍ਹਾਂ ਦੇ ਪ੍ਰਵਚਨਾਂ ਨੂੰ ਪੁਸਤਕ ਵਿਚ ਅੰਕਿਤ ਵੀ ਕੀਤਾ ਗਿਆ ਹੈ।

ਸਵਿੰਦਰ ਸਿੰਘ ਚਾਹਲ ਕਵਿਤਾ ਨੂੰ ਕੁਦਰਤੀ ਆਵੇਸ਼ ਮੰਨਦਾ ਹੈ। ਇਹ ਵੀ ਮੰਨਦਾ ਹੈ ਕਿ ਵਕਤ ਦੇ ਹਾਲਾਤ 'ਚੋਂ ਪੈਦਾ ਹੋਈਆਂ ਪ੍ਰਸਥਿਤੀਆਂ ਤੇ ਸਮਕਾਲੀਨ ਸਮਾਜਿਕ, ਰਾਜਨੀਤਕ, ਪ੍ਰਸ਼ਾਸਨਿਕ ਆਦਿ ਵਰਤਾਰਿਆ ਤੋਂ ਲਿਖਤ ਪ੍ਰਭਾਵਿਤ ਹੋ ਕੇ ਸ਼ਬਦ-ਸਿਰਜਣਾ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਵਾਂਗ ਕਵੀ ਕਵਿਤਾ ਨੂੰ 'ਰੂਹਾਂ ਦੀ ਬੋਲੀ, ਦੈਵੀ ਆਵੇਸ਼, ਸਾਧ ਮਨ ਵਿੱਚੋਂ ਨਿਕਲੇ ਬੋਲ ਤੇ ਪਿਆਰ 'ਚ ਮੋਏ ਬੰਦਿਆਂ ਦੇ ਬਚਨ 'ਮੰਨਦਾ ਹੈ। ਇਸ ਕਵੀ ਕੋਲ ਸ਼ਾਬਦਿਕ ਬੋਲ ਕਿੱਥੋਂ ਆਉਂਦੇ ਹਨ। ਮਿਸਾਲ ਵਜੋਂ ਕੁਝ ਸਤਰਾਂ ਪੇਸ਼ ਹਨ:-

ਕਵਿਤਾ ਦਾ ਕੋਈ ਥਹੁ ਨਹੀਂ ਚਲਦਾ,
ਇਹ ਕਿਹੜੇ ਰਾਹੋਂ ਆਉਂਦੀ ਏ।
ਜਦ ਕਦੇ ਵੀ ਆਉਂਦੀ ਏ,
ਹੌਲਾ ਬੋਲ ਕੇ ਆਉਂਦੀ ਏ। (ਪੰਨਾ 101)

ਕਵੀ ਦਾ ਸਿਰਜਣਾਤਮਿਕ ਪ੍ਰਬਲ ਜਜ਼ਬਾ ਉਸ ਦੀ ਕਾਵਿ-ਸੰਰਚਨਾ ਤੇ ਵਿਵੇਕ ਦੇ ਪ੍ਰਗਟਾਵੇ ਦਾ ਪ੍ਰਯੋਜਨ ਹੋ ਨਿਬੜਦਾ ਪ੍ਰਤੀਤ ਹੁੰਦਾ ਹੈ। ਇਹ ਕਵੀ ਪਾਠਕਾਂ/ਸਰੋਤਿਆਂ ਨਾਲ ਮੁੱਖ ਬੰਦ ਵਿਚ ਅਹਿਦਨਾਮੇ ਦੀ ਗੱਲ ਇਉਂ ਕਰਦਾ ਹੈ-

"ਮੈਂ ਤੇ ਮੇਰੀਆਂ ਰਚਨਾਵਾਂ ਨੇ ਇੱਕ
ਅਹਿਦਨਾਮਾ ਦਸਤਖ਼ਤ ਕਰ ਲਿਆ ਏ।
ਜੀਣਾ ਮਰਨਾ 'ਕੱਠੇ ਰਹਿ ਦੋਹਾਂ ਨੇ
ਅਸਾਂ ਪੱਕਾ ਫੈਸਲਾ ਕਰ ਲਿਆ ਏ"। (ਪੰਨਾ 21)

ਕਵੀ ਦਾ ਐਲਾਨੀਆ ਕਾਵਿਕ ਪੈਗ਼ਾਮ ਹੈ ਕਿ ਉਸ ਦੀਆਂ ਕਵਿਤਾਵਾਂ ਨੇ ਪਿਆਰੇ ਭਾਰਤ ਦੇਸ਼ ਨੂੰ ਭ੍ਰਿਸ਼ਟ ਲੀਡਰਾਂ ਤੇ ਅਮੀਰ ਲੋਕਾਂ ਦੀ ਚੁੰਗਲ 'ਚੋਂ ਮੁਕਤ ਕਰਵਾਉਣ ਹਿੱਤ ਪੱਕੀ ਧਾਰਨਾ ਬਣਾ ਲਈ ਹੈ। ਸਵਿੰਦਰ ਸਿੰਘ ਚਾਹਲ ਦਾ ਕਾਵਿ-ਸੰਰਚਨਾਤਮਿਕ ਬੋਧ ਅਤੇ ਇਸੇ ਦਾ ਪ੍ਰਗਟਾਵਾ ਸਮਰੂਪ ਹੈ। ਇਸ ਪ੍ਰਕਿਰਿਆ ਵਿੱਚੋਂ ਦੀ ਲੰਘਦਾ ਹੋਇਆ ਇਹ ਕਵੀ ਸਿਧਾਂਤਕ ਕਥਨੀ ਤੇ ਸ਼ਾਬਦਿਕ ਪ੍ਰਗਟਾਵੇ ਦੀ ਵਿਵਹਾਰਿਕਤਾ ਦੀ ਪ੍ਰਸੰਗਤਾ ਵਿਚ ਕਿਤੇ ਵੀ ਦੋ ਨਹੀਂ ਹੁੰਦਾ। ਇਸ ਖ਼ੂਬੀ ਦਾ ਕਾਰਨ ਇਹ ਵੀ ਹੈ ਕਿ ਕਵੀ ਕੋਲ ਮੱਧਕਾਲੀਨ ਤੇ ਆਧੁਨਿਕ ਕਾਲ ਦੇ ਸਾਹਿਤ ਦੀ ਅਮੀਰੀ ਵਾਲੇ ਗੁਣ ਤੇ ਅਹਿਸਾਸ ਜ਼ਿਹਨ ਵਿਚ ਵਸ ਚੁੱਕੇ ਹੋਏ ਹਨ ਜੋ ਅਚੇਤ ਤੇ ਸੁਚੇਤ ਰੂਪਾਂ 'ਚ ਬਾਹਰ ਨਿਕਲ-ਨਿਕਲ ਪੈਂਦੇ ਹਨ। ਅਜਿਹੀ ਕਾਵਿ-ਸੰਰਚਨਾ ਪ੍ਰੋ. ਪੂਰਨ ਸਿੰਘ, ਡਾ.ਦੀਵਾਨ ਸਿੰਘ ਕਾਲੇਪਾਣੀ ਤੇ ਪ੍ਰੋ. ਮੋਹਨ ਸਿੰਘ ਦੀ ਕਾਵਿ-ਸਿਰਜਣਾ 'ਚ ਪ੍ਰਮੁੱਖ ਗੁਣ ਰਿਹਾ ਹੈ ਜੋ ਕਵੀ ਨੇ ਪੜ੍ਹਿਆ, ਮਾਣਿਆ ਤੇ ਗ੍ਰਹਿਣ ਕੀਤਾ ਹੋਇਆ ਪ੍ਰਤੀਤ ਹੁੰਦਾ ਹੈ ਤਾਂ ਹੀ ਇਸ ਕਵੀ ਨੂੰ ਕਵਿਤਾ ਹੜ੍ਹ ਵਾਂਗ ਆਉਂਦੀ ਹੋਈ ਤੁਸੱਵਰ ਹੁੰਦੀ ਹੈ। ਇਸ ਹੜ੍ਹ ਨੂੰ ਉਹ 'ਕੁਦਰਤੀ ਆਵੇਸ਼' ਮੰਨਦਾ ਹੈ। ਪ੍ਰੋ. ਪੂਰਨ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਖੁੱਲ੍ਹੇ ਮੈਦਾਨ' ਵਿਚ ਕਿਹਾ ਸੀ-

'ਅੱਖਰਾਂ ਦੇਅੱਖਰ , ਡੁੱਲ੍ਹ ਡੁੱਲ੍ਹ ਪੈਂਦੇ
ਸਾਂਭੇ ਜਾਂਦੇ ਨਾ, ਮੈਂ ਤਰਲੇ ਲੈ ਰਿਹਾ'

'ਚਾਹਲ' ਦੀਆਂ ਰਚਨਾਵਾਂ ਪੜ੍ਹਦਿਆਂ ਕਿਤੇ ਕਿਤੇ ਮਹਿਸੂਸ ਹੁੰਦਾ ਹੈ ਕਿ ਇਸ ਦੀ ਕਾਵਿ-ਪ੍ਰਤਿਭਾ ਉੱਤੇ ਸ਼ਿਵ ਕੁਮਾਰ ਬਟਾਲਵੀ ਦਾ ਵੀ ਪ੍ਰਭਾਵ ਹੈ। ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਇੱਕ ਕਵਿਤਾ ਵਿਚ ਰੁੱਖਾਂ ਬਾਬਤ ਮੋਹ ਤੇਹ ਪ੍ਰਗਟਾਉਂਦਿਆਂ ਉਨ੍ਹਾਂ ਦਾ ਮਾਨਵੀਕਰਨ ਕਰਦੇ ਹੋਏ ਕਿਹਾ ਸੀ ਕਿ ਕੁਝ ਰੁੱਖ ਉਸ ਨੂੰ ਮਾਵਾਂ-ਧੀਆਂ, ਭੈਣ-ਭਰਾਵਾਂ ਤੇ ਦਾਦੇ- ਦਾਦੀ ਵਰਗੇ ਲੱਗਦੇ ਹਨ ਤੇ ਕੁਝ ਯਾਰਾਂ ਤੇ ਮਹਿਬੂਬਾ ਵਰਗੇ ਲੱਗਦੇ ਹਨ। ਇਸ ਕਵੀ ਦਾ ਚਿੰਨ੍ਹ 'ਰੁੱਖ' ਦੀ ਥਾਂਵੇਂ 'ਅੱਖਰ' ਵਜੋਂ ਉਸ ਦੀ ਕਵਿਤਾ 'ਅੱਖਰ' ਵਿਚ ਉੱਭਰ ਕੇ ਸਾਡੇ ਸਨਮੁੱਖ ਹੋਇਆ ਹੈ। ਕਵੀ ਦਾ ਕਹਿਣਾ ਹੈ :-

—ਕੁਝ ਅੱਖਰ ਮੇਰੇ ਪੂਜਣਯੋਗ ਮੁਰਸ਼ਦ ਵਰਗੇ,
ਮੇਰੀ ਭਟਕਦੇ ਦੀ ਬਾਂਹ ਆ ਫੜਦੇ ਨੇ।
...
—ਕੁਝ ਅੱਖਰ ਘੂਕ ਸੁੱਤਾ 'ਚਾਹਲ' ਜਗਾ
ਕੁਝ ਲਿਖਣ ਦੀ ਹਾਮੀ ਭਰਦੇ ਨੇ। (ਪੰਨਾ 104-05)

ਕਵੀ ਕਿਸੇ ਨਵੇਂ ਕਾਵਿ-ਪੈਰਾਡਾਈਮ ਨੂੰ ਸਿਰਜਣ ਵਿਚ ਉਚੇਚੇ ਤੌਰ 'ਤੇ ਨਹੀਂ ਗੁਆਚਦਾ। ਇਸ ਦਾ ਕਾਵਿ-ਪ੍ਰਵਾਹ ਹੀ ਇਸ ਦੀ ਕਾਵਿਕ ਵਿਧੀ ਵਿਧਾਨ ਦੀ ਘਾੜਤ ਘੜਦਾ ਹੈ। ਹਕੀਕਤ ਨੂੰ ਉਚਾਰਦਾ ਹੋਇਆ ਕਵੀ ਦਾ ਬਿਆਨ ਵੇਖੋ:-

ਸੂਰਤ, ਸੀਰਤ ਨਾਲ ਚੱਜ ਆਚਾਰ ਮਿਲ ਜਾਏ
ਕਰਾਮਾਤੀ ਹੁਸਨ ਹਰ ਦਿਲ ਅਜ਼ੀਜ਼ ਹੁੰਦਾ ਏ।
'ਚਾਹਲ' ਉਦੋਂ ਗ਼ਜ਼ਲ ਮਟਕ ਨਾਲ ਅੱਗੇ ਤੁਰਦੀ
ਜਦੋਂ ਤੁਕਾਂਤ ਤੋਂ ਪਹਿਲਾਂ ਮਿਲਦਾ ਰਦੀਫ਼ ਹੁੰਦਾ ਏ। (ਪੰਨਾ 138)

ਸਪਸ਼ਟ ਹੈ ਕਿ ਕਵੀ ਕਵਿਤਾ ਦੀਆਂ ਵਿਭਿੰਨ ਵੰਨਗੀਆਂ ਦਾ ਗਿਆਤਾ ਹੈ। ਇਹ ਸਭਨਾਂ ਕਾਵਿ-ਸ਼ਾਸਤਰੀਆਂ ਦੁਆਰਾ ਦਰਸਾਈਆਂ ਗਈਆਂ ਕਵਿਤਾ ਦੀਆਂ ਅੰਦਰੂਨੀ ਆਵੱਸ਼ਕ ਖ਼ੂਬੀਆਂ ਤੋਂ ਵੀ ਵਾਕਿਫ਼ ਹੈ ਅਤੇ ਮੰਨ ਕੇ ਚੱਲਦਾ ਹੈ ਕਿ 'ਕਵਿਤਾ ਇੱਕ ਅਜਿਹੀ ਸ਼ਬਦ ਰਚਨਾ ਹੋਣੀ ਚਾਹੀਦੀ ਹੈ। ਜਿਸ ਵਿਚ ਲੈਅ, ਤਾਲ, ਖ਼ਿਆਲ, ਜਜ਼ਬਾ, ਕਲਪਨਾ ਤੇ ਕਿਸੇ ਤਰ੍ਹਾਂ ਦੇ ਵਜ਼ਨ ਦਾ ਸੁਮੇਲ ਹੋਵੇ।' ਇਹ ਸਾਰੇ ਗੁਣ ਲੱਛਣ 'ਚਾਹਲ' ਦੀ ਸਮੁੱਚੀ ਕਵਿਤਾ ਦੀ ਅੰਤਰ-ਆਤਮਾ ਹਨ। ਗ਼ਜ਼ਲਾਂ ਵਿਚ ਵਜ਼ਨ ਦਾ ਪੂਰਾ ਖ਼ਿਆਲ ਰੱਖਿਆ ਗਿਆ ਹੈ। ਇਹ ਕਵੀ ਸਮਕਾਲੀਨ ਪਰਿਸਥਿਤੀਆਂ ਦਾ ਉਲੇਖ ਛੰਦਾਬੰਦੀ ਵਿਚ ਰਹਿ ਕੇ ਹੀ ਕਰਦਾ ਹੈ। ਗ਼ਜ਼ਲਾਂ ਜਾਂ ਕਵਿਤਾਵਾਂ ਹੀ ਨਹੀਂ ਇਸ ਦਾ ਇਹ ਰੰਗ ਦੋਹੇ, ਟੱਪੇ, ਗੀਤ ਤੇ ਵਾਰ ਕਾਵਿ-ਸ਼ਿਲਪਾਂ ਦੀ ਨਿਭਾਓ ਪ੍ਰਸੰਗਤਾ ਵਿਚ ਉਦੇਮਾਨ ਹੋਇਆ ਵੇਖਿਆ ਜਾ ਸਕਦਾ ਹੈ। ਰੁਬਾਈ ਦੀ ਬਣਤਰ ਪਹਿਲਿਆਂ ਦੋ ਤੁਕਾਂ ਤੇ ਚੌਥੀ ਤੁਕ ਵਿਚ ਤੁਕਾਂਤ ਨੂੰ ਸਫਲਤਾ ਪੂਰਨ ਨਿਭਾਉਂਦੀ ਪ੍ਰਤੀਤ ਹੁੰਦੀ ਹੈ। ਇਸੇ ਤਰ੍ਹਾਂ ਟੱਪਿਆਂ ਦੀਆਂ ਤਿੰਨ ਤੁਕਾਂ ਵਿਚ ਵਿਚਾਰਾਂ ਦਾ ਉਥਾਨ, ਪਾਸਾਰ ਤੇ ਅੰਤਿਮ ਚਮਕਾਰੇ ਜਿਹਾ ਪ੍ਰਭਾਵ ਪੈਂਦਾ ਹੈ। ਦੋਹੇ ਨੂੰ ਦੋ ਤੁਕਾਂ 'ਚ ਸਿਰਜਿਆ ਹੈ। ਗੀਤ ਜਾਂ ਵਾਰ ਦੀ ਰਚਨਾਤਮਕ-ਸੰਰਚਨਾ ਨੂੰ ਬਾਖ਼ੂਬੀ ਸੰਗੀਤਕ ਗੁਣ ਭਰ ਕੇ ਪੇਸ਼ ਕੀਤਾ ਹੈ। ਤਿੰਨ ਤੁਕੀਆਂ ਬੋਲੀਆਂ ਵਿਚ ਵੀ ਇਹੋ ਗੁਣ ਪੁਖ਼ਤਾ ਰੂਪ 'ਚ ਪ੍ਰਗਟ ਹੋਏ ਹਨ। ਉਦਾਹਰਣ ਵਜੋਂ:-(ੳ) ਇੱਕ ਬੋਲੀ (ਅ) ਇੱਕ ਟੱਪਾ ਤੇ (ੲ) ਇੱਕ ਦੋਹਾ ਪੇਸ਼ ਹੈ —


(ੳ) ਬੱਲੇ ਬੱਲੇ ਬਈ ਪੰਜਾਬੀ ਸਾਰੇ ਜਾਗ ਨੇ ਉੱਠੇ
ਹੁਣ ਫੋਕੇ ਲਾਰੇ ਨਹੀਂ ਸੁਣਦੇ
ਬਈ ਪੰਜਾਬੀ ਸਾਰੇ ਜਾਗ ਨੇ ਉੱਠੇ (ਪੰਨਾ132)

(ਅ) ਵਿਸ਼ਵਾਸ ਸਭ 'ਤੇ ਨਾ ਕਰਿਆ ਕਰੋ
ਦੁਨੀਆਂ ਦਗੇਬਾਜ਼ ਹੋ ਗਈ
ਪੈਰ ਸੋਚ ਕੇ ਹੀ ਧਰਿਆ ਕਰੋ। (ਪੰਨਾ 127)

(ੲ) ਰਿਜ਼ਕ ਦੇਵੇ ਵਿਚ ਪੱਥਰਾਂ, ਮੇਰਾ ਪਰਵਰਦਗਾਰ।
ਮੈਨੂੰ ਨਾ ਕੋਈ ਫਿਕਰ, ਜਾਣੇ ਸਿਰਜਣਹਾਰ। (ਪੰਨਾ 124)

ਉਪਰੋਕਤ ਹਰ ਕਾਵਿ-ਰੂਪਾਕਾਰ 'ਚੋਂ ਦਿੱਤੀ ਗਈ ਉਦਾਹਰਣ ਪ੍ਰਮਾਣਿਕ ਹੈ ਕਿ ਚਾਹਲ ਦੀ ਕਵਿਤਾ ਦੇ ਸ਼ਬਦ ਪਹਾੜੀ ਝਰਨੇ ਦੀ ਧਾਰਾ ਵਾਂਗ ਦਿਲ ਦਿਮਾਗ 'ਚ ਉਤਰ ਕੇ ਕਾਗਜ਼ ਦੇ ਪੰਨਿਆਂ ਉੱਪਰ ਅੰਕਿਤ ਹੋ ਜਾਂਦੇ ਹਨ। ਕਵਿਤਾਵਾਂ ਪੜ੍ਹਦਿਆਂ ਮਾਲੂਮ ਹੁੰਦਾ ਹੈ ਕਿ ਕਵੀ ਦੀ ਕਹਿਣੀ ਤੇ ਕਰਨੀ ਇਸ ਦੇ ਸੁਲਗਦੇ ਅਲਫਾਜ਼ਾਂ ਵਿਚ ਹੂ-ਬ-ਹੂ ਉਕਰੀ ਹੋਈ ਹੈ। ਇਸ ਦੇ ਅਲਫਾਜ਼ਾਂ ਵਿਚੋਂ ਪ੍ਰੋ. ਪੂਰਨ ਸਿੰਘ, ਬਾਵਾ ਬਲਵੰਤ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਡਾ. ਦੀਵਾਨ ਸਿੰਘ ਕਾਲੇਪਾਣੀ ਆਦਿ ਸ੍ਰੇਸ਼ਟ ਕਵੀਆਂ ਦੀ ਕਾਵਿਕ-ਰੂਹ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਕਵੀ ਦਾ ਮੌਲਿਕ ਅੰਦਾਜ਼ ਇਸ ਦੇ ਸਮਕਾਲੀਨ ਕਵੀਆਂ ਤੋਂ ਵਿਚਾਰਾਤਮਿਕ ਤੇ ਪੇਸ਼ਕਾਰੀ ਪੱਖ, ਦੋਹਾਂ ਤੋਂ ਨਿਖੇੜਦਾ ਹੈ। ਅਜਿਹਾ ਗੁਣ ਮੀਰੀ ਗੁਣ ਆਖਿਆ ਜਾ ਸਕਦਾ।

ਮੀਰੀ ਕਵਿਤਾ ਉਹ ਹੁੰਦੀ ਹੈ ਜੋ ਸਰੋਤੇ ਜਾਂ ਪਾਠਕ ਦੇ ਜ਼ਿਹਨ ਵਿਚ ਘਰ ਕਰ ਕੇ ਸ਼ਬਦਾਂ ਦੇ ਅਰਥਾਂ ਦੀਆਂ ਪਰਤ-ਦਰ-ਪਰਤਾਂ ਨੂੰ ਖੋਲ੍ਹ ਕੇ ਵਿਸਥਾਰ ਦਿੰਦੀ ਹੈ। ਅਜਿਹਾ ਪ੍ਰਯੋਜਨ ਤਾਂ ਹਰੇਕ ਕਵੀ ਚਾਹੁੰਦਾ ਹੈ ਪਰ ਸੰਪੰਨ ਪ੍ਰਕਾਰਜ




ਕੋਈ ਕੋਈ ਨਿਭਾਅ/ਪ੍ਰਗਟਾਅ ਸਕਦਾ ਹੈ। ਬੇਸ਼ੁਮਾਰ ਕਵੀਆਂ 'ਚੋਂ ਜਿਹੜੇ ਕਵੀ ਕਵਿਤਾ ਦੀ ਅਸਲ ਪ੍ਰਕਿਰਤੀ ਨੂੰ ਸਮਝ ਕੇ ਪ੍ਰਕਾਰਜ ਵਿਚ ਨਿਪੁੰਨਤਾ ਹਾਸਲ ਕਰ ਚੁੱਕੇ ਹਨ, ਉਨ੍ਹਾਂ ਵਿਚੋਂ ਸਵਿੰਦਰ 'ਚਾਹਲ' ਇੱਕ ਹੈ। ਇਸ ਦੀ ਕਵਿਤਾ ਉੱਤਮ ਕਿਰਦਾਰ ਵਾਲੀ ਮਨੁੱਖਤਾ ਦੀ ਸਿਰਜਣਾ ਕਰਨ ਵਾਲਾ ਮਾਰਗ ਦਰਸਾਉਂਦੀ ਹੈ।

ਕਵੀ ਦਾ ਇਹ ਰਚਨਾਤਮਿਕ ਵਿਵੇਕ ਮਨੁੱਖ ਵਿਚਲੇ ਦੁੱਖ-ਕਲੇਸ਼, ਈਰਖ, ਸਾੜਾ, ਨਫ਼ਰਤ ਆਦਿ ਅੰਤਰੀਵੀ ਰੋਗਾਂ ਨੂੰ ਨਵਿਰਤ ਕਰ ਕੇ ਪਿਆਰ, ਮੁਹੱਬਤ, ਲਗਨ, ਮਿਹਨਤ ਆਦਿ ਖ਼ੂਬੀਆਂ ਭਰਪੂਰ ਦੀਵੇ ਜਗਾ ਦੇਣ ਵਿਚ ਨਿਹਿਤ ਪ੍ਰਤੀਤ ਹੁੰਦਾ ਹੈ। ਅਜਿਹੇ ਉਦਗਾਰਾਂ ਤੇ ਸਰੋਕਾਰਾਂ ਦਾ ਉਦੀਪਨ ਕਵੀ ਦੀ ਧਾਰਮਿਕ ਆਸਥਾ ਤੋਂ ਹੋਇਆ ਹੈ। ਇਸ ਦੇ ਉਥਾਨ ਤੋਂ ਪ੍ਰਸਾਰ ਤੱਕ ਇਸ ਦੀ ਨਿੱਜੀ ਜ਼ਿੰਦਗੀ ਦੇ ਹਾਲਾਤ ਕਾਰਗਰ ਰਹੇ ਹਨ। ਛੋਟੀ ਉਮਰੇ ਬਚਪਨ ਵਿਚ ਮਾਂ-ਵਿਹੂਣੇ ਹੋ ਜਾਣ ਸਦਕਾ ਕਵੀ ਦਾ ਅਣਸੁਖਾਵੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਨਾਲ ਵਾਹ ਪਿਆ। ਪਿਤਾ, ਭਰਾਵਾਂ ਤੇ ਵਿਸ਼ੇਸ਼ ਕਰ ਕੇ ਚਾਚਾ ਜੀ ਦੀ ਧਾਰਮਿਕ ਤੇ ਸੇਵਾ-ਭਾਵਨਾ ਦੀ ਵਿਵਹਾਰਿਕ ਬਿਰਤੀ 'ਚ ਹੋਈ ਪਾਲਣਾ ਨੇ ਇਸ ਵਿਚ ਨਿਸ਼ਠਾ ਹੀ ਨਹੀਂ ਸਗੋਂ ਇਸ ਨੂੰ ਦੁਨੀਆਂ ਵਿਚ ਕੁਝ ਵਿਲੱਖਣ ਕਰਨ ਦੇ ਯੋਗ ਬਣਾ ਦਿੱਤਾ। ਪ੍ਰਮਾਣ ਸਾਡੇ ਸਾਹਮਣੇ ਹੈ।

ਇਹ ਕਵੀ ਆਪਣੇ ਹਰੇਕ ਕਾਰਜ ਦਾ ਆਰੰਭ ਹੀ ਉਕਤ ਦਰਸਾਈ ਨਿਸ਼ਠਾ, ਉਸ ਤੋਂ ਪ੍ਰਾਪਤ ਸੇਧ ਤੇ ਅਰਜ਼ੋਈ ਬੰਦਨਾ ਨਾਲ ਕਰਦਾ ਹੈ। ਕਵੀ ਦਾ ਐਸਾ ਸੰਦੇਸ਼ ਉਸ ਦੀ ਕਾਵਿਕਤਾ ਨੂੰ ਹੋਰਨਾਂ ਸਮਕਾਲੀ ਕਵੀਆਂ ਤੋਂ ਨਿਖੇੜ ਕੇ ਉਭਾਰਨ ਵਾਲਾ ਗੁਣ ਵੀ ਬਣਦਾ ਹੈ। ਕਵੀ ਦੇ ਅਲਫ਼ਾਜ਼ ਗੁਰੂਆਂ ਤੇ ਹੋਰ ਵੱਡੀਆਂ ਵੱਡੀਆਂ ਕੁਰਬਾਨੀਆਂ ਕਰ ਜਾਣ ਵਾਲੇ ਮਰਦ-ਅਗੰਮੜਿਆਂ ਨੂੰ ਨਤਮਸਤਕ ਹੋਣ ਅਤੇ ਵਾਰੇ-ਵਾਰੇ ਜਾਣ ਵਿਚ ਨਹਿਤ ਹਨ ਕੁਝ ਉਦਾਹਰਣਾਂ:—

(ੳ) ਕਿਰਪਾ ਕਰਕੇ ਲਿਖ ਦੇਈਂ ਰੱਬਾ,
ਮੇਰੇ ਉੱਚੇ ਭਾਗਾਂ ਵਾਲੇ ਨਸੀਬ ।
ਹਉਮੈ ਹੰਕਾਰ ਨਾ ਆਵਣ ਨੇੜੇ,
ਮੈਨੂੰ ਹਿਰਦੇ ਤੋਂ ਰੱਖੀਂ ਗਰੀਬ (172 ਪੰਨਾ)

(ਅ) ਹਿੰਦ ਦੀ ਚਾਦਰ ਬਾਬਾ ਮੇਰਾ,
ਸਪੂਤ ਏ ਮੀਰੀ ਪੀਰੀ ਦਾ।
ਹਾਲ-ਏ-ਬਿਆਨ ਕਿਵੇਂ ਕਰਾਂ,
ਕੁਰਬਾਨੀ ਤੇਰੀ ਲਾਸਾਨੀ ਦਾ। (ਪੰਨਾ 21)

(ੲ) ਸੁਣ ਸਰਸਾ ਦੀਏ ਨਦੀਏ ਨੀ,
ਇਹ ਕੀ ਕਹਿਰ ਕਮਾਇਆ ਨੀ।
ਵਿਛੋੜ ਪਰਿਵਾਰ ਗੁਰੂ ਸਾਹਿਬ ਦਾ,
ਤੈਂ ਭਾਰੀ ਦਗਾ ਕਮਾਇਆ ਨੀ। (ਪੰਨਾ 45)

ਕਵੀ ਦੀ 'ਪਿਆਰ' ਅਨੁਭਾਵਕਿਤਾ ਪ੍ਰੌੜ੍ਹ ਹੈ। ਪਿਆਰ ਜਿਹੇ ਸੂਖਮ ਵਿਸ਼ੇ ਦੀਆਂ ਬਾਰੀਕ ਪਰਤਾਂ ਨੂੰ ਕਵੀ ਨੇ ਖ਼ੂਬ ਪਛਾਣਿਆ, ਕਮਾਇਆ ਤੇ ਹੰਢਾਇਆ ਹੈ। ਉਹ 'ਇਕਲੌਕਿਕਤਾ' ਤੇ 'ਪਾਰਲੌਕਿਕਤਾ' ਸੰਕਲਪਾਂ ਨੂੰ ਵੱਖ ਵੱਖ ਤੇ ਕਿਤੇ ਕਿਤੇ ਸਮਰੂਪ ਰਖ ਕੇ ਆਪਣੀ ਕਾਵਿ-ਯੋਗਤਾ ਦੇ ਪ੍ਰਗਟਾਵੇ ਦਾ ਯਤਨ ਕਰਦਾ ਹੈ। ਪਰ ਇਨ੍ਹਾਂ ਦੋਹਾਂ ਅਵਸਥਾਵਾਂ ਵਿਚ ਵਿਚਰਦਿਆਂ ਮਨੁੱਖੀ ਮਾਨਸਿਕਤਾ ਵਿਚ ਜੋ ਮਿਲਾਪ ਵਿਛੋੜੇ ਵਾਲੀਆਂ ਚਿਣਗਾਂ ਸੁਲਗਦੀਆਂ ਹਨ, ਉਨ੍ਹਾਂ ਦਾ ਜ਼ਿਕਰ ਇਸ ਫ਼ਿਕਰ ਨਾਲ ਕਰਦਾ ਹੈ ਕਿ ਕਿਤੇ ਵੀ ਉਲਾਰ ਬਿਰਤੀ ਪੈਦਾ ਨਾ ਹੋਵੇ। ਅਜਿਹਾ ਸੰਤੁਲਨ ਰੱਖਣਾ ਆਮ ਕਵੀਆਂ ਦੀ ਪ੍ਰਤਿਭਾ ਦਾ ਹਾਸਲ ਨਹੀਂ ਬਣਿਆ ਕਰਦਾ ਕਿਉਂਕਿ ਹਰੇਕ ਕਵੀ ਇਸ ਸ਼ਰੋਮਣੀ ਜਜ਼ਬੇ ਦੇ ਇਜ਼ਹਾਰ ਕਰਨ ਵਾਲੇ ਸਾਧਨਾ ਤੇ ਜੋਖਮ ਭਰੀਆਂ ਤਲਖ਼ ਦੁਨਿਆਵੀ ਅੜਚਣਾਂ ਨੂੰ ਹੰਢਾਅ ਸਕਣ ਦੀ ਸਮਰੱਥਾ ਨਹੀਂ ਰੱਖ ਸਕਦਾ ਹੁੰਦਾ। 'ਚਾਹਲ' ਪਿਆਰ ਸੰਬੰਧੀ ਕੁਝ ਇਸ ਤਰ੍ਹਾਂ ਆਖਦਾ ਹੈ:-

ਪਿਆਰ ਇਕ ਤਰਫਾ ਕਦੇ ਦੋ ਤਰਫਾ
ਕਦੇ ਕੋਈ ਤਰਫਾ ਨਹੀਂ ਰਹਿ ਜਾਂਦਾ।
...
ਚਾਹਲ ਕਹਿੰਦਾ ਕਹਾਉਂਦਾ ਨਾਢੂ ਖਾਂ ਵੀ
ਗੋਡੇ ਟੇਕ ਅੱਗੇ ਪਿਆਰ ਦੇ ਢਹਿ ਜਾਂਦਾ। (ਪੰਨਾ147)

'ਚਾਹਲ' ਦਾ ' ਪਿਆਰ ਅਨੁਭਵ' ਇਸ ਦੀ ਜੀਵਨ-ਸ਼ੈਲੀ ਦੀ ਸਾਦਗੀ ਤੇ ਸੁਹਿਰਦਤਾ ਵਿਚੋਂ ਥਾਂ-ਪਰ-ਥਾਂ ਝਲਕਦਾ ਦਿਸਦਾ ਹੈ। ਪਰ ਜਦੋਂ ਇਹ ਸ਼ਾਬਦਿਕ ('ਸੁਲਗਦੇ ਅਲਫ਼ਾਜ਼' ਦਾ) ਪ੍ਰਬਲ ਰੂਪ ਧਾਰ ਲੈਂਦਾ ਹੈ ਤਾਂ ਇਹ ਮਾਂ-ਬੋਲੀ ਪੰਜਾਬੀ, ਪੰਜਾਬੀਅਤ ਤੇ ਪੰਜਾਬ ਦੀ ਧਰਤੀ ਦੇ ਮੋਹ ਵਿਚ ਸਰਸ਼ਾਰ ਹੋ ਜਾਂਦਾ ਹੈ। ਕਵੀ ਦੀ ਮਾਨਸਿਕਤਾ ਦੇ ਅਵਚੇਤਨ ਹਿੱਸੇ (ਭਾਗ) ਵਿਚ ਭਾਵਕਤਾ ਨਹੀਂ ਹੈ, ਸਗੋਂ ਇਹ ਤਾਂ ਦ੍ਰਿੜ੍ਹ ਇਰਾਦੇ ਨਾਲ ਆਪਣਾ ਸੰਕਲਪ ਪਾਠਕਾਂ ਦੇ ਸਨਮੁਖ ਕਰਦਾ ਹੋਇਆ ਆਖਦਾ ਹੈ:

ਮਾਂ-ਬੋਲੀ ਤੋਂ ਮੁਨਕਰ ਹੋ
ਉਮਰ ਭਰ ਮੁਰਦੇ ਸਰੀਰ ਦਾ
ਬੇਲੋੜਾ ਭਾਰ ਢੋਣ ਤੋਂ ਪਹਿਲਾਂ
ਆਪਣੀ ਜਨਮ-ਦਾਤੀ ਮਾਂ ਲਈ
ਅਕ੍ਰਿਤਘਣ ਰਹਿਣਾ ਚਾਹੁੰਦਾ ਹਾਂ ਮੈਂ। (ਪੰਨਾ 36)

'ਚਾਹਲ' ਦੀ ਕਵਿਤਾ ਕਿਰਤੀ, ਕਾਮਿਆਂ ਮਜ਼ਦੂਰਾਂ ਦੇ ਹਿੱਤਾਂ ਦੀ ਪੂਰਤੀ ਵਾਸਤੇ ਇਕ ਵੰਗਾਰ, ਇਕ ਹੋਕਾ ਤੇ ਸੰਦੇਸ਼ਾ ਬਣ ਕੇ, ਇਸ ਦੇ ਮਾਨਵ-ਹਿਤੈਸ਼ੀ ਹੋਣ ਦਾ ਗੁਣ ਪ੍ਰਗਟ ਕਰਦੀ ਹੈ। ਅੰਨ ਦਾਤਾ (ਕਿਸਾਨ) ਦਾ ਹੱਕ-ਸੱਚ ਪ੍ਰਤੀ ਜੂਝਣਾ ਵੀ ਪ੍ਰਗਟ ਕਰਦੀ ਹੈ। ਮਜ਼ਦੂਰ ਦਿਵਸ ਨੂੰ ਮਨਾ ਕੇ ਪ੍ਰੋਗਰਾਮਾਂ 'ਤੇ ਬੇਲੋੜੇ ਖ਼ਰਚ ਕਰ ਦੇਣ ਨਾਲੋਂ ਕਵੀ ਵੱਲੋਂ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੇ ਯਤਨ ਕਰਨ ਸੰਬੰਧੀ ਅਪੀਲਾਂ, ਕਾਵਿ-ਦਲੀਲਾਂ ਵੀ ਦਿੱਤੀਆਂ ਗਈਆਂ ਹਨ:-

"ਤੁਸੀਂ ਮਨਾਇਓ ਮਜ਼ਦੂਰ ਦਿਵਸ
ਅਸੀਂ ਮਜ਼ਦੂਰੀ ਢੂੰਡਣ ਜਾਵਾਂਗੇ। (ਪੰਨਾ 28)
...
ਕਿਸਾਨ ਅੰਨ ਦਾਤਿਆਂ ਨਾਲ ਨਾ ਕਰੇ ਇਨਸਾਫ਼ ਕੋਈ,
ਜਿਹੜੀ ਸਰਕਾਰ ਆਵੇ ਚੱਲੇ ਚਾਲੋਂ ਕੁਚਾਲ ਮੀਆਂ (ਪੰਨਾ 53)

ਇਸ ਕਵੀ ਦੀ ਧਾਰਨਾ ਹੈ, ਮਨੁੱਖ ਸੁਭਾਅ ਪੱਖੋਂ ਖੁਣਤਾ ਨਾ ਬਣੇ, ਆਪਣੇ ਵਿਵੇਕ ਉੱਤੇ ਉਣੇ ਭਾਵਾਂ ਨੂੰ ਨਾ ਉੱਕਰੇ ਸਗੋਂ ਮਨ ਦੀ ਭਟਕਣਾ ਛੱਡ ਕੇ, ਨਿਰਾਸ਼ਾ ਨੂੰ ਤਿਲਾਂਜਲੀ ਦੇ ਦੇਵੇ। ਕਵੀ ਸਮਝਦਾ ਹੈ ਕਿ ਮਨੁੱਖੀ ਮਨ ਦੀ ਹਰਿਆਵਲ, ਜਗਤ ਹਰਿਆਵਲ ਸਿਰਜਦੀ ਹੈ। ਸਰਲ ਸ਼ਬਦਾਵਲੀ 'ਚ ਕਿੱਡਾ ਵੱਡਾ ਭਾਵ-ਪੂਰਤ, ਆਸ਼ਾਵਾਦੀ ਸੁਨੇਹਾ ਹੈ:

ਦੁਨੀਆਂ ਰੱਖੇ ਯਾਦ ਓਏ ਬੰਦਿਆ
ਕਰ ਜਾ ਕੁਝ ਕਮਾਲ ਓਏ ਬੰਦਿਆ।
ਮਨੁੱਖੀ ਜਾਮਾ ਰੱਬ ਦੀ ਰਹਿਮਤ ਮਿਲਿਆ
ਰੱਖ ਹੋਸ਼ ਜਨਮ ਸੰਭਾਲ ਓਏ ਬੰਦਿਆ। (ਪੰਨਾ 156)

ਸੋ ਕਾਵਿ-ਸੰਗ੍ਰਹਿ ਸੁਲਗਦੇ ਅਲਫ਼ਾਜ਼ ਵਿਚ ਅੰਕਿਤ ਹਰੇਕ ਕਵਿਤਾ ਪਾਠਕ ਦੇ ਮਨ ਵਿਚ ਇੱਕ ਨਵਾਂ ਰਚਨਾਤਮਕ ਵਿਚਾਰ ਪੈਦਾ ਕਰਦੀ ਹੈ। 'ਮੇਰੇ ਪਿੰਡ ਦੀ ਪ੍ਰਕਾਰ, 'ਦਿਲਦਾਰ', 'ਰੂਹ ਤੇ ਜਿਸਮ', 'ਸਰਸਾ ਦੀਏ ਨਦੀਏ' 'ਮੈਂ ਮਾਂ ਵੇਖੀ', 'ਡਿੱਠੇ ਸਭੇ ਥਾਵਿ' ਫਰਿਆਦ: ਰੱਬ ਦੇ ਹਜ਼ੂਰ', 'ਬਾਦਸ਼ਾਹ ਦਰਵੇਸ਼', 'ਜੀਵਨ ਦੇ ਰੰਗ', 'ਬਾਲ ਜੁਆਨੀ ਅਰ ਬਿਰਧ ਧੁਨਿ' ਆਦਿ ਸਿਰਲੇਖਾਂ ਵਾਲੀਆਂ ਕਵਿਤਾਵਾਂ ਆਧੁਨਿਕ ਪੰਜਾਬੀ ਕਵਿਤਾ ਦੀ ਮਹਾਨਤਾ ਵਿਚ ਹੋਰ ਵਾਧਾ ਕਰਦੀਆਂ ਹਨ। ਇਨ੍ਹਾਂ ਦਾ ਗਹਿਨ-ਅਧਿਐਨ ਮਨੁੱਖੀ ਚੇਤਨਾ ਨੂੰ ਖ਼ੂਬ ਟੁੰਬਦਾ ਹੈ ਅਤੇ ਇਸ ਗੱਲ/ਸੰਕਲਪ ਨੂੰ ਦੁਹਰਾਉਂਦਾ ਹੈ ਕਿ ਮਨੁੱਖ ਜ਼ਿੰਦਗੀ ਵਿਚ ਉਸਾਰੂ ਯੋਗਦਾਨ ਪਾਵੇ ਅਤੇ ਸਾਫ਼-ਸੁਥਰੀ, ਅਡੋਲ-ਸਡੋਲ ਮਨੁੱਖਤਾ ਦੀ ਸਿਰਜਣਾ ਕਰੇ।

ਨਿਰਸੰਦੇਹ, ਪ੍ਰਿੰਸੀਪਲ ਸਵਿੰਦਰ ਸਿੰਘ 'ਚਾਹਲ' ਪ੍ਰਚੱਲਤ ਕਾਵਿ-ਰੂਪਾਂ ਨੂੰ ਪੁਖ਼ਤਗੀ ਵਿਚ ਧਾਰਨ ਕਰ ਕੇ ਆਪਣੀ ਰਚਨਾਤਮਿਕ ਵਿਵੇਕਸ਼ੀਲਤਾ ਨੂੰ ਵਿਲੱਖਣ, ਸਰਲ, ਸਪਸ਼ਟ ਤੇ ਬੇ-ਬਾਕ ਕਾਵਿ-ਸ਼ੈਲੀ ਜ਼ਰੀਏ ਪਾਠਕਾਂ /ਸਰੋਤਿਆਂ/ਪਾਰਖੂਆਂ ਦੇ ਸਨਮੁਖ ਕਰਦਾ ਹੈ। ਅਜਿਹਾ ਕਾਰਜ, ਅਜੋਕੀ ਪੰਜਾਬੀ ਕਵਿਤਾ ਵਿਚ ਵਰਣਨਯੋਗ ਸਥਾਨ ਰੱਖਦਾ ਹੋਇਆ ਕਾਵਿ-ਸਿਰਜਣਾ ਵਿਚ ਜੁੜੇ ਨਵੇਂ ਕਵੀਆਂ ਵਾਸਤੇ ਸੇਧ-ਮੂਲਕ ਦਸਤਾਵੇਜ਼ ਬਣ ਗਿਆ ਹੈ। ਸੋ ਇਸ ਕਵੀ ਦੇ ਰਚਨਾਤਮਕ- ਵਿਵੇਕ ਨੂੰ ਅਣਗੌਲਾ ਕੀਤੇ ਬਗੈਰ ਇਸ ਵਿਚਲੇ 'ਸਤਿਅਮ', 'ਸ਼ਿਵਅਮ' ਤੇ 'ਸੁੰਦਰਮ,' ਨੂੰ ਪਛਾਣਨ/ ਸਮਝਣ ਦੀ ਲੋੜ ਹੈ।

# ਬੰਦਾ ਮਰ ਜਾਂਦਾ ਹੈ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅਸੀਂ ਅਕਸਰ ਬੰਦੇ ਦੇ ਮਰਨ ਦੀ ਖ਼ਬਰ ਸੁਣਦੇ। ਅਫਸੋਸ ਮਨਾਉਂਦੇ। ਤੁਰ ਜਾਣ ਦਾ ਮਾਤਮ ਮਨਾਉਂਦੇ। ਉਸਦੀ ਅਰਥੀ ਨੂੰ ਮੋਢਾ ਦਿੰਦੇ ਅਤੇ ਉਸਦੇ ਬਲਦੇ ਸਿਵੇ ਸਾਹਵੇਂ ਪਲ ਕੁ ਖੜ੍ਹ, ਸ਼ਰਧਾਂਜਲੀ ਅਰਪਿਤ ਕਰ, ਵਾਪਸ ਘਰ ਪਰਤ ਆਉਂਦੇ। ਮੌਤ ਨੂੰ ਅਟੱਲ ਸਚਾਈ ਅਤੇ ਜੀਵਨ ਦਾ ਸੱਚ ਸਮਝ, ਇਸ ਆਖ਼ਰੀ ਪੜਾਅ ਨਾਲ ਜੀਵਨ ਦੀ ਸੰਪੂਰਨਤਾ ਸਮਝਦੇ।

ਕਦੇ ਇਹ ਸੋਚਿਆ ਕਿ ਕੀ ਇਹ ਵਿਅਕਤੀ ਸਿਰਫ਼ ਅੱਜ ਹੀ ਮਰਿਆ ਏ? ਕੀ ਇਸ ਤੋਂ ਪਹਿਲਾਂ ਇਹ ਬੰਦਾ ਮਾਨਸਿਕ, ਭਾਵਨਾਤਮਿਕ, ਸਮਾਜਿਕ ਅਤੇ ਸੰਸਾਰਕ ਤੌਰ 'ਤੇ ਕਿੰਨੀ ਵਾਰ ਮਰਿਆ? ਕਿੰਨੀ ਵਾਰ ਕੁੜੱਤਣਾਂ ਦਾ ਜ਼ਹਿਰ ਪੀਤਾ? ਕਿੰਨੀ ਵਾਰ ਆਪਣੇ ਸੁਪਨਿਆਂ ਦੀ ਖੁਦਕੁਸ਼ੀ ਕੀਤੀ ਅਤੇ ਆਪਣੀਆਂ ਸੰਵੇਦਨਾਵਾਂ ਸੰਗ ਖੁਦ ਵੀ ਸੂਲੀ 'ਤੇ ਲਟਕਿਆ?

ਇਸ ਤੋਂ ਪਹਿਲਾਂ ਉਹ ਕਿੰਨੀ ਵਾਰ ਸਿਵੇ ਵਿਚ ਸੜਿਆ ਜਦ ਉਸਦੇ ਭਾਵਾਂ ਨੂੰ ਹਾਵਿਆਂ ਦੀ ਭੱਠੀ ਵਿਚ ਸਾੜਿਆ ਗਿਆ? ਕਿੰਨੀ ਵਾਰ ਇਹ ਕਬਰੀਂ ਪਿਆ ਜਦ ਇਸ ਦੀਆਂ ਸੰਭਾਵਨਾਵਾਂ ਅਤੇ ਸਮਰੱਥਾਵਾਂ ਨੂੰ ਟੋਏ ਵਿਚ ਦਫ਼ਨਾਇਆ ਗਿਆ?

ਕਦੇ ਸੋਚਿਆ ਇਸਨੇ ਕਿੰਨੀ ਵਾਰ ਆਪਣਿਆਂ ਵਲੋਂ ਪੁੱਟੀ ਕਬਰ ਵਿਚ ਖੁਦ ਨੂੰ ਲਾਸ਼ ਬਣਾਇਆ? ਕਿੰਨੀ ਵਾਰ ਮਾਂ-ਜਾਇਆਂ ਦੀ ਬਦਨੀਤੀ ਦੇ ਦਰਦ ਵਿਚ ਆਪਣੇ ਆਪ ਨੂੰ ਪੀੜਾਂ ਵਿਚ ਪਰੁੰਨ, ਆਪਣੀ ਲਾਸ਼ ਨੂੰ ਆਪਣੇ ਹੀ ਮੋਢੇ 'ਤੇ ਢੋਇਆ?

ਕਿੰਨੀ ਵਾਰ ਇਸ ਬੰਦੇ ਨੇ ਤੁਰਦੀ-ਫਿਰਦੀ ਲਾਸ਼ ਬਣ ਕੇ ਸਮਾਜ ਵਿਚ ਵਿਚਰਨ ਦਾ ਢੌਂਗ ਰਚਾਇਆ, ਜਦ ਸਬੰਧੀਆਂ ਨੇ ਇਸਨੂੰ ਵਰਤ ਕੇ ਕਿਸੇ ਡਸਟ ਬਿਨ ਦੇ ਲੇਖੇ ਲਾਇਆ?

ਕਿੰਨੀ ਵਾਰ ਇਸ ਨੇ ਖੁਦ ਨੂੰ ਖਾਰੇ ਪਾਣੀਆਂ ਵਿਚ ਖੋਰਿਆ ਜਦ ਇਸਦੇ ਨੈਣਾਂ ਦੇ ਕੋਇਆਂ ਦਾ ਖਾਰਾ ਪਾਣੀ ਹਟਕੋਰੇ ਭਰਦਿਆਂ ਹੀ ਸੁੱਕ ਗਿਆ।

ਸੱਚ ਤਾਂ ਇਹ ਹੈ ਕਿ ਅਸੀਂ ਸਾਰੇ ਇਕ ਵਾਰ ਨਹੀਂ ਮਰਦੇ। ਬਹੁਤ ਵਾਰ ਮਰਦੇ। ਤਾਂ ਹੀ ਵਾਰ-ਵਾਰ ਮਰਨਾ ਸਾਨੂੰ ਯਾਦ ਹੀ ਨਹੀਂ ਰਹਿੰਦਾ। ਜਿਊਣ ਦਾ ਆਹਰ ਕਰਦੇ ਰਹਿੰਦੇ ਕਿਉਂਕਿ ਮਰਨ ਵਿਚੋਂ ਜਿਊਣ ਦਾ ਸਬੱਬ ਬਣਾ ਲੈਣਾ, ਬੰਦੇ ਦੀ ਫ਼ਿਤਰਤ।

ਬਹੁਤੀ ਵਾਰ ਬੰਦਾ ਇਹ ਵੀ ਨਹੀਂ ਸਮਝਦਾ ਕਿ ਉਹ ਇੰਨੀ ਵਾਰ ਕਿਉਂ ਮਰਦਾ ਅਤੇ ਫਿਰ ਜਿਊਂਦਾ ਏ? ਦਰਅਸਲ ਅਸੀਂ ਆਪਣੇ ਆਪ ਲਈ ਤਾਂ ਜਿਉਂਦੇ ਹੀ ਨਹੀਂ। ਜਦ ਅਸੀਂ ਕਿਸੇ ਲਈ ਜਿਉਂਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਕ ਹੀ ਵਾਰ-ਵਾਰ ਮਰਨਾ ਪਵੇਗਾ ਅਤੇ ਜਿਊਂਦੇ ਜੀਅ ਖੁਦ ਨੂੰ ਲੋਥ ਬਣਾ ਕੇ ਚਿੱਟੀ ਚਾਦਰ ਵਿਚ ਢੱਕੇ ਰਹਿਣ ਲਈ ਮਜਬੂਰ ਹੋਣਾ ਪਵੇਗਾ।

ਆਮ ਲੋਕਾਂ ਲਈ ਸਾਹਾਂ ਦਾ ਬੰਦ ਹੋਣਾ ਅਤੇ ਦਿਲ ਦੀ ਨਬਜ਼ ਦਾ ਰੁਕ ਜਾਣਾ ਹੀ ਮੌਤ। ਜੀਵਨ-ਯਾਤਰਾ ਦਾ ਅੰਤ ਅਤੇ ਸੰਸਾਰ ਤੋਂ ਰੁਖ਼ਸਤਗੀ। ਦੁਨਿਆਵੀ ਝੰਜਟਾਂ ਤੋਂ ਛੁਟਕਾਰਾ। ਆਵਾਗੌਣ ਦੇ ਚੱਕਰ ਤੋਂ ਰਾਹਤ ਅਤੇ ਆਪਣੇ ਜੀਵਨ ਨੂੰ ਸਫ਼ਲਾ ਜਾਂ ਅਸਫ਼ਲਾ ਕਰ ਜਾਣ ਦੀ ਕਹਾਣੀ।

ਪਰ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਵਿਅਕਤੀ ਅਜੇਹਾ ਨਹੀਂ ਸੋਚਦੇ। ਉਹ ਤਾਂ ਕਿਸੇ ਦੇ ਚੀਥੜੇ ਦੇਖ ਹੀ ਅਧਮੋਏ ਹੋ ਜਾਂਦੇ। ਕਿਸੇ ਦੇ ਰਿਸਦੇ ਜ਼ਖ਼ਮ ਦੇਖ ਕੇ ਪੀੜਾ ਵਿਚ ਪਰੁੱਚੇ ਜਾਂਦੇ। ਕਿਸੇ ਦੀ ਰੋਂਦੀ ਅੱਖ ਦੇ ਹੰਝੂ ਪੂੰਝਣ ਤੋਂ ਉਕੇ ਹੋਏ ਖੁਦ ਹੀ ਹੰਝੂ ਬਣ ਜਾਂਦੇ।

ਅਜੇਹੇ ਵਿਅਕਤੀ ਦਰਅਸਲ ਰੋਬੋਟ ਨਹੀਂ। ਉਨ੍ਹਾਂ ਦਾ ਅੰਦਰ ਜਿਊਂਦਾ। ਉਨ੍ਹਾਂ ਦੀਆਂ ਭਾਵਨਾਵਾਂ ਦਾ ਮਾਨਵੀਕਰਣ, ਉਨ੍ਹਾਂ ਦਾ ਹਾਸਲ। ਉਨ੍ਹਾਂ ਦੀ ਦਰਿਆਦਿਲੀ ਦਾ ਆਵੇਗ ਉਨ੍ਹਾਂ ਦੀ ਇਲਹਾਮੀ ਅਮਾਨਤ। ਉਨ੍ਹਾਂ ਦੇ ਕਰਮ-ਧਰਮ ਵਿਚ ਧੜਕਦੀ ਹੈ ਸੁਪਨਸ਼ੀਲਤਾ, ਸਹਿਣਸ਼ੀਲਤਾ, ਸਮਰਪਣ ਅਤੇ ਸਦਭਾਵਨਾ। ਤਾਂ ਹੀ ਹਰੇਕ ਦੇ ਕੰਮ ਆਉਣ ਦੀ ਮਨਸ਼ਾ ਨਾਲ ਲਬਰੇਜ਼। ਉਨ੍ਹਾਂ ਦੇ ਕੋਮਲ ਅਹਿਸਾਸਾਂ ਅਤੇ ਸੂਖਮ ਸੋਚ ਨੂੰ ਲੱਗੀ ਹੋਈ ਠੇਸ ਹੀ ਉਨ੍ਹਾਂ ਦੀ ਮੌਤ ਹੁੰਦੀ ਅਤੇ ਉਹ ਇਸ ਮੌਤ ਵਿਚੋਂ ਹੀ ਜਿਊਣ ਦੀ ਨਿਸ਼ਾਨਦੇਹੀ ਕਰਦੇ।

ਬਹੁਤੀ ਵਾਰ ਬੰਦਾ
ਸਰੀਰਕ ਮੌਤੇ ਨਹੀਂ ਮਰਦਾ
ਉਹ ਮਰ ਜਾਂਦਾ ਹੈ
ਜਦ ਮੁਰਝਾਅ ਜਾਣ ਚਾਅ
ਸੂਤੇ ਜਾਣ ਸਾਹ
ਤੇ ਜਿਊਣ ਦੇ ਬੰਦ ਹੋਣ ਰਾਹ।

ਬੰਦਾ ਮਰ ਜਾਂਦਾ ਹੈ
ਜਦ ਸੁਪਨਿਆਂ ਦੀ ਰੁੱਤ ਬੇਵਾ ਹੋਵੇ
ਨੈਣਾਂ ਵਿਚ ਕੋਈ ਅੱਕ ਚੋਵੇ
ਤੇ ਕੋਈ ਵਰਾਉਣ ਵਾਲਾ ਨਾ ਹੋਵੇ

ਬੰਦਾ ਮਰ ਜਾਂਦਾ ਹੈ
ਜਦ ਮਨ 'ਚ ਉਤਰਦੀ ਉਦਾਸੀ
ਰੁੱਸ ਜਾਂਦੀ ਮਨਮੋਹਣੀ ਹਾਸੀ
ਰੂਹ ਚਾਹੁੰਦੀ ਕਲਬੂਤ ਤੋਂ ਖਲਾਸੀ

ਬੰਦਾ ਮਰ ਜਾਂਦਾ ਹੈ
ਜਦ ਦੁਬਕੇ ਅੰਬਰੀਂ ਪਰਵਾਜ਼
ਵਿਸਰ ਜਾਵੇ ਜਿਊਣ ਅੰਦਾਜ਼
ਤੇ ਖਾਮੋਸ਼ ਹੋਣਾ ਚਾਹੇ ਸਾਹਾਂ ਦਾ ਸਾਜ਼

ਬੰਦਾ ਮਰ ਜਾਂਦਾ ਹੈ
ਜਦ ਸੰਦਲੀ ਰੁੱਤੇ ਪੱਤਝੜ ਆਵੇ
ਕੋਮਲ ਕਲੀਆਂ ਦਾ ਝੁੰਡ ਮੁਰਝਾਵੇ
ਤੇ ਚਮਨ ਮਹਿਕਾਂ ਦਾ ਮਾਤਮ ਮਨਾਵੇ।

ਬੰਦਾ ਸੱਚੀਂ ਮਰ ਜਾਂਦਾ ਹੈ
ਜਦ ਬੰਦਾ ਆਪਣਾ ਮੁੱਖ ਛੁਪਾਵੇ
ਖੁਦ ਨੂੰ ਮਿਲਣ ਤੋਂ ਸ਼ਰਮਾਵੇ
ਤੇ ਆਪਣੀ ਮੌਤ ਦਾ ਮਰਸੀਆ ਗਾਵੇ

ਬੰਦਾ ਮਰ ਜਾਂਦਾ ਹੈ
ਜਦ ਧੁਖਦੇ ਨੇ ਸੱਜਰੇ ਅਹਿਸਾਸ
ਸਹਿਕਦੀ ਹੋਵੇ ਮਿਲਣ ਦੀ ਆਸ
ਟੁੱਟ ਜਾਵੇ ਦਿਲਦਾਰ 'ਤੇ ਵਿਸ਼ਵਾਸ।

ਬੰਦਾ ਮਰ ਜਾਂਦਾ ਹੈ
ਜਦ ਆਪਣੇ ਕਰਦੇ ਜੱਗ ਹਸਾਈ
ਰਿਸ਼ਤਿਆਂ 'ਚ ਉਗੇ ਰੁਸਵਾਈ
ਪਾਸਾ ਵੱਟਦੀ ਮੋਹ-ਪੁਰਵਾਈ।

ਬੰਦਾ ਮਰ ਜਾਂਦਾ ਹੈ
ਜਦ ਵਿਚ ਚੌਰਾਹੇ ਉਛਲਣ ਪੱਗਾਂ
ਗ਼ੈਰ ਲਾਉਂਦੇ ਘਰਾਂ ਨੂੰ ਅੱਗਾਂ
ਬਾਂਹਾਂ ਬਹਿੰਦੀਆਂ ਵਾਂਗਰ ਝੱਗਾਂ।

ਬੰਦਾ ਮਰ ਹੀ ਜਾਂਦਾ ਹੈ
ਜਦ ਬੇਕਸੂਰਾ ਨਸ਼ਰ ਹੋ ਜਾਵੇ
ਖੁਦ ਤੋਂ ਹੀ ਬੇਖਬਰ ਹੋ ਜਾਵੇ
ਤੇ ਤੁਰਦੀ-ਫਿਰਦੀ ਕਬਰ ਹੋ ਜਾਵੇ

ਬੰਦਾ ਮਰ ਜਾਂਦਾ ਹੈ
ਜਦ ਰਾਹਾਂ ਦੇ ਵਿਚ ਉਗਦੇ ਖੱਡੇ
ਪੈਰਾਂ 'ਚ ਕਿੱਲ ਜਾਵਣ ਗੱਡੇ
ਤੇ ਬੰਦਾ ਮੰਜ਼ਲ ਦੀ ਆਸ ਹੀ ਛੱਡੇ।

ਬੰਦਾ ਮਰ ਜਾਂਦਾ ਹੈ
ਜਦ ਸ਼ਬਦਾਂ ਨੂੰ ਸੱਪ ਸੁੰਘ ਜਾਵੇ
ਹੱਥ 'ਚ ਫੜੀ ਕਲਮ ਕੁਰਲਾਵੇ
ਅਰਥ-ਲੋਅ ਛਲਾਵਾ ਬਣ ਜਾਵੇ।

ਬੰਦਾ ਮਰ ਜਾਂਦਾ ਹੈ
ਜਦ ਸੱਜਣਾਂ ਦੀ ਬੇਰੁਖ਼ੀ ਹੰਢਾਵੇ
ਹਿੱਕ ਦਾ ਨਿੱਘ ਯੱਖ਼ ਹੋ ਜਾਵੇ
ਰੂਹ ਦਾ ਫੱਟ ਨਾਸੂਰ ਬਣ ਜਾਵੇ।

ਬੰਦਾ ਮਰ ਜਾਂਦਾ ਹੈ
ਜਦ ਦੀਦਿਆਂ 'ਚ ਮੌਤ ਉਗ ਆਵੇ
ਹੋਠਾਂ 'ਤੇ ਪੇਪੜੀ ਜੰਮ ਜਾਵੇ
ਤੇ ਮੁੱਖ 'ਤੇ ਬੇਬਸੀ ਫੈਲ ਜਾਵੇ।

ਬੰਦਾ ਮਰ ਜਾਂਦਾ ਹੈ
ਜਦ ਦਰਿਆ ਬਰੇਤਾ ਬਣ ਜਾਵੇ
ਬਿਰਖ਼ ਰੁੰਡ-ਮਰੁੰਡ ਹੋ ਜਾਵੇ
ਤੇ ਚਮਨ ਦਾ ਰੁਦਨ 'ਵਾ ਰੁਆਵੇ

ਬੰਦਾ ਮਰ ਜਾਂਦਾ ਹੈ
ਜਦ ਮਿੱਟ ਜਾਣ ਮਸਤਕ ਰੇਖਾਵਾਂ
ਧੁੰਧਲੀਆਂ ਹੋ ਜਾਣ ਮੰਜ਼ਲ-ਰਾਹਵਾਂ
ਤੇ ਸਰਾਪ ਬਣ ਜਾਵਣ ਦੁਆਵਾਂ।

ਬੰਦਾ ਮਰ ਜਾਂਦਾ ਹੈ
ਜਦ ਉਸਦੀ ਸੰਵੇਦਨਾ ਸਿਸਕਦੀ
ਚਾਵਾਂ ਦੀ ਲਾਮਡੋਰੀ ਵਿਲਕਦੀ
ਸਾਹਾਂ ਦੀ ਡੋਰ ਹੱਥੋਂ ਖਿਸਕਦੀ।

ਬੰਦਾ ਮਰ ਜਾਂਦਾ ਹੈ
ਜਦ ਕਮਰੇ ਦੀ ਸੁੰਨ ਡਰਾਵੇ
ਕੰਧਾਂ ਦੀ ਚੁੱਪ ਹੌਲ਼ ਪਾਵੇ
ਤੇ ਸੇਜ-ਸੱਖਣਤਾ ਖਾਣ ਨੂੰ ਆਵੇ।

ਬੰਦਾ ਮਰ ਜਾਂਦਾ ਹੈ
ਜਦ ਚੇਤਨਾ ਅਧੂਰੀ ਰਹਿ ਜਾਵੇ
ਸੋਚਾਂ 'ਚ ਬੇਰੁਖ਼ੀ ਲਹਿ ਜਾਵੇ
ਤੇ ਬੋਲਾਂ 'ਚ ਸਹਿਮ ਛਾ ਜਾਵੇ।

ਬਹੁਤੀ ਵਾਰ ਬੰਦਾ
ਸਰੀਰਕ ਮੌਤੇ ਨਹੀਂ ਮਰਦਾ
ਅਕਸਰ ਬੰਦਾ ਇੰਝ ਹੀ
ਵਾਰ ਵਾਰ ਮਰਦਾ ਹੈ।

ਬੰਦਾ ਮਰ ਹੀ ਜਾਂਦਾ ਜਦ ਉਹ ਮੋਢਾ ਹੀ ਖਿਸਕ ਜਾਵੇ ਜਿਸ 'ਤੇ ਸਿਰ ਰੱਖ ਕੇ ਰੋਇਆ ਜਾ ਸਕੇ, ਦਿਲ ਦੇ ਦਰਦ ਨੂੰ ਹਉਕਿਆਂ 'ਚ ਪਰੋਇਆ ਜਾ ਸਕੇ ਅਤੇ ਮਨ ਦੇ ਭਾਰ ਨੂੰ ਘਟਾਇਆ ਜਾ ਸਕੇ।

ਬੰਦਾ ਮਰ ਹੀ ਜਾਂਦਾ ਜਦ ਕੋਈ ਦੁੱਖੜਾ ਨਾ ਸੁਣੇ, ਦਰਦਵੰਤੀ ਹੂਕ ਦਾ ਹੁੰਗਾਰਾ ਨਾ ਭਰੇ, ਕਿਸੇ ਦੀ ਚੀਖ਼ ਅਣਸੁਣੀ ਕਰੇ ਜਾਂ ਕਿਸੇ ਦੇ ਹਾੜਿਆਂ ਤੇ ਤਰਲਿਆਂ ਵੰਨੀਂ ਕੰਨ ਹੀ ਨਾ ਧਰੇ।

ਸਰੀਰਕ ਮੌਤ ਤੋਂ ਪਹਿਲਾਂ ਕਈ ਵਾਰ ਮਰਨਾ ਹੀ ਦਰਵੇਸ਼ ਵਿਅਕਤੀਆਂ ਦਾ ਸਭ ਤੋਂ ਵੱਡਾ ਹਾਸਲ ਕਿਉਂਕਿ ਉਹ ਜਾਣਦੇ ਕਿ ਦੁਨੀਆਂ ਦੀ ਨਕਾਰਾਤਮਿਕਤਾ ਅਤੇ ਦਵੇਸ਼ੀ ਮਾਨਸਿਕਤਾ ਨੂੰ ਤਾਂ ਬਦਲਿਆ ਨਹੀਂ ਜਾ ਸਕਦਾ। ਪਰ ਆਪਣੀ ਭਲਿਆਈ ਅਤੇ ਚੰਗਿਆਈ ਦਾ ਹੋਕਾ ਤਾਂ ਲਾਉਣਾ ਹੀ ਚਾਹੀਦਾ ਭਾਵੇਂ ਇਸ ਖਾਤਰ ਵਾਰ-ਵਾਰ ਮੌਤ ਕਿਉਂ ਨਾ ਵਿਹਾਜਣੀ ਪਵੇ। ਉਹ ਰੋਬੌਟੀ ਜੀਵਨ ਜਿਊਂਦਿਆਂ ਨਾਲੋਂ ਤਾਂ ਕਈ ਗੁਣਾ ਚੰਗੇ। ਭਾਵਹੀਣ ਹੋ ਕੇ ਜਿਊਣਾ, ਮੌਤ ਤੋਂ ਵੀ ਬਦਤਰ। ਕਈ ਵਾਰ ਤਾਂ ਕਬਰਾਂ ਵੀ ਸਿਸਕਦੀਆਂ ਨੇ। ਸਿਵੇ ਦਾ ਹਉਕਾ ਵੀ ਤੁਸੀਂ ਸੁਣਿਆ ਹੋਵੇਗਾ। ਲਾਸ਼ ਵਿਚਲੇ ਹਉਕੇ ਨੂੰ ਆਪਣੇ ਅੰਦਰ ਉਤਾਰਨਾ। ਜਾਂ ਮੋਢਿਆਂ 'ਤੇ ਜਾ ਰਹੀ ਅਰਥੀ ਵਿਚ ਅਰਥੀ ਬਣ ਕੇ ਭਾਂਵਾਂ ਦੀ ਨਿਸ਼ਾਨਦੇਹੀ ਕਰਨਾ, ਤੁਹਾਨੂੰ ਪਤਾ ਲੱਗੇਗਾ ਕਿ ਅਹਿਸਾਸ ਨਾਲ ਭਰੇ ਬੰਦੇ ਮਰ ਕੇ ਵੀ ਕਬਰਾਂ ਨੂੰ ਧੜਕਣ ਲਾਉਂਦੇ।

ਅਕਸਰ ਹੀ ਸੁਣਦੇ ਕਿ ਕਈ ਵਾਰ ਅਗਲੀਆਂ ਨਸਲਾਂ ਆਪਣੇ ਪੁਰਖਿਆਂ ਦੀ ਵਿਰਾਸਤ ਪਛਾਨਣ ਲਈ ਉਨ੍ਹਾਂ ਦੀਆਂ ਕਬਰਾਂ ਦੀ ਨਿਸ਼ਾਨਦੇਹੀ ਕਰਦੀਆਂ। ਉਨ੍ਹਾਂ ਦੀਆਂ ਨਿਸ਼ਾਨੀਆਂ ਲੱਭਦੀਆਂ। ਬਜ਼ੁਰਗਾਂ ਦੀਆਂ ਪਹਿਨੀਆਂ ਵਸਤਾਂ ਨੂੰ ਢੂੰਡਣ ਲਈ ਕਈ ਯਤਨ ਕਰਦੀਆਂ। ਉਨ੍ਹਾਂ ਦੇ ਲਿਖੇ ਪੱਤਰਾਂ ਦੇ ਸ਼ਬਦਾਂ ਵਿਚੋਂ ਹੀ ਨਵੀਂ ਅਰਥਕਾਰੀ ਕਰਦਿਆਂ, ਉਨ੍ਹਾਂ ਦੀਆਂ ਲਾਜਵਾਬ ਕੀਰਤੀਆਂ ਦੀ ਨਿਸ਼ਾਨਦੇਹੀ ਕਰਦੀਆਂ। ਫਿਰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਨਾਜ਼ ਕਰਦੀਆਂ ਕਿਉਂਕਿ ਅਜੇਹੇ ਬਜ਼ੁਰਗ ਮਾਨਵੀ ਕਦਰਾਂ-ਕੀਮਤਾਂ ਦੇ ਪਹਿਰੇਦਾਰ, ਵਿਰਾਸਤ ਦੇ ਜਾਮਨ ਅਤੇ ਸਭਿਆਚਾਰ ਤੇ ਸਾਹਿਤ ਦੇ ਰਖਵਾਲੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਤਾਂ ਅਜੇਹਾ ਕਰ ਜਾਈਏ ਕਿ ਉਹ ਸਾਡੀਆਂ ਕਬਰਾਂ ਵਿਚੋਂ ਵੀ ਸੁਰਖ਼ ਰਾਹਾਂ ਅਤੇ ਮਾਣਮੱਤੇ ਦਿਸਹੱਦਿਆਂ ਨੂੰ ਆਪਣਾ ਨਾਮਕਰਣ ਦੇ ਸਕਣ।

ਬੰਦੇ ਦਾ ਮਰਨਾ ਨਿਸ਼ਚਿਤ। ਸਾਹਾਂ ਦੀ ਡੋਰ ਨੂੰ ਲਮਕਾਇਆ ਨਹੀਂ ਜਾ ਸਕਦਾ। ਪਰ ਇਸ ਡੋਰ ਰਾਹੀਂ ਆਪਣੀ ਮਰਨ ਆਦਤ ਨੂੰ ਤਾਂ ਬਦਲਿਆ ਹੀ ਜਾ ਸਕਦਾ।

ਬੰਦੇ ਦਾ ਵਾਰ-ਵਾਰ ਮਰਨਾ ਅਤੇ ਫਿਰ ਜਿਊਣ ਦਾ ਆਹਰ ਕਰਨਾ ਹੀ ਮਰਦਾਨਗੀ ਦਾ ਸੁੱਚਾ ਸਬਕ। ਉਹ ਮਰਨ ਵਿਚੋਂ ਅਜੇਹੀ ਅਦਾ ਨੂੰ ਆਪਣਾ ਅੰਦਾਜ਼ ਬਣਾਉਂਦੇ ਕਿ ਹਰ ਵਿਅਕਤੀ ਉਨ੍ਹਾਂ ਦੀ ਜੀਵਨ ਜਾਚ ਵਿਚੋਂ ਹੀ ਆਪਣੇ ਸਾਹਾਂ ਦਾ ਸਾਜ਼ ਵਜਾਉਂਦਾ। ਅਜੋਕੇ ਸਮਿਆਂ ਵਿਚ ਅਜੇਹੇ ਲੋਕ ਬਹੁਤ ਦੁਰਲੱਭ।

ਬੇਸ਼ਰਮ, ਬੇਈਮਾਨ, ਬੇਗੈਰਤ, ਅਤੇ ਬੇਹਯਾ ਲੋਕਾਂ ਦੀ ਦੁਨੀਆਂ ਵਿਚ ਕੋਈ ਵਿਰਲਾ ਹੀ ਹੁੰਦਾ ਜਿਸਦੇ ਮਰਨ 'ਤੇ ਹਰ ਅੱਖ ਨਮ ਹੁੰਦੀ। ਹਰ ਦਿਲ ਵਿਚ ਗ਼ਮ ਪਨਪਦਾ। ਇਕ ਟੀਸ ਸੀਨੇ ਵਿਚ ਪੈਦਾ ਹੁੰਦੀ ਅਤੇ ਮਨ ਵਿਚੋਂ ਕੂਕ ਉਠਦੀ ਕਿ ਕਾਸ਼! ਅਜੇਹੇ ਸ਼ਖ਼ਸ ਵਰਗੇ ਲੋਕ ਕਬਰਾਂ ਵਿਚ ਪਏ ਵੀ ਜਾਗ ਪੈਣ ਅਤੇ ਆਪਣੀ ਲੋਅ ਨਾਲ ਹਨੇਰੇ ਵਕਤਾਂ ਨੂੰ ਰੁਸ਼ਨਾਉਣ। ਕਈ ਬੰਦੇ ਮੁਹੱਬਤ ਵਿਚ ਨਾਕਾਮ ਹੋਣ 'ਤੇ, ਸ਼ਰਾਬ ਵਿਚੋਂ ਹੀ ਮੌਤ ਨੂੰ ਹਾਕਾਂ ਮਾਰਦੇ, ਖੁਦ ਨਾ ਜਿਊਂਦੇ ਨਾ ਮਰਦੇ ਸਗੋਂ ਖਲਾਅ ਵਿਚ ਭਟਕਦੇ, ਬੇਅਰਾਮ ਰੂਹਾਂ ਦੀ ਦਰਦ ਗਾਥਾ ਬਣ ਬਹਿੰਦੇ।

ਆਪਣੀ ਕੀਰਤੀ, ਸ਼ਬਦਾਂ ਅਤੇ ਬੋਲਾਂ 'ਤੇ ਮੌਤ ਦਾ ਸਿਰਨਾਵਾਂ ਖੁਣਨ ਵਾਲਿਆਂ ਤੋਂ ਜਿਊਣ ਦੀ ਆਸ ਵੀ ਕਿਵੇਂ ਕੀਤੀ ਜਾ ਸਕਦੀ? ਉਨ੍ਹਾਂ ਦਾ ਮਰਨਾ ਹੀ ਕਹਿਰ ਦਾ ਸਭ ਤੋਂ ਸੂਖਮ ਸੰਦੇਸ਼ ਅਤੇ ਆਦੇਸ਼ ਹੁੰਦਾ।

ਬਾਰ-ਮ-ਬਾਰ ਮਰਨ ਵਾਲਿਆ! ਹਰ ਵਾਰ ਮਰ ਕੇ ਜਿਊਂਦਾ ਰਹਿ ਕਿਉਂਕਿ ਤੇਰੇ ਵਰਗਿਆਂ ਕਰਕੇ ਹੀ ਇਸ ਦੁਨੀਆਂ ਦੀ ਸੁੰਦਰਤਾ ਅਤੇ ਕਾਇਨਾਤ ਕਾਇਮ ਹੈ। ਤੇਰਾ ਮਰ ਕੇ ਜਿਊਣਾ ਮੁਬਾਰਕ। ਸਲਾਮ ਹੈ ਉਸ ਰੂਹ ਨੂੰ ਜੋ ਮਰਨ ਵਿਚੋਂ ਜਿਊਣ ਦੀ ਅਰਦਾਸ ਬਣਦੀ।

# ਰੱਬ ਰੂਪੀ ਬੰਦੇ

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਮਾਂ ਅਕਸਰ ਆਖਿਆ ਕਰਦੀ...ਕਿਸੇ ਵੇਲੇ ਅਸੀਂ ਵੀ ਦਾਤੇ ਹੋਇਆ ਕਰਦੇ ਸਾਂ...ਹਾਲਾਤਾਂ ਸਾਨੂੰ ਮੰਗਤੇ ਬਣਾ ਛੱਡਿਆ...!

ਸਾਨੂੰ ਕੋਈ ਬਹੁਤੀ ਸਮਝ ਨਾ ਆਉਂਦੀ!

ਮੱਸਿਆ ਵਾਲਾ ਦਿਨ...ਮੈਂ ਖਹਿੜੇ ਪੈ ਗਿਆ...ਅਖੀਰ ਮਾਂ ਨੇ ਦਿਹਾੜੀ ਲਾਉਣ ਗਏ ਪਿਓ ਤੋਂ ਚੋਰੀ ਚਵਾਨੀ ਦਿੱਤੀ...ਆਖਣ ਲੱਗੀ ਫਲੂਦੇ ਵਾਲੀ ਕੁਲਫੀ ਖਾ ਲਵੀਂ...ਉਸਦੇ ਆਉਣ ਤੋਂ ਪਹਿਲੋਂ ਪਰਤ ਆਵੀਂ ਤੇ ਨਿੱਕੇ ਲਈ ਵੀ ਕੁਝ ਲੈਂਦਾ ਆਵੀਂ...!

ਗੱਲਬਾਤ ਸੁਣ ਕੋਲ ਸੁੱਤਾ ਪਿਆ ਨਿੱਕਾ ਉਬਭੜਵਾਹੇ ਉੱਠ ਖਲੋਤਾ...ਮੈਂ ਵੀ ਨਾਲ ਜਾਣਾ...ਮੈਂ ਝਕਾਨੀ ਦੇ ਕੇ ਨੱਸ ਆਇਆ...ਉਹ ਬਿਨਾ ਤਿਆਰ ਹੋਏ ਹੀ ਟਾਂਗੇ ਵਿਚ ਆਣ ਚੜ੍ਹਿਆ...ਮਾਂ ਮਗਰੋਂ ਟਾਹਰਾਂ ਦਿੰਦੀ ਰਹੀ ਵੇ ਨਿੱਕੇ ਵੀਰ ਨੂੰ ਕੁਝ ਨਾ ਆਖੀਂ...ਉਹ ਕੋਲ ਬੈਠਾ ਬਹੁਤ ਖੁਸ਼ ਪਰ ਮੈਨੂੰ ਓਸ 'ਤੇ ਬਹੁਤ ਜ਼ਿਆਦਾ ਕਹਿਰ ਆ ਰਿਹਾ ਸੀ!

ਮੇਲੇ ਅੱਪੜ ਪਹਿਲਾਂ ਖਿਡੌਣਿਆਂ ਵਾਲੀ ਦੁਕਾਨ 'ਤੇ ਗਏ...ਚਾਬੀ ਵਾਲੀ ਕਾਰ ਪੂਰੀ ਅਠਿਆਨੀ ਦੀ...ਨਿੱਕੇ ਨੂੰ ਬਾਂਹ ਫੜ ਅੱਗੇ ਤੋਰ ਲਿਆ...ਮਹਿੰਗੀ ਏ...ਸਾਡੇ ਕੋਲ ਸਿਰਫ ਚਵਾਨੀ!

ਅੱਗੇ ਪੰਘੂੜਿਆਂ ਦੀ ਰੌਣਕ...ਇੱਕ ਝੂਟਾ ਪੂਰੇ ਦਸ ਪੈਸਿਆਂ ਦਾ...ਦਲੀਲ ਦਿੱਤੀ ਜੇ ਇਥੇ ਖਰਚ ਲਏ ਤਾਂ ਵਾਪਿਸ ਟਾਂਗੇ ਜੋਗੇ ਨਹੀਂ ਬਚਣੇ...ਹੋਰ ਬਹਾਨਾ ਲਾ ਓਥੋਂ ਵੀ ਅੱਗੇ ਨੂੰ ਹੋ ਤੁਰੇ...!


ਅੱਗੇ ਹਲਵਾਈ ਦੀ ਦੁਕਾਨ...ਕਿੰਨੇ ਰੰਗਾਂ ਦਾ ਵੇਸਣ ਅਤੇ ਜਲੇਬੀਆਂ...ਚਾਰ ਆਨਿਆਂ ਦੀਆਂ ਛੇ ਟੁਕੜੀਆਂ...ਹਿਸਾਬ ਲਾਇਆ ਤੇ ਫੇਰ ਓਥੋਂ ਵੀ ਉਸਦਾ ਧਿਆਨ ਦੂਜੇ ਪਾਸੇ ਨੂੰ ਲਾ ਲਿਆ!

ਏਨੇ ਨੂੰ ਵੇਖਿਆ ਇੱਕ ਮੰਗਤਾ ਹੱਥ ਅੱਡ ਸਾਡੇ ਵੱਲ ਤੱਕੀ ਜਾ ਰਿਹਾ ਸੀ...ਮੈਂ ਮੁੱਠ ਵਿਚ ਫੜੀ ਚੁਵਾਨੀ ਜ਼ੋਰ ਨਾਲ ਮੀਚ ਲਈ ਤੇ ਛੇਤੀ ਨਾਲ ਅੱਗੇ ਲੰਘ ਗਏ...!

ਥੋੜ੍ਹੀ ਵਿਥ ਤੋਂ ਮੁੜ ਕੇ ਵੇਖਿਆ...ਉਹ ਅਜੇ ਵੀ ਸਾਡੇ ਵੱਲ ਹੀ ਵੇਖੀ ਜਾ ਰਿਹਾ ਸੀ...ਮੈਂ ਡਰ ਗਿਆ ਕਿਧਰੇ ਨਿੱਕੇ ਨੂੰ ਬੋਰੀ ਵਿਚ ਪਾ ਕੇ ਲੈ ਹੀ ਨਾ ਜਾਵੇ!

ਓਥੋਂ ਵਾਹਵਾ ਦੂਰ ਇੱਕ ਰੁੱਖ ਦੀ ਛਾਵੇਂ ਬੈਠ ਗਏ...ਨਿੱਕੇ ਦੀਆਂ ਅੱਖੀਆਂ ਗਿੱਲੀਆਂ ਸਨ...ਵੀਰੇ ਭੁੱਖ ਲੱਗੀ ਏ...ਕੁਝ ਖਵਾਦੇ...ਮੈਂ ਆਖਿਆ ਪਾਣੀ ਪੀ ਲੈ...ਸ਼ਾਮ ਹੋਣ ਵਾਲੀ ਏ...ਫਲੂਦਾ ਅਤੇ ਵੇਸਣ ਬਰਫ਼ੀ ਅੱਧੇ ਮੁੱਲ 'ਤੇ ਲਾ ਦੇਣੀ ਫੇਰ ਦੋ-ਦੋ ਖਾਵਾਂਗੇ...ਪਰ ਉੱਚੀ-ਉੱਚੀ ਰੋ ਪਿਆ...ਹੁਣ ਹੋਰ ਨਹੀਂ ਜਰੀ ਜਾਂਦੀ...!

ਉਸਦੇ ਰੋਣੇ ਅੱਗੇ ਮੇਰੀਆਂ ਸਾਰੀਆਂ ਯੋਜਨਾਵਾਂ ਰੇਤ ਦੇ ਕਿਲੇ ਵਾਂਙ ਢਹਿ ਢੇਰੀ ਹੁੰਦੀਆਂ ਨਜ਼ਰ ਆਉਣ ਲੱਗੀਆਂ...ਏਨੇ ਨੂੰ ਪਿੱਛਿਓਂ ਕਿਸੇ ਨੇ ਹਲੂਣਿਆ...ਓਹੀ ਮੰਗਤਾ ਸੀ...ਦੋਵੇਂ ਡਰ ਗਏ...ਨਿੱਕੇ ਨੂੰ ਕਲਾਵੇ ਵਿਚ ਲੈ ਕੇ ਦੂਰ ਖਿਸਕਣ ਲੱਗਾ ਤਾਂ ਉਸ ਨੇ ਰੋਕ ਲਿਆ...ਅਖ਼ੇ ਡਰੋ ਨਾ ਪੁੱਤਰੋ...ਮੇਰੇ ਵੀ ਦੋ ਜਵਾਕ ਸਨ ਐਨ ਤੁਹਾਡੇ



ਜਿੱਡੇ...ਹੜ੍ਹਾਂ ਦੀ ਭੇਟ ਚੜ੍ਹ ਗਏ...ਫੇਰ ਉਸਨੇ ਕਾਸੇ ਵਿਚੋਂ ਮੁੱਠ ਪੈਸਿਆਂ ਦੀ ਭਰੀ ਤੇ ਨਿੱਕੇ ਦੀ ਝੋਲੀ ਪਾ ਦਿੱਤੀ...ਤੇ ਦੋਹਾਂ ਦੇ ਸਿਰ ਚੁੰਮ ਦੂਰ ਚਲਾ ਗਿਆ...!

ਅਸੀਂ ਕਦੀ ਪੈਸਿਆਂ ਵੱਲ ਵੇਖੀ ਜਾਈਏ ਤੇ ਕਦੀ ਓਧਰ ਨੂੰ ਜਿਧਰ ਨੂੰ ਉਹ ਗਿਆ ਸੀ...ਸਮਝ ਨਾ ਆਵੇ ਕੀ ਹੋਇਆ...ਮੀਚੀ ਹੋਈ ਚਵਾਨੀ 'ਤੇ ਪਕੜ ਵੀ ਢਿੱਲੀ ਪੈ ਗਈ...!

ਫੇਰ ਦੋਹਾਂ ਨੇ ਕਿੰਨੀਆਂ ਸ਼ੈਵਾਂ...ਕਿੰਨੇ ਖਿਡੌਣੇ ਲਏ...ਪੂਰਾ ਰੱਜ ਮਾਰਿਆ...ਨਿੱਕਾ ਬੜਾ ਹੀ ਖੁਸ਼...ਨਾਲ ਤੁਰਿਆ ਜਾਂਦਾ ਵਾਰ ਵਾਰ ਇੱਕੋ ਗੱਲ ਪੁੱਛੀ ਜਾਵੇ...ਉਹ ਕੌਣ ਸੀ ਜੋ ਸਾਨੂੰ ਏਨੇ ਸਾਰੇ ਪੈਸੇ ਦੇ ਗਿਆ...?

ਡੁੱਬਦਾ ਸੂਰਜ...ਘਰੇ ਅੱਪੜਨ ਦੀ ਕਾਹਲੀ...ਅਖੀਰ ਆਖਣਾ ਪਿਆ...ਉਹ ਮੰਗਤੇ ਤੋਂ ਦਾਤਾ ਬਣਿਆ ਇੱਕ ਰੱਬ ਸੀ ਜਿਸ ਤੋਂ ਤੇਰੀ ਭੁੱਖ ਵੇਖੀ ਨਹੀਂ ਗਈ...!

ਅੱਗਿਓਂ ਓਸੇ ਵੇਲੇ ਬੋਲ ਪਿਆ...ਵੀਰੇ ਓਹੀ ਰੱਬ ਜਿਸਨੇ ਸਾਡੇ ਮਾਪਿਆਂ ਨੂੰ ਦਾਤੇ ਤੋਂ ਮੰਗਤਾ ਬਣਾ ਛੱਡਿਆ?

ਇਸ ਵੇਰ ਜੁਆਬ ਨਾ ਦਿੱਤਾ ਗਿਆ ਕਿਉਂਕਿ ਐਨ ਓਸੇ ਵਕਤ ਮੇਰੀ ਇੱਕ ਹੋਰ ਰੱਬ ਨਾਲ ਬਹਿਸ ਜੂ ਚੱਲ ਰਹੀ ਸੀ...ਪਿੰਡ ਪਰਤਦੇ ਵਕਤ ਟਾਂਗੇ ਦਾ ਮਾਲਕ ਆਖ ਰਿਹਾ ਸੀ..."ਤੁਹਾਥੋਂ ਕਾਹਦੇ ਪੈਸੇ ਪੁੱਤਰੋ...ਜਾਓ ਖੇਡੋ ਮੱਲੋ...ਵੱਡੇ ਹੋਵੋਗੇ ਹੱਥੀਂ ਕਮਾਓਗੇ ਤਾਂ ਓਦੋਂ ਦੇ ਦਿਓ...ਬੱਸ ਮੇਰੀ ਘੋੜੀ ਦੀ ਦੁਆ ਮੰਗਦੇ ਜਾਇਓ...ਢਿੱਲੀ-ਮੱਠੀ ਰਹਿੰਦੀ ਏ"

ਦੋਸਤੋ ਉਨ੍ਹਾਂ ਵੇਲਿਆਂ ਦੀ ਗੱਲ ਏ ਜਦੋਂ ਰੋਜ਼ ਮਰਾ ਦੀ ਜ਼ਿੰਦਗੀ ਵਿਚ ਤੁਰੇ ਫਿਰਦਿਆਂ ਇਨਸਾਨ ਘੱਟ ਤੇ ਰੱਬ ਜ਼ਿਆਦਾ ਟੱਕਰ ਜਾਇਆ ਕਰਦੇ ਸਨ...!

# ‘ਜੰਗ ਜਾਰੀ ਹੈ’; ਕਿਸਦੇ ਵਿਰੁੱਧ ਤੇ ਕਿਸ ਦੇ ਹੱਕ ਵਿਚ?

'ਜੰਗ ਜਾਰੀ ਹੈ' ਸੁਰਿੰਦਰ ਸਿੰਘ ਸੀਰਤ ਦੀ ਕਵਿਤਾ ਦੀ ਕਿਤਾਬ ਹੈ। ਸੀਰਤ ਬਹੁਪੱਖੀ ਲੇਖਕ ਹੈ। ਕਵੀ, ਵਾਰਤਕ-ਲੇਖਕ, ਕਹਾਣੀਕਾਰ ਤੇ ਚਰਚਿਤ ਗ਼ਜ਼ਲ-ਗੋ। ਉਸਦਾ ਪਿਛੋਕੜ ਜੰਮੂ-ਕਸ਼ਮੀਰ ਦਾ ਹੈ। ਉਹਦੇ ਪਹਿਲੇ ਕਾਵਿ-ਸੰਗ੍ਰਹਿ 'ਛੱਲਾਂ' ਨੂੰ ਜੰਮੂ ਕਸ਼ਮੀਰ ਅਕੈਡਮੀ ਵੱਲੋਂ ਪੰਜਾਬੀ ਦੀ ਪ੍ਰਥਮ ਪੁਸਤਕ ਦਾ ਸਨਮਾਨ ਵੀ ਮਿਲ ਚੁੱਕਾ ਹੈ ਜੋ ਉਸਦੇ ਬਿਹਤਰੀਨ ਕਵੀ ਹੋਣ ਦਾ ਪ੍ਰਮਾਣ-ਪੱਤਰ ਹੈ।

'ਜੰਗ ਜਾਰੀ ਹੈ' ਦੇ ਪੁਸਤਕ ਪੜ੍ਹਦਿਆਂ ਕੁਝ ਵਿਸ਼ੇਸ਼ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ।



**ਰਜਵੰਤ ਕੌਰ ਸੰਧੂ**
**ਵਟਸਐਪ: 91-97790-11385**

ਨਿਰਸੰਦੇਹ ਮਨੁੱਖ ਆਦਿ ਕਾਲ ਤੋਂ ਹੀ ਜ਼ਿੰਦਗੀ ਵਿੱਚ ਜੱਦੋ-ਜਹਿਦ ਕਰਦਾ ਆ ਰਿਹਾ ਹੈ। ਅੱਜ ਦੀ ਸਾਰੀ ਤਰੱਕੀ ਮਨੁੱਖ ਦੀ ਏਸੇ ਲਗਾਤਾਰ ਜੱਦੋ-ਜਹਿਦ ਦਾ ਹੀ ਸਿੱਟਾ ਹੈ। ਸੀਰਤ ਦੀ ਕਵਿਤਾ ਵਿਚ ਇਹ ਜੰਗ ਜਾਂ ਜੱਦੋ-ਜਹਿਦ ਦੋ-ਪੱਖੀ ਹੈ। ਇੱਕ ਜੰਗ ਉਹਦੀ ਆਪਣੇ-ਆਪ ਨਾਲ ਹੈ ਤੇ ਦੂਜੀ ਜੰਗ ਬਾਹਰਲੇ ਵਰਤਾਰੇ ਨਾਲ ਹੈ। ਇਹ ਜੰਗ ਜਿੱਤਣ ਲਈ ਬੰਦੇ ਨੂੰ ਸਭ ਤੋਂ ਪਹਿਲਾਂ ਆਪੇ ਦੀ ਪਛਾਣ ਜ਼ਰੂਰੀ ਹੈ। ਆਪੇ ਤੋਂ ਸੁਚੇਤ ਬੰਦਾ ਹੀ ਬਾਹਰਲੇ ਵਰਤਾਰੇ ਨਾਲ ਜੰਗ ਲੜ ਸਕਦਾ ਤੇ ਉਸਨੂੰ ਬਦਲ ਸਕਦਾ ਹੈ।

ਕਵੀ ਦਾ ਮੁੱਖ ਮੰਤਵ ਇਸ ਪੁਸਤਕ ਵਿਚ ਹੋਣੀ ਤੇ ਜਿੱਤ ਪ੍ਰਾਪਤ ਕਰ ਕੇ ਆਪਣੀ ਹਸਤੀ ਨੂੰ ਪ੍ਰਾਪਤ ਕਰਨਾ ਹੈ। ਜਿੱਤ ਪ੍ਰਾਪਤ ਕਰਨ ਲਈ ਜੰਗ ਲੜਨਾ ਬਹੁਤ ਜ਼ਰੂਰੀ ਹੈ। ਜੇ ਸ਼ਾਂਤੀ ਨਾਲ ਜਿੱਤ ਪ੍ਰਾਪਤ ਨਾ ਹੋਵੇ ਤਾਂ ਕ੍ਰਾਂਤੀ ਤੇ ਕੁਰਬਾਨੀ ਦਾ ਰਸਤਾ ਵੀ ਅਪਨਾਉਣਾ ਪੈਂਦਾ ਹੈ। ਇਹ ਜੰਗ ਮਨੁੱਖ ਦੇ ਹੱਕਾਂ ਤੇ ਹਿਤਾਂ ਦੀ ਜੰਗ ਹੈ। ਜਦੋਂ ਬੰਦਾ ਆਪੇ ਨੂੰ ਪਛਾਣ ਕੇ ਮਾਨਸਿਕ ਤੌਰ 'ਤੇ ਤਿਆਰ ਹੋ ਜਾਂਦਾ ਹੈ ਤਾਂ ਉਹ ਬਾਹਰਲੇ ਹਾਲਾਤ ਨੂੰ ਵੀ ਪਛਾਣਨ ਲੱਗਦਾ ਤੇ ਉਨ੍ਹਾਂ ਨੂੰ ਲੋਕਾਈ ਦੇ ਭਲੇ ਲਈ ਬਦਲਨਾ ਚਾਹੁੰਦਾ ਹੈ। ਕਵੀ ਕਹਿੰਦਾ ਹੈ ਕਿ ਬੰਦੇ ਨੂੰ ਕਈ ਪਹਿਲੂਆਂ ਤੋਂ ਇਹ ਜੰਗ ਜਾਰੀ ਰੱਖਣ ਦੀ ਲੋੜ ਹੈ।

ਸੀਰਤ ਨਾਰੀ ਪ੍ਰਤੀ ਬਹੁਤ ਸੁਚੇਤ ਤੇ ਸੰਵੇਦਨਸ਼ੀਲ ਹੈ। ਇਹਦੀ ਕਵਿਤਾ ਵਿਚ ਇੱਕ ਵੱਡਾ ਤੇ ਧਿਆਨ ਦੇਣ ਯੋਗ ਵਿਸ਼ਾ ਔਰਤ ਦੀ ਸਥਿਤੀ ਤੇ ਉਹਦਾ ਦਮਨ ਹੈ। ਉਹ ਔਰਤ ਦੇ ਦਮਨ ਦਾ ਵਿਰੋਧੀ ਹੈ ਤੇ ਉਹਦੀ ਆਜ਼ਾਦੀ ਤੇ ਬਰਾਬਰੀ ਦੇ ਹੱਕ ਵਿਚ ਆਵਾਜ਼ ਉੱਚੀ ਕਰਦਾ ਹੈ।

ਨਾਰੀ ਪ੍ਰਤੀ ਉਹਦੇ ਸਪਰਪਣ ਨੂੰ ਮੁਢਲੇ ਸਫ਼ੇ 'ਤੇ ਹੀ ਵੇਖਿਆ ਜਾ ਸਕਦਾ ਹੈ।

ਸਪਰਪਤਿ ਹਾਂ
ਨਾਰੀਤਵ
ਉੱਤੇ ਹੋ ਰਹੇ ਦਮਨਮ ਵਿਰੁੱਧ
ਨਾਰੀ ਸ਼ਕਤੀ
ਜਗਿਆਸਾ
ਅਤੇ ਬਰਾਬਰੀ ਦੀ ਹੋ ਰਹੀ
ਜੰਗ ਨੂੰ
ਨੂੰ

ਨਾਰੀ ਪ੍ਰਤੀ ਆਪਣੇ ਸਤਿਕਾਰ ਭਾਵ ਨੂੰ ਪੇਸ਼ ਕਰਦਿਆਂ 'ਮਾਂ' ਕਵਿਤਾ ਵਿੱਚ ਮਾਂ ਨੂੰ ਬ੍ਰਹਿਮੰਡ ਨਾਲ ਤੁਲਨਾ ਦਿੰਦਾ ਹੈ, ਜਿਸ ਦੁਆਲੇ ਸਾਰੀ ਸ੍ਰਿਸ਼ਟੀ ਘੁੰਮਦੀ ਹੈ। ਨਾਰੀ ਸਿਰਜਣਹਾਰ ਹੈ, ਮਮਤਾ ਹੈ, ਪਿਆਰ, ਵਫ਼ਾ, ਮੋਹ ਦਾ ਧਾਗਾ ਤੇ ਠੰਢੀ ਛਾਂ ਹੈ। ਏਨਾ ਕੁਝ ਹੁੰਦਿਆਂ ਵੀ ਉਹ ਵੀ ਉਹ ਦਮਨ ਤੇ ਸ਼ੋਸ਼ਣ ਦੀ ਸ਼ਿਕਾਰ ਹੈ। ਨਾ ਉਹਨੂੰ ਮਰਦ ਦੇ ਬਰਾਬਰ ਸਮਝਿਆ ਜਾਂਦਾ ਹੈ ਤੇ ਨਾ ਹੀ ਉਹਨੂੰ ਆਜ਼ਾਦੀ ਹੈ। ਮਰਦ-ਪ੍ਰਧਾਨ ਸਮਾਜ ਵਿਚ ਨਰ ਨੇ ਹਮੇਸ਼ਾ ਉਹਨੂੰ ਨੀਵਾਂ ਦਰਜਾ ਦਿੱਤਾ ਹੈ। ਸੀਰਤ ਔਰਤ ਨਾਲ ਹੁੰਦੇ ਇਸ ਧੱਕੇ ਵਿਰੁੱਧ ਆਵਾਜ਼ ਉਠਾਉਂਦਾ ਹੈ। ਉਹਦੀ ਇੱਛਾ ਹੈ ਕਿ ਔਰਤ ਆਪ ਵੀ ਆਪਣੇ ਆਪੇ ਬਾਰੇ ਸੁਚੇਤ ਹੋਵੇ। ਜਿੱਥੇ ਆਜ਼ਾਦ ਖ਼ਿਆਲ ਵਿਚਾਰਾਂ ਦੀ ਲੋੜ ਆਉਂਦੀ ਹੈ, ਓਥੇ ਔਰਤ ਆਪਣੇ ਹੱਕਾਂ ਲਈ ਲੜਦੀ ਵੀ ਹੈ, ਕੁਰਬਾਨ ਵੀ ਹੁੰਦੀ ਹੈ। ਇਰਾਨ ਵਿੱਚ 'ਮਹਾਸਾ ਅਮੀਨੀ' ਪਰਦਾਦਾਰੀ ਦੇ ਵਿਰੁੱਧ ਲੜੀ ਤੇ ਇਸ ਜੰਗ ਨੂੰ ਲੜਦੇ ਹੋਏ ਜਾਨ ਵੀ ਕੁਰਬਾਨ ਕਰ ਦਿੱਤੀ। ਇੰਝ ਹੀ ਉਹ ਮਲਾਲਾ ਯੂਸਫ਼ਜ਼ਈ ਨਾਂ ਦੀ ਬੱਚੀ ਨੂੰ ਮਾਣ ਨਾਲ ਵੇਖਦਾ ਹੈ ਜਿਸ ਨੇ ਔਰਤ ਦੀ ਸਿੱਖਿਆ ਪ੍ਰਾਪਤੀ ਦੇ ਹੱਕ ਦੀ ਜੰਗ ਲੜੀ, ਗੋਲੀਆਂ ਵੀ ਖਾਧੀਆਂ ਤੇ ਸ਼ਾਂਤੀ ਦਾ ਨੋਬਲ ਇਨਾਮ ਵੀ ਜਿੱਤਿਆ। ਇਹ ਤੇ ਇਨ੍ਹਾਂ ਵਰਗੀਆਂ ਜੁਝਾਰੂ ਔਰਤਾਂ ਔਰਤ-ਮਨ ਵਿਚ ਚਾਨਣ ਜੋਤ ਜਗਾਉਂਦੀਆਂ ਤੇ ਹਨੇਰੇ ਰਾਹਾਂ 'ਤੇ ਤੁਰਨ ਦਾ ਬਲ ਦਿੰਦੀਆਂ ਹਨ।

ਇੰਝ ਹੀ ਸੀਰਤ ਆਪਣੀ ਕਵਿਤਾ ਵਿੱਚ ਸੰਸਾਰ ਦੀਆਂ ਤਾਕਤਵਰ ਸਾਮਰਾਜੀ ਸ਼ਕਤੀਆਂ, ਲੋਕਤੰਤਰ ਦੇ ਖ਼ਿਲਾਫ਼ ਛੜਯੰਤਰ ਕਰਨ ਵਾਲੇ ਲੀਡਰਾਂ, ਪਰਵਾਸ ਦੀਆਂ ਮੁਸ਼ਕਿਲਾਂ, ਮਨੁੱਖ ਦੇ ਵਹਿਸ਼ੀਪਨ, ਭੁੱਖ ਨੰਗ ਤੇ ਗਰੀਬੀ, ਜ਼ੁਲਮ, ਭ੍ਰਿਸ਼ਟਾਚਾਰ, ਗ਼ਲਤ ਰਾਜਨੀਤਕ ਤਾਕਤਾਂ ਦੇ ਖ਼ਿਲਾਫ਼ ਪਾਠਕ ਨੂੰ ਸੁਚੇਤ ਕਰਦਾ ਹੈ।

ਕਵੀ ਅਮਨ ਦਾ ਪ੍ਰੇਮੀ ਤੇ ਜੰਗਾਂ ਦਾ ਵਿਰੋਧੀ ਹੈ। ਸੰਸਾਰ ਵਿਚ ਵੱਖ-ਵੱਖ ਲੜੇ ਗਏ ਤੇ ਲੜੇ ਜਾ ਰਹੇ ਯੁੱਧਾਂ ਦੇ ਖ਼ਿਲਾਫ਼ ਹੈ। ਫ਼ਲਸਤੀਨ-ਇਜ਼ਰਾਈਲ, ਇਰਾਕ-ਈਰਾਨ, ਸੀਰੀਆ ਤੇ ਹੋਰ ਜੰਗਾਂ ਦੇ ਭਿਆਨਕ ਸਿੱਟਿਆਂ ਦੀ ਗੱਲ ਕਰਦਿਆਂ




ਤੀਜੇ ਸੰਸਾਰ ਜੰਗ ਦੇ ਖ਼ਤਰੇ ਤੋਂ ਵੀ ਸੁਚੇਤ ਕਰਦਾ ਹੈ। ਇੰਝ ਹੀ ਉਹ ਜੰਮੂ ਕਸ਼ਮੀਰ ਵਿਚ ਘੱਟ-ਗਿਣਤੀਆਂ ਨਾਲ ਕੀਤੇ ਵਿਤਕਰੇ ਨੂੰ ਨਿੱਜੀ ਪੱਧਰ 'ਤੇ ਮਹਿਸੂਸ ਕਰਦਾ ਹੈ ਤੇ ਹੰਢੀ ਹੰਢਾਏ ਸੰਤਾਪ ਤੇ ਦੁੱਖ ਦਾ ਨਾਸੂਰ ਉਹਦੇ ਅੰਦਰ ਰਿਸ ਰਿਹਾ ਹੈ। ਇਸ ਦਰਦ ਨੂੰ ਉਹ ਕਵਿਤਾ ਰਾਹੀਂ ਬਿਆਨ ਕਰ ਕੇ ਰਾਹਤ ਮਹਿਸੂਸ ਕਰਦਾ ਹੈ।

ਸਾਮਰਾਜੀ ਸ਼ਕਤੀਆਂ ਆਪਣੇ ਮੁਫ਼ਾਦ ਲਈ ਜੰਗ ਲਾ ਕੇ ਮਨੁੱਖੀ ਹੱਕਾਂ ਦਾ ਘਾਣ ਕਰਦੀਆਂ ਹਨ। ਮਨੁੱਖਤਾ ਤਬਾਹ ਹੁੰਦੀ ਹੈ। ਸੀਰੀਆ ਦੇ ਯੁਧ ਦੀ ਗੱਲ ਕਰਦਿਆਂ ਉਹ ਇੱਕ ਬਾਲਕ ਦੇ ਯਤੀਮ ਹੋਣ ਦਾ ਦਰਦਨਾਕ ਚਿਤਰ ਖਿੱਚਦਾ ਹੈ।

ਮਾਸੂਮ ਜਿਹਾ ਤੂੰ ਨੰਨ੍ਹਾ ਬਾਲਕ,
ਢੂੰਡ ਰਿਹਾ ਏਂ ਆਪਣੇ ਪਾਲਕ।
ਕੱਲ-ਮ-ਕੱਲਾ, ਯਤੀਮ ਨਿਤਾਣਾ।
ਪੀੜਤ ਭੀੜ 'ਚ ਇੱਕ ਅਣਜਾਣ।

ਇਹ ਇੱਕ ਬੱਚੇ ਦਾ ਦਰਦ ਨਹੀਂ ਸਗੋਂ ਪਤਾ ਨਹੀਂ ਅਜਿਹੇ ਕਿੰਨੇ ਲੱਖ ਬੱਚੇ ਤੇ ਬੰਦੇ ਵੱਖ ਵੱਖ ਮਨੁੱਖਤਾ ਵਿਰੋਧੀ ਜੰਗਾਂ ਦੀ ਭੱਠੀ ਵਿਚ ਝੋਕੇ ਜਾ ਚੁੱਕੇ ਨੇ।

ਕਵੀ ਭਾਵੇਂ ਅਮਰੀਕਾ ਵਿਚ ਰਹਿੰਦਾ ਹੈ। ਸੁਖ-ਸੁਵਿਧਾ ਦਾ ਜੀਵਨ ਜਿਉਂਦਾ ਹੈ, ਪਰ ਉਸ ਅੰਦਰ ਇੱਕ ਦਰਦਮੰਦ ਦਿਲ ਤੇ ਸੋਚਵਾਨ ਰੂਹ ਹੈ। ਉਹਦੀ ਨਜ਼ਰ ਸਾਰੇ ਸੰਸਾਰ 'ਤੇ ਹੈ। ਉਹ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਸਮਝਦਾ ਹੈ। ਜਾਤ-ਪਾਤ, ਰੰਗ, ਧਰਮ ਤੇ ਨਸਲ ਤੋਂ ਉੱਤੇ ਉੱਠ ਕੇ ਮਾਨਵਤਾ ਨੂੰ ਪਿਆਰ ਕਰਨ ਵਾਲਾ। ਉਹ ਮੋਦੀ ਵਰਗੇ ਲੋਕ-ਤੰਤਰ ਦੇ ਠੇਕੇਦਾਰ ਬਣੇ ਲੀਡਰਾਂ ਦੇ ਲੋਕ-ਵਿਰੋਧੀ ਕਿਰਦਾਰ 'ਤੇ ਤਿੱਖਾ ਵਿਅੰਗ ਕਰਦਿਆਂ ਬਿਆਨ ਕਰਦਾ ਹੈ ਕਿ ਕਿਵੇਂ ਉਨ੍ਹਾਂ ਨੇ ਕਰਜ਼ੇ ਵਿਚ ਡੁਬੋ ਕੇ ਦੇਸ਼ ਨੂੰ ਬਰਬਾਦ ਕਰ ਦਿੱਤਾ ਹੈ ਤੇ ਘੱਟ ਗਿਣਤੀਆਂ ਦੀ ਆਜ਼ਾਦੀ ਖੋਹ ਕੇ ਦੇਸ਼ ਨੂੰ ਹਿੰਦੁਸਤਾਨ ਦੀ ਥਾਂ 'ਤੇ 'ਹਿੰਦੁਸਤਾਨ' ਬਣਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਹਿੰਦੂ, ਹਿੰਦੀ, ਹਿੰਦੋਸਤਾਨ
ਇੱਕ ਰੰਗ ਦਾ ਨਖ਼ਲਸਤਾਨ
ਜਿਸਦਾ ਉਹ ਏ ਚੌਕੀਦਾਰ

ਕਵੀ ਪਰਵਾਸ ਦੀ ਹੋਣੀ ਭੋਗਦਾ ਹੈ। ਪਰਵਾਸ ਉਹਦੀ ਰੂਹ ਨੂੰ ਝੰਜੋੜਦਾ ਹੈ। ਉਹ ਆਪਣੇ ਘਰ-ਬਾਰ, ਪਿੰਡ, ਨਾਵਾਂ, ਥਾਵਾਂ, ਰਿਸ਼ਤਿਆਂ ਨੂੰ ਹੇਰਵੇ ਤੇ ਵਿਗੋਚੇ ਦੇ ਭਾਵਾਂ ਨਾਲ ਯਾਦ ਕਰਦਾ ਹੈ। ਇਹ ਯਾਦਾਂ ਉਹਨੂੰ ਸਤਾਉਂਦੀਆਂ ਵੀ ਹਨ। ਉਹ ਵੈਰਾਗ ਵਿਚ ਰੋਂਦਾ ਵੀ ਹੈ, ਅੱਥਰੂ ਵੀ ਕੇਰਦਾ ਹੈ। ਪਰ ਉਹ ਨਿਰਾਸ਼ਾ ਦੇ ਖ਼ੂਹ ਵਿਚ ਨਹੀਂ ਡੁੱਬਦਾ। ਸਗੋਂ ਇਹ ਵੀ ਕਹਿੰਦਾ ਹੈ ਕਿ ਇਹ ਅੱਥਰੂ ਮੇਰੀ ਨਜ਼ਰ ਨੂੰ ਧੁੰਦਲਾ ਨਹੀਂ ਕਰ ਸਕਦੇ। ਸਗੋਂ ਮੇਰੀ ਨਜ਼ਰ ਨੂੰ ਧੋ ਤੇ ਸਾਫ਼ ਕਰ ਕੇ ਅਗਲੇ ਰਾਹਾਂ ਨੂੰ ਹੋਰ ਸਾਫ਼ ਦਿਸਣ ਲਾ ਦਿੰਦੇ ਹਨ।

ਉਹਦਾ ਇਹ ਆਸ਼ਾਵਾਦ ਹੋਰ ਵੀ ਕਈ ਕਵਿਤਾਵਾਂ ਵਿਚ ਬੋਲਦਾ ਦਿਸਦਾ ਹੈ। ਢਹਿੰਦੇ ਸਮਿਆਂ ਵਿਚ ਸੀਰਤ ਦਾ ਆਪਣਾ ਲੋਕ-ਪੱਖੀ ਇਤਿਹਾਸ ਉਹਦੀ ਤਾਕਤ ਬਣਦਾ ਹੈ। ਇਸੇ ਤਾਕਤ ਦਾ ਚਿਰਾਗ਼ ਉਹ ਆਪਣੇ ਪਾਠਕਾਂ ਦੀ ਸੋਚ ਵਿਚ ਜਗਾਉਂਦਾ ਹੈ। 'ਘਰ ਨਗਰੀ' ਕਵਿਤਾ ਵਿਚ ਉਹ ਆਪਣੇ ਇਤਿਹਾਸ ਨੂੰ ਚੇਤੇ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਸੂਰਬੀਰਾਂ ਦਾ ਖ਼ੂਨ ਹਾਂ। ਮੈਨੂੰ ਆਪਣੇ ਹੱਕਾਂ ਲਈ ਜੇ ਕੁਰਬਾਨੀ ਵੀ ਕਰਨੀ ਪਵੇ ਤਾਂ ਮੈਂ ਪਿੱਛੇ ਨਹੀਂ ਹਟਾਂਗਾ।

ਮੈਂ ਨਹੀਂ ਬੁਜ਼ਦਿਲ, ਮੇਰਾ ਇਤਿਹਾਸ ਪੜ੍ਹ ਲੈ
ਦੀਨ ਮੇਰੇ ਦੀ, ਸ਼ਹਾਦਤ ਖ਼ਾਸ ਪੜ੍ਹ ਲੈ
ਨਾ ਉਦਾਸ ਗੀਤ, ਨਾ ਨਗ਼ਮੇ ਸੁਣਾਵਾਂ
ਪੁਰਖਿਆਂ ਦੀ ਪੱਗ ਹੈ, ਮੇਰੇ ਪਾਸ ਪੜ੍ਹ ਲੈ

ਉਹਦੀ ਕਵਿਤਾ ਵਿਚ ਦੁਖਾਂਤਕ ਵਿਅੰਗ ਵੀ ਹੈ। ਮਨੁੱਖ ਜਦੋਂ ਪ੍ਰਕਿਰਤੀ ਨਾਲ ਛੇੜ-ਛਾੜ ਕਰਦਾ ਹੈ, ਪ੍ਰਦੂਸ਼ਣ ਫੈਲਾਉਂਦਾ ਹੈ, ਕੁਦਰਤ ਦੇ ਨੇਮਾਂ ਦੀ ਉਲੰਘਣਾ ਕਰਦਾ ਹੈ ਤਾਂ ਕੁਦਰਤ ਕਰੋਪ ਹੋ ਕੇ ਮਨੁੱਖ ਨੂੰ ਉਹਦੇ ਕੀਤੇ ਦੀ ਸਜ਼ਾ ਦਿੰਦੀ ਹੈ। ਪਲੇਗ, ਹੈਜ਼ਾ, ਹੜ੍ਹ ਤੇ ਕਰੋਨਾ ਵਰਗੀਆਂ ਬੀਮਾਰੀਆਂ ਇਸੇ ਪ੍ਰਕਿਰਤਿਕ ਛੇੜ-ਛਾੜ ਦਾ ਸਬੂਤ ਹਨ। ਉਹ ਕਰੋਨਾ ਦੇ ਹਵਾਲੇ ਨਾਲ ਗੱਲ ਕਰਦਿਆਂ ਵਿਅੰਗ ਕਰਦਾ ਹੈ ਕਿ ਜੇ ਮਨੁੱਖ ਦੂਜੇ ਨੂੰ ਬਰਾਬਰੀ ਨਹੀਂ ਦਿੰਦਾ ਤੇ ਵੱਡੇ ਛੋਟੇ ਤੇ ਉੱਚੇ ਨੀਵੇਂ ਦੀ ਵੰਡ ਵਿਚ ਵੰਡਿਆ ਰਹਿੰਦਾ ਹੈ ਤਾਂ ਕਈ ਵਾਰ ਕੁਦਰਤ ਆਫ਼ਤਾਂ ਤੇ ਕਰੋਨਾ ਵਰਗੀਆਂ ਬੀਮਾਰੀਆਂ ਦੇ ਰੂਪ ਵਿਚ ਵੱਡੇ ਛੋਟਿਆਂ ਤੇ ਉੱਚੇ ਨੀਵਿਆਂ, ਬੱਚਿਆਂ, ਬੁੱਢਿਆਂ, ਅਮੀਰਾਂ-ਗਰੀਬਾਂ ਨੂੰ ਆਪਣੀ ਕਰੋਪੀ ਦਾ ਸੁਹਾਗਾ ਫੇਰ ਕੇ ਬਰਾਬਰ ਕਰ ਵੀ ਦਿੰਦੀ ਹੈ।

ਸਮੁੱਚੇ ਤੌਰ 'ਤੇ ਕਵੀ ਦਾ ਦ੍ਰਿਸ਼ਟੀਕੋਣ ਮਾਨਵਤਾਵਾਦੀ ਹੈ। ਉਹ ਮਨੁੱਖ ਦੇ ਭਲੇ ਲਈ 'ਅਰਦਾਸ' ਕਰਦਾ ਹੈ ਕਿ ਪਰਮਾਤਮਾ ਉਹਨੂੰ ਬਲ ਬਖ਼ਸ਼ੇ ਤਾਕਿ ਉਹ ਮਨੁੱਖਾਂ ਦੇ ਭਲੇ ਲਈ ਲੜ ਸਕੇ।

ਉਹ ਸਾਹਿਤਕਾਰਾਂ ਨੂੰ ਵੀ ਉਨ੍ਹਾਂ ਦਾ ਫ਼ਰਜ਼ ਚੇਤੇ ਕਰਾਉਂਦਾ ਹੈ ਕਿ ਰੋਸ਼ਨੀ ਤੇ ਹਨੇਰੇ ਵਿਚਲੀ ਜੰਗ ਨੂੰ ਆਪਣੀ ਕਲਮ ਦੀ ਤਾਕਤ ਰਾਹੀਂ ਕਾਲੇ ਹਨੇਰੇ ਨੂੰ ਵੰਗਾਰੇ ਤੇ ਸੱਤਾ ਦੇ ਜ਼ੁਲਮ ਨੂੰ ਨੰਗਿਆ ਕਰ ਕੇ ਮਨੁੱਖਤਾ ਨੂੰ ਰਾਹ ਦਿਖਾਵੇ।

ਜਿਵੇਂ ਦੱਸਿਆ ਗਿਆ ਹੈ ਕਿ ਕਵੀ ਦਾ ਦ੍ਰਿਸ਼ਟੀਕੋਣ ਹੈ ਕਿ ਮਨੁੱਖ ਹੱਕ ਸੱਚ ਦੀ ਲੜਾਈ ਤਾਂ ਹੀ ਲੜ ਸਕਦਾ ਹੈ ਜੇ ਉਹ ਸਿੱਖਿਅਤ ਤੇ ਗਿਆਨਵਾਨ ਹੋਵੇ। ਕਵੀ ਗ਼ਲਤ ਸਮਾਜਿਕ ਵਤੀਰੇ ਤੋਂ ਧੁਰ ਅੰਦਰੋਂ ਵਿੰਨ੍ਹਿਆ ਹੋਇਆ ਹੈ। ਉਹ ਰੰਗਾਂ, ਭੇਦਾਂ ਤੇ ਅੰਤਰਜਾਲ ਨੂੰ ਵੱਢ ਦੇਣਾ ਚਾਹੁੰਦਾ ਹੈ। ਇੰਝ ਉਹਦੀ ਕਵਿਤਾ ਸਾਂਝੀਵਾਲਤਾ ਤੇ ਬਰਾਬਰਤਾ ਦਾ ਹੋਕਾ ਬਣ ਜਾਂਦੀ ਹੈ।

ਸੀਰਤ ਬਹੁਤ ਵਧੀਆ ਸਿਰਜਣਹਾਰ ਕਵੀ ਹੈ। ਉਸ ਕੋਲ ਗਿਆਨ ਦਾ ਵੱਡਾ ਭੰਡਾਰ ਹੈ। ਸ਼ਬਦਾਂ ਦਾ ਖ਼ਜ਼ਾਨਾ ਹੈ। ਵਿਸ਼ਿਆਂ ਦੀ ਬਹੁਲਤਾ ਹੈ। ਇਹ ਪੁਸਤਕ ਕਾਵਿ-ਸਾਹਿਤ ਦੀ ਖ਼ੂਬਸੂਰਤ ਵੰਨਗੀ ਹੈ। ਇੰਝ ਇਹ ਕਵਿਤਾ ਕੇਵਲ ਪਰਵਾਸੀ ਸਾਹਿਤ ਵਿਚ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਕਾਵਿ-ਸਾਹਿਤ ਵਿਚ ਵੀ ਵਿਸ਼ੇਸ਼ ਸਨਮਾਨ ਦੀ ਹੱਕਦਾਰ ਹੈ।

# ਸੰਕਲਪ ਸ਼ਕਤੀ

ਇੱਕ ਬਹੁਤ ਪ੍ਰਸਿੱਧ ਲਾਮਾ ਨੇ ਆਪਣੀ ਆਤਮਕਥਾ ਵਿਚ ਲਿਖਿਆ ਹੈ ਕਿ ਜਦੋਂ ਮੈਂ ਪੰਜ ਸਾਲ ਦਾ ਸੀ ਤਾਂ ਮੈਨੂੰ ਇੱਕ ਗੁਰੂਕੁਲ ਵਿਚ ਪੜ੍ਹਨ ਲਈ ਭੇਜਿਆ ਗਿਆ। ਰਾਤ ਨੂੰ ਮੇਰੇ ਪਿਤਾ ਨੇ ਮੈਨੂੰ ਕਿਹਾ ਕਿ ਕੱਲ੍ਹ ਸਵੇਰੇ ਚਾਰ ਵਜੇ ਤੈਨੂੰ ਗੁਰੂਕੁਲ ਭੇਜਿਆ ਜਾਵੇਗਾ ਅਤੇ ਯਾਦ ਰਹੇ, ਸਵੇਰੇ ਤੈਨੂੰ ਵਿਦਾਇਗੀ ਦੇਣ ਲਈ ਨਾ ਤਾਂ ਤੇਰੀ ਮਾਂ ਹੋਵੇਗੀ ਅਤੇ ਨਾ ਹੀ ਮੈਂ ਮੌਜੂਦ ਰਹਾਂਗਾ। ਤੇਰੀ ਮਾਂ ਨੂੰ ਇਸ ਲਈ ਮੌਜੂਦ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਣਗੇ ਅਤੇ ਰੋਂਦੀ ਹੋਈ ਮਾਂ ਨੂੰ ਛੱਡ ਕੇ ਤੂੰ ਜਾਵੇਂਗਾ ਤਾਂ ਤੇਰਾ ਮਨ ਪਿੱਛੇ ਵੱਲ ਭਟਕਦਾ ਰਹੇਗਾ ਅਤੇ ਸਾਡੇ ਘਰ ਵਿਚ ਅਜਿਹਾ ਆਦਮੀ ਕਦੇ ਪੈਦਾ ਨਹੀਂ ਹੋਇਆ ਜੋ ਪਿੱਛੇ ਵੱਲ ਦੇਖਦਾ ਹੋਵੇ। ਮੈਂ ਇਸ ਲਈ ਮੌਜੂਦ ਨਹੀਂ ਰਹਾਂਗਾ ਕਿਉਂਕਿ ਜੇ ਤੂੰ ਇੱਕ ਵਾਰ ਵੀ ਘੋੜੇ 'ਤੇ ਬੈਠ ਕੇ ਪਿੱਛੇ ਵੱਲ ਦੇਖ ਲਿਆ ਤਾਂ ਤੂੰ ਮੇਰਾ ਪੁੱਤਰ ਨਹੀਂ ਰਹਿ ਜਾਵੇਂਗਾ, ਇਸ ਘਰ ਦੇ ਦਰਵਾਜ਼ੇ ਤੇਰੇ ਲਈ ਬੰਦ ਹੋ ਜਾਣਗੇ। ਨੌਕਰ ਤੈਨੂੰ ਸਵੇਰੇ ਵਿਦਾ ਕਰ ਦੇਣਗੇ ਅਤੇ ਯਾਦ ਰੱਖੀਂ, ਘੋੜੇ ਤੋਂ ਪਿੱਛੇ ਮੁੜ ਕੇ ਨਾ ਦੇਖੀਂ। ਸਾਡੇ ਘਰ ਵਿਚ ਕਦੇ ਵੀ ਕੋਈ ਅਜਿਹਾ ਆਦਮੀ ਨਹੀਂ ਹੋਇਆ ਜੋ ਪਿੱਛੇ ਵੱਲ ਮੁੜ ਕੇ ਦੇਖਦਾ ਹੋਵੇ। ਜੇ ਤੂੰ ਪਿੱਛੇ ਮੁੜ ਕੇ ਦੇਖਿਆ ਤਾਂ ਸਮਝ ਜਾਵੀਂ ਕਿ ਇਸ ਘਰ ਨਾਲ ਫਿਰ ਤੇਰਾ ਕੋਈ ਨਾਤਾ ਨਹੀਂ ਰਿਹਾ।

ਉਦੋਂ ਮੈਂ ਸਿਰਫ਼ ਪੰਜ ਸਾਲ ਦਾ ਸੀ। ਪੰਜ ਸਾਲ ਦੇ ਬੱਚੇ ਤੋਂ ਅਜਿਹੀ ਉਮੀਦ? ਇੱਕ ਪੰਜ ਸਾਲ ਦਾ ਬੱਚਾ ਸਵੇਰੇ ਚਾਰ ਵਜੇ ਜਗਾ ਦਿੱਤਾ ਗਿਆ ਅਤੇ ਘੋੜੇ 'ਤੇ ਬਿਠਾ ਦਿੱਤਾ ਗਿਆ। ਨੌਕਰਾਂ ਨੇ ਉਸਨੂੰ ਵਿਦਾ ਕਰ ਦਿੱਤਾ। ਤੁਰਦੇ ਸਮੇਂ, ਨੌਕਰ ਨੇ ਵੀ ਕਿਹਾ, "ਪੁੱਤਰ, ਹੁਸ਼ਿਆਰ ਰਹੀਂ! ਮੋੜ ਤੱਕ ਦਿਖਾਈ ਦਿੰਦਾ ਹੈ, ਤੇਰੇ ਪਿਤਾ ਉਪਰੋਂ ਦੇਖ ਰਹੇ ਹਨ। ਮੋੜ ਤੱਕ ਪਿੱਛੇ ਮੁੜ ਕੇ ਨਾ ਦੇਖੀਂ। ਇਸ ਘਰ ਵਿਚ ਸਾਰੇ ਬੱਚੇ ਇਸ ਤਰ੍ਹਾਂ ਹੀ ਵਿਦਾ ਹੋਏ ਹਨ, ਕਦੇ ਕਿਸੇ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।"

ਜਾਂਦੇ ਸਮੇਂ ਨੌਕਰ ਨੇ ਇਹ ਵੀ ਕਿਹਾ ਕਿ ਜਿੱਥੇ ਤੈਨੂੰ ਭੇਜਿਆ ਜਾ ਰਿਹਾ ਹੈ ਉਹ ਕੋਈ ਆਮ ਗੁਰੂਕੁਲ ਨਹੀਂ ਹੈ। ਦੇਸ਼ ਦੇ ਜੋ ਸਭ ਤੋਂ ਮਹਾਨ ਆਦਮੀ ਹਨ ਉਹ ਉਸ ਗੁਰੂਕੁਲ 'ਚੋਂ ਹੀ ਪੈਦਾ ਹੁੰਦੇ ਹਨ। ਉੱਥੇ ਦਾਖ਼ਲਾ ਪ੍ਰੀਖਿਆ ਬਹੁਤ ਮੁਸ਼ਕਲ ਹੋਵੇਗੀ। ਇਸ ਲਈ, ਕੁਝ ਵੀ ਹੋ ਜਾਵੇ, ਹਰ ਸੰਭਵ ਕੋਸ਼ਿਸ਼ ਕਰੀਂ ਕਿ ਉਸ ਦਾਖ਼ਲਾ ਪ੍ਰੀਖਿਆ ਨੂੰ ਪਾਸ ਕਰ ਲਵੇਂ ਕਿਉਂਕਿ ਉੱਥੇ ਜੇ ਅਸਫਲ ਹੋ ਗਿਆ ਤਾਂ ਇਸ ਘਰ ਵਿਚ ਵੀ ਤੇਰੇ ਲਈ ਕੋਈ ਜਗ੍ਹਾ ਨਹੀਂ ਰਹਿ ਜਾਵੇਗੀ।

ਪੰਜ ਸਾਲ ਦਾ ਮੁੰਡਾ, ਉਸ ਨਾਲ ਅਜਿਹੀ ਬੇਰਹਿਮੀ! ਉਹ ਘੋੜੇ 'ਤੇ ਬੈਠ ਗਿਆ। ਉਸਨੇ ਆਪਣੀ ਆਤਮਕਥਾ ਵਿਚ ਲਿਖਿਆ ਹੈ ਕਿ ਮੇਰੀਆਂ ਅੱਖਾਂ ਵਿਚ ਹੰਝੂ ਭਰ ਗਏ ਪਰ ਪਿੱਛੇ ਮੁੜ ਕੇ ਕਿਵੇਂ ਦੇਖ ਸਕਦਾ ਸਾਂ ਉਸ ਘਰ ਵੱਲ, ਪਿਤਾ ਵੱਲ... ਜਿਸ ਘਰ ਨੂੰ ਛੱਡ ਕੇ ਜਾਣਾ ਪੈ ਰਿਹਾ ਹੈ ਅਣਜਾਣਪੁਣੇ ਵਿਚ। ਮੈਂ ਬਹੁਤ ਛੋਟਾ ਸਾਂ ਪਰ ਪਿੱਛੇ ਮੁੜ ਕੇ ਨਹੀਂ ਦੇਖ ਸਕਿਆ ਕਿਉਂਕਿ ਮੇਰੇ ਪਰਿਵਾਰ ਵਿਚੋਂ ਕਦੇ ਕਿਸੇ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਜੇ ਪਿਤਾ ਨੇ ਦੇਖ ਲਿਆ ਤਾਂ ਫਿਰ ਇਸ ਘਰ ਤੋਂ ਹਮੇਸ਼ਾ ਲਈ ਵਾਂਝਾ ਰਹਿ ਜਾਵਾਂਗਾ। ਇਸ ਲਈ ਅਟੁੱਟ ਹਿੰਮਤ ਰੱਖੀ ਅਤੇ ਅੱਗੇ ਵੱਲ ਹੀ ਦੇਖਦਾ ਰਿਹਾ, ਪਿੱਛੇ ਮੁੜ ਕੇ ਨਹੀਂ ਦੇਖਿਆ।

ਇਸ ਬੱਚੇ ਦੇ ਅੰਦਰ ਕੋਈ ਚੀਜ਼ ਪੈਦਾ ਕੀਤੀ ਜਾ ਰਹੀ ਹੈ। ਇਸ ਬੱਚੇ ਦੇ ਅੰਦਰ ਕੋਈ ਸੰਕਲਪ ਜਗਾਇਆ ਜਾ ਰਿਹਾ ਹੈ, ਜੋ ਉਸਦੇ ਨਾਭੀਕੇਂਦਰ ਨੂੰ ਮਜ਼ਬੂਤ ਕਰੇਗਾ। ਉਹ ਪਿਤਾ ਕਠੋਰ ਨਹੀਂ ਹੈ; ਉਹ ਪਿਤਾ ਬਹੁਤ ਪ੍ਰੇਮ ਨਾਲ ਭਰਿਆ ਹੋਇਆ ਹੈ। ਸਾਡੇ ਮਾਪੇ ਗਲਤ ਹਨ ਜੋ ਪ੍ਰੇਮ ਨਾਲ ਭਰੇ ਹੋਏ ਦਿਖਾਈ ਦੇ ਰਹੇ ਹਨ, ਉਹ ਸਾਡੇ ਸਾਰੇ ਅੰਦਰੂਨੀ ਕੇਂਦਰਾਂ ਨੂੰ ਮੁਰਦਾ ਕਰ ਰਹੇ ਹਨ। ਸਾਡੇ ਅੰਦਰ ਕੋਈ ਬਲ, ਕੋਈ ਸੰਕਲਪ ਖੜ੍ਹਾ ਨਹੀਂ ਕੀਤਾ ਜਾ ਰਿਹਾ ਹੈ।

ਉਹ ਗੁਰੂਕੁਲ ਪਹੁੰਚ ਗਿਆ। ਪੰਜ ਸਾਲ ਦਾ ਛੋਟਾ ਜਿਹਾ ਬੱਚਾ, ਉਸਦੀ ਕਿੰਨੀ ਕੁ ਸਮਰੱਥਾ ਅਤੇ



ਕਿੰਨੀ ਕੁ ਸਮਝ ਹੋਵੇਗੀ! ਗੁਰੂਕੁਲ ਦੇ ਪ੍ਰਮੁੱਖ ਨੇ ਕਿਹਾ ਕਿ ਇੱਥੋਂ ਦੀ ਦਾਖ਼ਲਾ ਪ੍ਰੀਖਿਆ ਔਖੀ ਹੈ। ਆਪਣੀਆਂ ਅੱਖਾਂ ਬੰਦ ਕਰਕੇ ਦਰਵਾਜ਼ੇ 'ਤੇ ਬੈਠ ਜਾ ਅਤੇ ਜਦੋਂ ਤੱਕ ਮੈਂ ਵਾਪਸ ਨਹੀਂ ਆ ਜਾਂਦਾ ਉਦੋਂ ਤੱਕ ਅੱਖਾਂ ਨਾ ਖੋਲ੍ਹੀਂ ਭਾਵੇਂ ਕੁਝ ਵੀ ਹੋ ਜਾਵੇ। ਇਹੀ ਤੇਰੀ ਦਾਖ਼ਲਾ ਪ੍ਰੀਖਿਆ ਹੈ। ਜੇ ਤੂੰ ਅੱਖਾਂ ਖੋਲ੍ਹ ਲਈਆਂ ਤਾਂ ਅਸੀਂ ਤੈਨੂੰ ਵਾਪਸ ਭੇਜ ਦੇਵਾਂਗੇ ਕਿਉਂਕਿ ਜਿਸਦਾ ਆਪਣੇ ਆਪ ਉੱਤੇ ਐਨਾ ਵੀ ਜ਼ੋਰ ਨਹੀਂ ਹੈ ਕਿ ਕੁਝ ਦੇਰ ਲਈ ਅੱਖਾਂ ਬੰਦ ਕਰਕੇ ਬੈਠਾ ਰਹੇ, ਉਹ ਹੋਰ ਕੀ ਸਿੱਖ ਸਕਦਾ ਹੈ? ਉਸਦੇ ਸਿੱਖਣ ਦਾ ਦਰਵਾਜ਼ਾ ਬੰਦ ਹੋ ਗਿਆ। ਫਿਰ ਤੂੰ ਉਸ ਕੰਮ ਦੇ ਯੋਗ ਨਹੀਂ ਹੈਂ, ਫਿਰ ਤੂੰ ਜਾ ਕੇ ਕੁਝ ਹੋਰ ਕਰੀਂ। ਇਹ ਸਭ ਕਿਹਾ ਜਾ ਰਿਹਾ ਹੈ ਪੰਜ ਸਾਲ ਦੇ ਛੋਟੇ ਜਿਹੇ ਬੱਚੇ ਨੂੰ...!

ਉਹ ਬੈਠ ਗਿਆ ਦਰਵਾਜ਼ੇ 'ਤੇ ਅੱਖਾਂ ਬੰਦ ਕਰਕੇ। ਮੱਖੀਆਂ ਉਸਨੂੰ ਸਤਾਉਣ ਲੱਗੀਆਂ ਪਰ ਅੱਖਾਂ ਖੋਲ੍ਹ ਕੇ ਨਹੀਂ ਦੇਖਣਾ ਹੈ, ਕਿਉਂਕਿ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਮਾਮਲਾ ਖ਼ਤਮ ਹੋ ਜਾਵੇਗਾ। ਹੋਰ ਬੱਚੇ ਜੋ ਗੁਰੂਕੁਲ ਵਿਚ ਆ ਜਾ ਰਹੇ ਸਨ, ਕੋਈ ਉਸਨੂੰ ਧੱਕਾ ਦੇ ਰਿਹਾ ਸੀ, ਕੋਈ ਉਸਨੂੰ ਕਿਵੇਂ ਪਰੇਸ਼ਾਨ ਕਰ ਰਿਹਾ ਸੀ ਪਰ ਅੱਖਾਂ ਖੋਲ੍ਹ ਕੇ ਨਹੀਂ ਦੇਖਣਾ ਹੈ। ਅੱਖਾਂ ਖੋਲ੍ਹ ਕੇ ਦੇਖਿਆ ਤਾਂ ਮਾਮਲਾ ਹੋਰ ਵੀ ਵਿਗੜ ਜਾਵੇਗਾ ਕਿਉਂਕਿ ਨੌਕਰਾਂ ਨੇ ਆਉਂਦੇ ਸਮੇਂ ਉਸਨੂੰ ਕਿਹਾ ਸੀ ਕਿ ਜੇ ਦਾਖ਼ਲਾ ਪ੍ਰੀਖਿਆ ਵਿਚ ਅਸਫ਼ਲ ਹੋ ਗਿਆ ਤਾਂ ਇਹ ਘਰ ਵੀ ਤੇਰਾ ਨਹੀਂ। ਇੱਕ ਘੰਟਾ ਬੀਤ ਗਿਆ, ਦੋ ਘੰਟੇ ਬੀਤ ਗਏ, ਉਹ ਅੱਖਾਂ ਬੰਦ ਕਰਕੇ ਬੈਠਾ ਹੈ ਅਤੇ ਡਰਿਆ ਹੋਇਆ ਹੈ ਕਿ ਕਿਤੇ ਭੁੱਲ ਕੇ ਵੀ ਅੱਖਾਂ ਨਾ ਖੁੱਲ੍ਹ ਜਾਣ। ਪਰ ਅੱਖਾਂ ਖੋਲ੍ਹਣ ਦੇ ਸਾਰੇ ਲਾਲਚ ਮੌਜੂਦ ਹਨ ਉੱਥੇ, ਰਸਤਾ ਚੱਲ ਰਿਹਾ ਹੈ, ਬੱਚੇ ਲੰਘ ਰਹੇ ਹਨ, ਮੱਖੀਆਂ ਸਤਾ ਰਹੀਆਂ ਹਨ, ਕੁਝ ਬੱਚੇ ਉਸਨੂੰ ਧੱਕੇ ਦੇ ਰਹੇ ਹਨ, ਕੋਈ ਬੱਚਾ ਕੰਕਰ ਮਾਰ ਰਿਹਾ ਹੈ। ਉਸਨੂੰ ਅੱਖਾਂ ਖੋਲ੍ਹਣ ਦਾ ਮਨ ਹੁੰਦਾ ਹੈ ਕਿ ਦੇਖੇ ਕਿ ਅਜੇ ਤੱਕ ਗੁਰੂ ਆਏ ਹਨ ਜਾਂ ਨਹੀਂ। ਇੱਕ ਘੰਟਾ, ਦੋ ਘੰਟੇ, ਤਿੰਨ ਘੰਟੇ, ਚਾਰ ਘੰਟੇ — ਉਸਨੇ ਲਿਖਿਆ ਹੈ ਕਿ ਛੇ ਘੰਟੇ!

ਅਤੇ ਛੇ ਘੰਟੇ ਬਾਅਦ ਗੁਰੂ ਆਇਆ ਅਤੇ ਉਸਨੇ ਕਿਹਾ, "ਪੁੱਤਰ, ਤੇਰੀ ਦਾਖ਼ਲਾ ਪ੍ਰੀਖਿਆ ਪੂਰੀ ਹੋ ਗਈ ਹੈ। ਤੂੰ ਅੰਦਰ ਆ! ਤੂੰ ਇੱਕ ਸੰਕਲਪਵਾਨ ਨੌਜਵਾਨ ਬਣੇਂਗਾ। ਤੇਰੇ ਅੰਦਰ ਸੰਕਲਪ ਹੈ, ਤੇਰੇ ਵਿਚ ਦ੍ਰਿੜ੍ਹ ਇੱਛਾ ਸ਼ਕਤੀ ਹੈ, ਤੂੰ ਜੋ ਚਾਹੇ ਕਰ ਸਕਦਾ ਹੈਂ। ਪੰਜ-ਛੇ ਘੰਟੇ ਇਸ ਉਮਰ ਵਿਚ ਅੱਖਾਂ ਬੰਦ ਕਰਕੇ ਬੈਠਣਾ ਬਹੁਤ ਵੱਡੀ ਗੱਲ ਹੈ।" ਉਸਨੇ ਉਸਨੂੰ ਗਲੇ ਨਾਲ ਲਗਾ ਲਿਆ ਅਤੇ ਉਸਨੇ ਕਿਹਾ, "ਤੂੰ ਪਰੇਸ਼ਾਨ ਨਾ ਹੋਵੀਂ। ਉਹ ਬੱਚੇ ਤੈਨੂੰ ਸਤਾ ਨਹੀਂ ਰਹੇ ਸਨ; ਉਹ ਬੱਚੇ ਭੇਜੇ ਗਏ ਸੀ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ ਤੈਨੂੰ ਥੋੜ੍ਹਾ ਜਿਹਾ ਪਰੇਸ਼ਾਨ ਕਰਨ ਤਾਂ ਜੋ ਤੈਨੂੰ ਆਪਣੀਆਂ ਅੱਖਾਂ ਖੋਲ੍ਹਣ ਬਾਰੇ ਵਿਚਾਰ ਆਉਣ।"

ਉਸ ਲਾਮਾ ਨੇ ਲਿਖਿਆ ਹੈ, "ਉਸ ਸਮੇਂ, ਮੈਂ ਸੋਚਦਾ ਸੀ ਕਿ ਮੇਰੇ ਨਾਲ ਬਹੁਤ ਸਖ਼ਤੀ ਕੀਤੀ ਜਾ ਰਹੀ ਹੈ ਪਰ ਹੁਣ ਜ਼ਿੰਦਗੀ ਦੇ ਇਸ ਪੜਾਅ 'ਤੇ, ਮੈਂ ਧੰਨਵਾਦ ਨਾਲ ਭਰਿਆ ਹੋਇਆ ਹਾਂ ਉਨ੍ਹਾਂ ਲੋਕਾਂ ਪ੍ਰਤੀ ਜੋ ਮੇਰੇ ਪ੍ਰਤੀ ਸਖ਼ਤ ਸਨ। ਉਨ੍ਹਾਂ ਨੇ ਮੇਰੇ ਅੰਦਰ ਕਿਸੇ ਸੁੱਤੀ ਹੋਈ ਚੀਜ਼ ਨੂੰ ਜਗਾ ਦਿੱਤਾ ਹੈ, ਕੋਈ ਸੁੱਤੀ ਹੋਈ ਸ਼ਕਤੀ ਜਾਗ ਗਈ।"

ਪਰ ਅਸੀਂ ਇਸਦੇ ਉਲਟ ਕਰ ਰਹੇ ਹਾਂ — ਬੱਚੇ ਨੂੰ ਝਿੜਕੋ ਹੀ ਨਾ, ਕੁੱਟੋ ਵੀ ਨਾ!

ਅਤੇ ਹੁਣ ਤਾਂ ਪੂਰੀ ਦੁਨੀਆ ਵਿਚ ਸਰੀਰਕ ਸਜ਼ਾ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ ਹੈ। ਕਿਸੇ ਬੱਚੇ ਨੂੰ ਕੋਈ ਚੋਟ ਨਹੀਂ ਪਹੁੰਚਾਈ ਜਾ ਸਕਦੀ, ਕੋਈ ਸਰੀਰਕ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਪੂਰੀ ਤਰ੍ਹਾਂ ਬੇਵਕੂਫ਼ੀ ਨਾਲ ਭਰੀ ਗੱਲ ਹੈ। ਉਹ ਸਜ਼ਾ ਬਹੁਤ ਹੀ ਪ੍ਰੇਮਪੂਰਨ ਸੀ, ਉਹ ਦੁਸ਼ਮਣੀ ਨਹੀਂ ਸੀ ਬੱਚਿਆਂ ਪ੍ਰਤੀ ਕਿਉਂਕਿ ਇੰਝ ਉਨ੍ਹਾਂ ਦੇ ਅੰਦਰ ਕੁਝ ਸੁੱਤੇ ਹੋਏ ਕੇਂਦਰਾਂ ਨੂੰ ਜਗਾਇਆ ਜਾਂਦਾ ਸੀ। ਉਨ੍ਹਾਂ ਦੀ ਸੰਕਲਪ ਸ਼ਕਤੀ ਨੂੰ ਜਗਾਇਆ ਜਾਂਦਾ ਸੀ।

**-ਓਸ਼ੋ**

# ਭਾਰਤੀ ਇਤਿਹਾਸ ਦਾ ਅਨੋਖਾ ਚੀਫ ਜਸਟਿਸ – ਜਸਟਿਸ ਬਹਾਰੁਲ ਇਸਲਾਮ




**ਸੰਦੀਪ ਕੁਮਾਰ**
**ਫੋਨ: 70098-07121**

ਭਾਰਤੀ ਇਤਿਹਾਸ ਦੇ ਪੰਨਿਆਂ ਵਿਚ 1975-77 ਦੀ ਐਮਰਜੈਂਸੀ ਨੂੰ ਲੋਕਤੰਤਰ ਦੇ ਸਭ ਤੋਂ ਅੰਧਕਾਰਮਈ ਅਧਿਆਇਆਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇਸ ਸਮੇਂ ਨਾ ਸਿਰਫ ਨਾਗਰਿਕ ਅਧਿਕਾਰਾਂ ਅਤੇ ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀਆਂ ਲਗੀਆਂ, ਸਗੋਂ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਵੀ ਡੂੰਘੇ ਸਵਾਲ ਖੜ੍ਹੇ ਕੀਤੇ। ਇਸ ਸੰਦਰਭ ਵਿਚ, ਜਸਟਿਸ ਬਹਾਰੁਲ ਇਸਲਾਮ ਦੀ ਜੀਵਨੀ ਅਤੇ ਉਨ੍ਹਾਂ ਦੀ ਸੁਪਰੀਮ ਕੋਰਟ ਦੀ ਨਿਯੁਕਤੀ ਨੇ ਭਾਰਤੀ ਨਿਆਂਪਾਲਿਕਾ ਅਤੇ ਸਿਆਸਤ ਦੇ ਗੁੰਝਲਦਾਰ ਸਬੰਧਾਂ ਨੂੰ ਪ੍ਰਕਾਸ਼ਮਾਨ ਕੀਤਾ। ਬਹਾਰੁਲ ਇਸਲਾਮ ਦੀ ਕਹਾਣੀ, ਜਿਸ ਵਿਚ ਉਹ ਵਕੀਲ ਤੋਂ ਸੁਪਰੀਮ ਕੋਰਟ ਦੇ ਜੱਜ ਅਤੇ ਫਿਰ ਸਿਆਸਤਦਾਨ ਬਣੇ, ਇੱਕ ਅਜਿਹੀ ਮਿਸਾਲ ਹੈ ਜੋ ਨਿਆਂਪਾਲਿਕਾ ਦੀ ਨਿਰਪੱਖਤਾ ਅਤੇ ਸਰਕਾਰੀ ਦਖਲਅੰਦਾਜ਼ੀ ਦੇ ਮੁੱਦਿਆਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੀ ਜੀਵਨ ਯਾਤਰਾ ਨਾ ਸਿਰਫ ਇੱਕ ਵਿਅਕਤੀ ਦੀ ਸੰਘਰਸ਼ਮਈ ਅਤੇ ਵਿਵਾਦਤ ਕਹਾਣੀ ਹੈ, ਸਗੋਂ ਭਾਰਤੀ ਲੋਕਤੰਤਰ ਦੇ ਨਾਜ਼ੁਕ ਸਮੇਂ ਦੀ ਝਲਕ ਵੀ ਪੇਸ਼ ਕਰਦੀ ਹੈ।

ਬਹਾਰੁਲ ਇਸਲਾਮ ਦਾ ਜਨਮ 1 ਮਾਰਚ 1918 ਨੂੰ ਅਸਮ ਦੇ ਕਾਮਰੂਪ ਜ਼ਿਲ੍ਹੇ ਦੇ ਉਡਿਆਨਾ ਪਿੰਡ ਵਿਚ ਹੋਇਆ। ਉਨ੍ਹਾਂ ਦੀ ਸ਼ੁਰੂਆਤੀ ਜ਼ਿੰਦਗੀ ਅਤੇ ਸਿੱਖਿਆ ਨੇ ਉਨ੍ਹਾਂ ਨੂੰ ਇੱਕ ਮਜ਼ਬੂਤ ਬੁਨਿਆਦ ਪ੍ਰਦਾਨ ਕੀਤੀ, ਜਿਸ ਨੇ ਉਨ੍ਹਾਂ ਦੇ ਅਗਲੇ ਕੈਰੀਅਰ ਨੂੰ ਆਕਾਰ ਦਿੱਤਾ। ਉਨ੍ਹਾਂ ਨੇ ਨਲਬਾੜੀ ਦੇ ਗੁਰਡਨ ਹਾਈ ਸਕੂਲ ਵਿਚ ਸ਼ੁਰੂਆਤੀ ਸਿੱਖਿਆ ਹਾਸਲ ਕੀਤੀ ਅਤੇ ਫਿਰ ਗੁਹਾਟੀ ਦੇ ਪ੍ਰਸਿੱਧ ਕਾਟਨ ਕਾਲਜ ਵਿਚ ਅਧਿਐਨ ਕੀਤਾ। ਉਚ ਸਿੱਖਿਆ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਪੂਰੀ ਹੋਈ, ਜਿੱਥੋਂ ਉਨ੍ਹਾਂ ਨੇ ਐਮ.ਏ ਅਤੇ ਐਲ.ਐਲ.ਬੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਸਿੱਖਿਆ ਨੇ ਉਨ੍ਹਾਂ ਨੂੰ ਕਾਨੂੰਨ ਦੇ ਖੇਤਰ ਵਿਚ ਡੂੰਘੀ ਸਮਝ ਅਤੇ ਮੁਹਾਰਤ ਪ੍ਰਦਾਨ ਕੀਤੀ, ਜੋ ਪੇਸ਼ੇਵਰ ਜੀਵਨ ਦਾ ਅਧਾਰ ਬਣੀ। ਕਾਨੂੰਨ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, 1951 ਵਿਚ ਅਸਮ ਹਾਈਕੋਰਟ ਵਿਚ ਵਕਾਲਤ ਸ਼ੁਰੂ ਕੀਤੀ। ਉਨ੍ਹਾਂ ਦੀ ਮੁਹਾਰਤ ਅਤੇ ਸਮਰਪਣ ਨੇ ਜਲਦੀ ਹੀ ਪਛਾਣ ਦਿਵਾਈ ਅਤੇ 1954 ਵਿਚ ਉਹ ਸੁਪਰੀਮ ਕੋਰਟ ਵਿਚ ਵਕੀਲ ਵਜੋਂ ਨਾਮਜ਼ਦ ਹੋਏ। ਉਨ੍ਹਾਂ ਨੇ ਸਿਵਲ, ਕਰ ਅਤੇ ਸੰਵਿਧਾਨਕ ਮਾਮਲਿਆਂ ਵਿਚ ਆਪਣੀ ਯੋਗਤਾ ਸਾਬਤ ਕੀਤੀ, ਜਿਸ ਨੇ ਉਨ੍ਹਾਂ ਦੀ ਸਾਖ ਨੂੰ ਹੋਰ ਮਜ਼ਬੂਤ ਕੀਤਾ। ਪਰ, ਉਨ੍ਹਾਂ ਦੀ ਰੁਚੀ ਸਿਰਫ ਕਾਨੂੰਨੀ ਖੇਤਰ ਤੱਕ ਸੀਮਤ ਨਹੀਂ ਸੀ। ਉਹ ਸਿਆਸਤ ਵਿਚ ਵੀ ਸਰਗਰਮ ਹੋਏ ਅਤੇ 1956 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਵਿਚ ਸ਼ਾਮਲ ਹੋਏ। ਉਨ੍ਹਾਂ ਦੀ ਸਿਆਸੀ ਯਾਤਰਾ 1962 ਅਤੇ 1968 ਵਿਚ ਅਸਮ ਤੋਂ ਰਾਜ ਸਭਾ ਦੇ ਮੈਂਬਰ ਵਜੋਂ ਚੁਣੇ ਜਾਣ ਨਾਲ ਅੱਗੇ ਵਧੀ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਸਿਆਸੀ ਅਤੇ ਕਾਨੂੰਨੀ ਖੇਤਰਾਂ ਵਿਚ ਆਪਣੀ ਮਜ਼ਬੂਤ ਪਛਾਣ ਬਣਾਈ। 1972 ਵਿਚ ਮਹੱਤਵਪੂਰਨ ਫੈਸਲਾ ਲੈਂਦਿਆਂ ਬਹਾਰੁਲ ਇਸਲਾਮ ਨੇ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦਿੱਤਾ। ਉਨ੍ਹਾਂ ਨੇ ਅਸਮ ਅਤੇ ਨਾਗਾਲੈਂਡ ਹਾਈਕੋਰਟ (ਹੁਣ ਗੁਹਾਟੀ ਹਾਈਕੋਰਟ) ਦੇ ਜੱਜ ਵਜੋਂ ਨਿਯੁਕਤੀ ਸਵੀਕਾਰ ਕੀਤੀ। ਇਹ ਫੈਸਲਾ ਉਨ੍ਹਾਂ ਦੇ ਕੈਰੀਅਰ ਦਾ ਇੱਕ ਮਹੱਤਵਪੂਰਨ ਮੋੜ ਸੀ, ਕਿਉਂਕਿ ਇਸ ਨੇ ਉਨ੍ਹਾਂ ਨੂੰ ਸਿਆਸਤ ਤੋਂ ਨਿਆਂਪਾਲਿਕਾ ਦੀ ਸੇਵਾ ਵੱਲ ਲਿਆਂਦਾ। ਫਿਰ 1979 ਵਿਚ ਇਸ ਹਾਈਕੋਰਟ ਦੇ ਕਾਰਜਕਾਰੀ ਮੁੱਖ ਜੱਜ ਬਣੇ ਅਤੇ 7 ਜੁਲਾਈ 1979 ਨੂੰ ਮੁੱਖ ਜੱਜ ਦਾ ਅਹੁਦਾ ਸੰਭਾਲਿਆ। ਉਨ੍ਹਾਂ ਦੀ ਨਿਆਂਇਕ ਸੇਵਾ ਦੌਰਾਨ, ਉਨ੍ਹਾਂ ਨੇ ਅਸਮ ਦੇ ਸੰਵੇਦਨਸ਼ੀਲ ਸਮਾਜਿਕ ਅਤੇ ਰਾਜਨੀਤਕ ਮੁੱਦਿਆਂ 'ਤੇ ਕਈ ਮਹੱਤਵਪੂਰਨ ਫੈਸਲੇ ਸੁਣਾਏ। 1 ਮਾਰਚ 1980 ਨੂੰ, ਉਹ ਗੋਹਾਟੀ ਹਾਈਕੋਰਟ ਦੇ ਮੁੱਖ ਜੱਜ ਵਜੋਂ ਰਿਟਾਇਰ ਹੋਏ।

ਬਹਾਰੁਲ ਇਸਲਾਮ ਦੀ ਜੀਵਨੀ ਦਾ ਸਭ ਤੋਂ ਵਿਵਾਦਤ ਅਧਿਆਇ 1980 ਵਿਚ ਸ਼ੁਰੂ ਹੋਇਆ, ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਉਨ੍ਹਾਂ ਨੂੰ 4 ਦਸੰਬਰ 1980 ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ। ਇਹ ਨਿਯੁਕਤੀ ਅਸਧਾਰਨ ਸੀ, ਕਿਉਂਕਿ ਰਿਟਾਇਰਡ ਹਾਈਕੋਰਟ ਜੱਜਾਂ ਨੂੰ ਸੁਪਰੀਮ ਕੋਰਟ ਵਿਚ ਸਿੱਧੀ ਨਿਯੁਕਤੀ ਦੀ ਪਰੰਪਰਾ ਨਹੀਂ ਸੀ। ਇਸ ਤੋਂ ਇਲਾਵਾ, ਬਹਾਰੁਲ ਇਸਲਾਮ ਦੀ ਕਾਂਗਰਸ ਪਾਰਟੀ ਨਾਲ ਪਹਿਲੇ ਸਿਆਸੀ ਸਬੰਧਾਂ ਨੇ ਇਸ ਨਿਯੁਕਤੀ ਨੂੰ ਸਰਕਾਰੀ ਪੱਖਪਾਤ ਦੇ ਦੋਸ਼ਾਂ ਦੇ ਘੇਰੇ ਵਿਚ ਲੈ ਆਂਦਾ। ਭਾਰਤ ਦੇ ਸੰਵਿਧਾਨ ਦੀ ਧਾਰਾ 124 ਦੇ ਅਨੁਸਾਰ, ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਮੁੱਖ ਨਿਆਂਧੀਸ਼



ਅਤੇ ਸਰਕਾਰ ਦੀ ਸਲਾਹ ਨਾਲ ਕੀਤੀ ਜਾਂਦੀ ਹੈ। ਪਰ, ਇਸ ਪ੍ਰਕਿਰਿਆ ਵਿਚ ਸਪਸ਼ਟਤਾ ਦੀ ਘਾਟ ਅਤੇ ਬਹਾਰੁਲ ਇਸਲਾਮ ਦੇ ਸਿਆਸੀ ਪਿਛੋਕੜ ਨੇ ਇਸ ਨਿਯੁਕਤੀ ਨੂੰ ਵਿਵਾਦ ਦਾ ਕੇਂਦਰ ਬਣਾ ਦਿੱਤਾ। ਬਹੁਤ ਸਾਰੇ ਵਿਦਵਾਨਾਂ ਅਤੇ ਟਿੱਪਣੀਕਾਰਾਂ ਨੇ ਇਸ ਨੂੰ ਇੰਦਰਾ ਗਾਂਧੀ ਸਰਕਾਰ ਦੁਆਰਾ ਨਿਆਂਪਾਲਿਕਾ 'ਤੇ ਸਿਆਸੀ ਪ੍ਰਭਾਵ ਸਥਾਪਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ। ਸੁਪਰੀਮ ਕੋਰਟ ਵਿਚ ਬਹਾਰੁਲ ਇਸਲਾਮ ਦਾ ਕਾਰਜਕਾਲ 4 ਦਸੰਬਰ 1980 ਤੋਂ 12 ਜਨਵਰੀ 1983 ਤੱਕ ਰਿਹਾ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਕਈ ਮਹੱਤਵਪੂਰਨ ਮਾਮਲਿਆਂ ਵਿਚ ਫੈਸਲੇ ਸੁਣਾਏ, ਪਰ ਸਭ ਤੋਂ ਵਿਵਾਦਤ ਸੀ 'ਅਰਬਨ ਕੋਆਪ੍ਰੇਟਿਵ ਬੈਂਕ ਸਕੈਂਡਲ ਮਾਮਲਾ' ਇਸ ਮਾਮਲੇ ਵਿਚ, ਬਿਹਾਰ ਦੇ ਤਤਕਾਲੀ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਦੋਸ਼ਮੁਕਤ ਕਰ ਦਿੱਤਾ ਗਿਆ, ਜਿਸ ਨੂੰ ਸਰਕਾਰ ਦੇ ਪੱਖ ਵਿਚ ਮੰਨਿਆ ਗਿਆ। ਇਸ ਫੈਸਲੇ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ ਅਤੇ ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਨੂੰ ਹੋਰ ਵਿਵਾਦਤ ਬਣਾਇਆ। ਵਿਰੋਧੀ ਧਿਰਾਂ ਅਤੇ ਮੀਡੀਆ ਨੇ ਇਸ ਫੈਸਲੇ ਨੂੰ ਸਰਕਾਰੀ ਦਬਾਅ ਦਾ ਨਤੀਜਾ ਦੱਸਿਆ, ਜਿਸ ਨੇ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਡੂੰਘਾ ਪ੍ਰਭਾਵ ਪਾਇਆ।

12 ਜਨਵਰੀ 1983 ਨੂੰ, ਉਨ੍ਹਾਂ ਸੁਪਰੀਮ ਕੋਰਟ ਦੇ ਜੱਜ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਇੱਕ ਵਾਰ ਫਿਰ ਸਿਆਸਤ ਵੱਲ ਮੁੜੇ। ਉਨ੍ਹਾਂ ਨੇ ਅਸਮ ਦੀ ਬਰਪੇਟਾ ਲੋਕ ਸਭਾ ਸੀਟ ਤੋਂ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਦੀ ਤਿਆਰੀ ਕੀਤੀ। ਹਾਲਾਂਕਿ, 1984 ਦੀਆਂ ਆਮ ਚੋਣਾਂ ਵਿਚ ਅਸਮ ਵਿਚ ਚੋਣਾਂ ਮੁਲਤਵੀ ਹੋਣ ਕਾਰਨ, ਉਨ੍ਹਾਂ ਨੂੰ ਮੁੜ ਰਾਜ ਸਭਾ ਲਈ ਚੁਣਿਆ ਗਿਆ। ਸੁਪਰੀਮ ਕੋਰਟ ਦੇ ਜੱਜ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਸਿਆਸਤ ਵਿਚ ਵਾਪਸੀ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। 'ਇੰਡੀਆ ਟੂਡੇ' (1983) ਨੇ ਇਸ ਨੂੰ 'ਸੁਪਰੀਮ ਕੋਰਟ ਦੀ ਸਾਖ ਲਈ ਅਪਮਾਨਜਨਕ' ਦੱਸਿਆ। ਇਹ ਮਾਮਲਾ ਐਮਰਜੈਂਸੀ ਦੇ ਸਮੇਂ ਅਤੇ ਇਸ ਦੇ ਬਾਅਦ ਸਰਕਾਰ ਅਤੇ ਨਿਆਂਪਾਲਿਕਾ ਦਰਮਿਆਨ ਸੰਘਰਸ਼ ਦੀ ਗੁੰਝਲਦਾਰਤਾ ਨੂੰ ਸਪਸ਼ਟ ਕਰਦਾ ਹੈ। ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਨੂੰ ਇੰਦਰਾ ਗਾਂਧੀ ਸਰਕਾਰ ਦੁਆਰਾ ਨਿਆਂਪਾਲਿਕਾ 'ਤੇ ਸਿਆਸੀ ਪ੍ਰਭਾਵ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਇਸ ਸਮੇਂ, ਸਰਕਾਰ ਵੱਲੋਂ ਜੱਜਾਂ ਦੀਆਂ ਨਿਯੁਕਤੀਆਂ ਅਤੇ ਸੁਪਰਸੈਸ਼ਨ (ਜਿਵੇਂ ਜਸਟਿਸ ਹੰਸ ਰਾਜ ਖੰਨਾ ਦਾ ਮਾਮਲਾ) ਨੂੰ ਸਿਆਸੀ ਦਖਲਅੰਦਾਜ਼ੀ ਦੀਆਂ ਮਿਸਾਲਾਂ ਵਜੋਂ ਪੇਸ਼ ਕੀਤਾ ਗਿਆ। ਜਗਨਨਾਥ ਮਿਸ਼ਰਾ ਮਾਮਲੇ ਦਾ ਫੈਸਲਾ ਵੀ ਇਸ ਸੰਦਰਭ ਵਿਚ ਸਰਕਾਰੀ ਪ੍ਰਭਾਵ ਦੀ ਇੱਕ ਮਹੱਤਵਪੂਰਨ ਮਿਸਾਲ ਮੰਨਿਆ ਜਾਂਦਾ ਹੈ।

ਹਾਲਾਂਕਿ, ਬਹਾਰੁਲ ਇਸਲਾਮ ਦੀ ਜੀਵਨੀ ਸਿਰਫ ਵਿਵਾਦਾਂ ਤੱਕ ਸੀਮਤ ਨਹੀਂ ਸੀ। ਸਾਲ 1987 ਵਿਚ, ਉਨ੍ਹਾਂ ਦੀ ਅਗਵਾਈ ਵਿਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਨੇ ਅਪੰਗ ਵਿਅਕਤੀਆਂ ਦੇ ਅਧਿਕਾਰਾਂ, ਸਮਾਨ ਅਵਸਰਾਂ ਅਤੇ ਪੂਰੀ ਸ਼ਮੂਲੀਅਤ ਲਈ ਕਾਨੂੰਨ ਬਣਾਉਣ ਦੀਆਂ ਸਿਫਾਰਸ਼ਾਂ ਕੀਤੀਆਂ। ਇਸ ਕਮੇਟੀ ਨੇ ਸਮਾਜਿਕ ਨਿਆਂ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਉਨ੍ਹਾਂ ਦੀ ਸਮਾਜਿਕ ਸੇਵਾ ਦੀ ਇੱਕ ਸਕਾਰਾਤਮਕ ਮਿਸਾਲ ਪੇਸ਼ ਕੀਤੀ। ਇਸ ਤੋਂ ਇਲਾਵਾ, ਉਹ ਗੁਹਾਟੀ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਸਨ, ਜਿਸ ਨੇ ਉਨ੍ਹਾਂ ਦੀ ਕਾਨੂੰਨੀ ਅਤੇ ਸਮਾਜਿਕ ਸਰਗਰਮੀ ਨੂੰ ਦਰਸਾਇਆ। ਬਹਾਰੁਲ ਇਸਲਾਮ ਦੀ ਮੌਤ 5 ਫਰਵਰੀ 1993 ਨੂੰ ਹੋਈ, ਪਰ ਉਨ੍ਹਾਂ ਦੀ ਜੀਵਨੀ ਅਤੇ ਕੈਰੀਅਰ ਅੱਜ ਵੀ ਭਾਰਤੀ ਨਿਆਂਪਾਲਿਕਾ ਅਤੇ ਸਿਆਸਤ ਦੇ ਸਬੰਧਾਂ ਦੀ ਚਰਚਾ ਦਾ ਹਿੱਸਾ ਹਨ। ਸਾਲ 2024 ਵਿਚ, ਰਾਜ ਸਭਾ ਵਿਚ ਭਾਜਪਾ ਸਾਂਸਦ ਬ੍ਰਿਜ ਲਾਲ ਨੇ ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਅਤੇ ਜਗਨਨਾਥ ਮਿਸ਼ਰਾ ਮਾਮਲੇ ਨੂੰ ਉਠਾਉਂਦਿਆਂ ਕਾਂਗਰਸ 'ਤੇ ਨਿਆਂਪਾਲਿਕਾ ਵਿਚ ਦਖਲਅੰਦਾਜ਼ੀ ਦਾ ਦੋਸ਼ ਲਾਇਆ। ਇਸ ਨੇ ਇਸ ਮੁੱਦੇ ਨੂੰ ਮੁੜ ਸੁਰਖੀਆਂ ਵਿਚ ਲਿਆਂਦਾ ਅਤੇ ਇੱਕ ਵਾਰ ਫਿਰ ਬਹਾਰੁਲ ਇਸਲਾਮ ਦੀ ਵਿਵਾਦਤ ਨਿਯੁਕਤੀ 'ਤੇ ਚਰਚਾ ਨੂੰ ਜਨਮ ਦਿੱਤਾ।

ਬਹਾਰੁਲ ਇਸਲਾਮ ਦੀ ਕਹਾਣੀ ਭਾਰਤੀ ਲੋਕਤੰਤਰ ਦੇ ਇੱਕ ਨਾਜ਼ੁਕ ਸਮੇਂ ਦੀ ਸਪਸ਼ਟ ਝਲਕ ਪੇਸ਼ ਕਰਦੀ ਹੈ, ਜਦੋਂ ਸਰਕਾਰੀ ਸੱਤਾ ਅਤੇ ਨਿਆਂਇਕ ਸੁਤੰਤਰਤਾ ਦਰਮਿਆਨ ਸੰਘਰਸ਼ ਨੇ ਰਾਸ਼ਟਰੀ ਸੰਸਥਾਵਾਂ ਦੀ ਸਾਖ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੀ ਸੁਪਰੀਮ ਕੋਰਟ ਨਿਯੁਕਤੀ ਅਤੇ ਉਸ ਤੋਂ ਬਾਅਦ ਦੀ ਸਿਆਸੀ ਵਾਪਸੀ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਦੀ ਕਾਂਗਰਸ ਪਾਰਟੀ ਨਾਲ ਨੇੜਤਾ ਅਤੇ ਜਗਨਨਾਥ ਮਿਸ਼ਰਾ ਮਾਮਲੇ ਵਿਚ ਫੈਸਲੇ ਨੂੰ ਸਰਕਾਰ ਦੇ ਹੱਕ ਵਿਚ ਮੰਨਿਆ ਗਿਆ, ਜਿਸ ਨੇ ਇਸ ਨਿਯੁਕਤੀ ਨੂੰ ਵਿਵਾਦ ਦੇ ਘੇਰੇ ਵਿਚ ਲਿਆਂਦਾ। ਬਹਾਰੁਲ ਇਸਲਾਮ ਦੀ ਜੀਵਨੀ ਨਾ ਸਿਰਫ ਇੱਕ ਵਿਅਕਤੀ ਦੀ ਸਿਆਸੀ ਅਤੇ ਨਿਆਂਇਕ ਯਾਤਰਾ ਨੂੰ ਦਰਸਾਉਂਦੀ ਹੈ, ਸਗੋਂ ਐਮਰਜੈਂਸੀ ਦੇ ਸਮੇਂ ਦੇ ਸਿਆਸੀ ਮਾਹੌਲ ਅਤੇ ਨਿਆਂਪਾਲਿਕਾ ਦੀ ਸੁਤੰਤਰਤਾ ਦੀ ਮਹੱਤਤਾ ਨੂੰ ਵੀ ਉਜਾਗਰ ਕਰਦੀ ਹੈ। ਉਨ੍ਹਾਂ ਦਾ ਕੈਰੀਅਰ ਇੱਕ ਅਜਿਹੀ ਮਿਸਾਲ ਹੈ, ਜੋ ਭਾਰਤੀ ਲੋਕਤੰਤਰ ਵਿਚ ਸਰਕਾਰਾਂ ਦੀਆਂ ਤਾਕਤਾਂ, ਧੱਕੇ-ਸ਼ਾਹੀਆਂ ਅਤੇ ਕਮੀਆਂ ਨੂੰ ਸਪਸ਼ਟ ਕਰਦੀ ਹੈ। ਅੱਜ ਵੀ, ਉਨ੍ਹਾਂ ਦੀ ਕਹਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਨਿਆਂਪਾਲਿਕਾ ਦੀ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਬਰਕਰਾਰ ਰੱਖਣਾ ਕਿਸੇ ਵੀ ਲੋਕਤੰਤਰ ਦੀ ਸਫਲਤਾ ਲਈ ਕਿੰਨਾ ਜ਼ਰੂਰੀ ਹੈ।

# ਡਾ. ਸੁਖਦੇਵ ਸਿੰਘ ਦੀ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' ਉੱਪਰ ਗੋਸ਼ਟੀ

**ਬਰੈਂਪਟਨ:** ਲੰਘੇ ਐਤਵਾਰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' ਉੱਪਰ ਵਿਚਾਰ-ਚਰਚਾ ਕਰਵਾਈ ਗਈ। ਪੁਸਤਕ ਉੱਪਰ ਮੁੱਖ-ਪੇਪਰ ਡਾ. ਹਰਕੰਵਲ ਕੋਰਪਾਲ





ਨੇ ਪੇਸ਼ ਕੀਤਾ। ਉਪਰੰਤ, ਬੁਲਾਰਿਆਂ ਵੱਲੋਂ ਇਸ ਪੇਪਰ ਅਤੇ ਪੁਸਤਕ ਬਾਰੇ ਵਿਚਾਰ ਪ੍ਰਗਟ ਕੀਤੇ ਗਏ। ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਮੈਡਮ ਸੁਰਿੰਦਰਜੀਤ ਕੌਰ ਸ਼ਾਮਲ ਸਨ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ ਆਇਆਂ' ਕਹਿਣ ਪਿੱਛੋਂ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਡਾ. ਹਰਕੰਵਲ ਸਿੰਘ ਕੋਰਪਾਲ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ ਉੱਪਰ ਆਪਣਾ ਪੇਪਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਡਾ. ਇਕਬਾਲ ਦੇ ਖ਼ੂਬਸੂਰਤ ਸ਼ਿਅਰ "ਨਿਗਾਹ ਬੁਲੰਦ ਸੁਖ਼ਨ ਦਿਲਨਿਵਾਜ਼ ਜਾਂ ਪੁਰਸੋਜ਼, ਯਹੀ ਹੈ ਰਖ਼ਤ-ਏ-ਸਫ਼ਰ ਮੀਰੇ-ਕਾਰਵਾਂ ਕੇ ਲੀਏ" ਨਾਲ ਆਪਣੇ ਪੇਪਰ ਦਾ ਆਰੰਭ ਕਰਦਿਆਂ ਡਾ. ਕੋਰਪਾਲ ਨੇ ਕਿਹਾ ਕਿ ਡਾ. ਸੁਖਦੇਵ ਸਿੰਘ ਝੰਡ ਦਾ ਇਹ ਪਾਕਿਸਤਾਨੀ ਸਫ਼ਰਨਾਮਾ ਜੋ ਕਿ ਪੁਰਖ਼ਿਆਂ ਦੀਆਂ ਪੈੜਾਂ ਦੀ ਪ੍ਰਮਾਣਿਕ ਪ੍ਰਤੀਤੀ ਦਾ ਬਿਰਤਾਂਤ ਹੈ, ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਕੁੜੱਤਣ ਨੂੰ ਦੂਰ ਕਰਨ ਦੇ ਨਾਲ ਨਾਲ ਦੋਹਾਂ ਦੇਸ਼ਾਂ ਵਿਚ ਦੋਸਤੀ ਦਾ ਮਾਹੌਲ ਸਿਰਜਣ ਅਤੇ ਅਮਨ ਕਾਇਮ ਕਰਨ ਦਾ ਹੋਕਾ ਵੀ ਦਿੰਦਾ ਹੈ। ਇਹ ਕਿਤਾਬ ਉਨ੍ਹਾਂ ਅਰਥਵਾਨ ਲਿਖ਼ਤਾਂ ਵਿਚ ਸ਼ਾਮਲ ਹੈ ਜੋ ਭਾਰਤ ਤੇ ਪਾਕਿਸਤਾਨ ਦਰਮਿਆਨ ਕੂਟਨੀਤਕ ਸਬੰਧਾਂ ਦੀ ਜੰਮੀ ਹੋਈ ਬਰਫ਼ ਨੂੰ ਖੋਰਨ ਅਤੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਆਵਾਮ ਵਿਚਾਲੇ 'ਮੁਹੱਬਤਾਂ ਦੀ ਸਾਂਝ' ਦੀ ਬਰਕਰਾਰੀ ਲਈ ਰਚਨਾਤਮਿਕ ਊਰਜਾ ਸੰਚਲਿਤ ਕਰਦੀਆਂ ਹਨ।

ਮੈਡਮ ਸੁਰਿੰਦਰਜੀਤ ਨੇ ਕਿਹਾ ਕਿ ਇਹ ਪਰਿਵਾਰਕ ਸਫ਼ਰਨਾਮਾ ਹੈ ਜਿਸ ਵਿਚ ਝੰਡ ਪਰਿਵਾਰ ਦੇ ਚਾਰ ਮੈਂਬਰ ਆਪਣੇ ਵਡੇਰਿਆਂ ਦੀ ਧਰਤੀ ਦੀ ਛੋਹ ਮਾਨਣ ਲਈ 'ਚੱਕ ਨੰਬਰ 202 ਗੱਟੀ ਤਲਾਵਾਂ' (ਹੁਣ ਗੱਟੀ ਸਕੂਲ ਵਾਲੀ) ਪਹੁੰਚਦੇ ਹਨ। ਪਿੰਡ ਦੇ ਆਪਣੇ ਜਾਣਕਾਰ ਮੇਜ਼ਬਾਨ ਜ਼ਹੂਰ ਹੁਸੈਨ ਨਾਲ ਉੱਥੋਂ ਦੀਆਂ ਗ਼ਲੀਆਂ, ਬਾਜ਼ਾਰਾਂ ਵਿਚ ਘੁੰਮਦੇ ਹੋਏ ਪਿੰਡ ਦੇ ਦੋ ਸਕੂਲਾਂ ਵਿਚ ਜਾਂਦੇ ਹਨ ਜਿੱਥੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਨਾਲ ਨਿੱਘਾ ਸੁਆਗ਼ਤ ਕੀਤਾ ਜਾਂਦਾ ਹੈ ਅਤੇ ਉੱਥੇ ਉਹ ਇਨ੍ਹਾਂ ਸਕੂਲਾਂ ਲਈ ਕੁਝ ਮਾਇਆ ਵੀ ਭੇਂਟ ਕਰਦੇ ਹਨ। 14 ਦਿਨਾਂ ਦੇ ਇਸ ਸਫ਼ਰਨਾਮੇ ਦੇ 14 ਅਧਿਆਵਾਂ ਵਿਚ ਡਾ. ਝੰਡ ਨੇ ਬਹੁਮੁੱਲੀ ਇਤਿਹਾਸਕ, ਭੂਗੋਲਿਕ, ਸਮਾਜਿਕ ਤੇ ਸੱਭਿਆਚਾਰਕ ਜਾਣਕਾਰੀ ਅੰਕਿਤ ਕੀਤੀ ਹੈ। ਉਹ ਇਸ ਸਫ਼ਰਨਾਮੇ ਵਿਚ ਲਹਿੰਦੇ ਪੰਜਾਬ ਦੇ ਲੋਕਾਂ ਦੀ ਨਿੱਘੀ ਮਹਿਮਾਨ-ਨਿਵਾਜ਼ੀ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ।

ਕਿਰਪਾਲ ਸਿੰਘ ਪੰਨੂੰ ਨੇ ਇਸ ਸਫ਼ਰਨਾਮੇ ਨੂੰ ਡਾ. ਝੰਡ ਦਾ ਸਲਾਹੁਣਯੋਗ ਉਪਰਾਲਾ ਦੱਸਦਿਆਂ ਕਿਹਾ ਕਿ ਇਹ ਡਾ. ਝੰਡ ਦੇ ਲਹਿੰਦੇ ਪੰਜਾਬ ਬਾਰੇ ਅਨੁਭਵਾਂ ਤੇ ਵਿਚਾਰਾਂ ਦਾ ਲਿਖਤ ਰੂਪਾਂਤਰਣ ਹੈ। ਉਸ ਨੇ ਬੜੀ ਮਿਹਨਤ ਨਾਲ ਇਸ ਵਿਚਲਾ ਬਿਰਤਾਂਤ ਸਿਰਜਿਆ ਹੈ। ਮੈਡਮ ਸੁਖਚਰਨਜੀਤ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਬਲਰਾਜ ਸਾਹਨੀ ਦਾ ਪਾਕਿਸਤਾਨੀ ਸਫ਼ਰਨਾਮਾ ਪਹਿਲਾਂ ਪੜ੍ਹਿਆ ਸੀ ਅਤੇ ਡਾ. ਝੰਡ ਦੇ ਇਸ ਸਫ਼ਰਨਾਮੇ ਨੂੰ ਪੜ੍ਹ ਕੇ ਹੁਣ ਇਸ ਵਿਚਲੀ ਦਰਜ ਰੌਚਕ ਜਾਣਕਾਰੀ ਦਾ ਅਨੰਦ ਮਾਣਿਆ ਹੈ। ਇਸ ਦੌਰਾਨ ਨਾਹਰ ਔਜਲਾ, ਰਾਜਪਾਲ ਸਿੰਘ ਹੋਠੀ, ਦਰਸ਼ਨ ਸਿੰਘ ਗਰੇਵਾਲ ਅਤੇ ਪ੍ਰੋ. ਆਸ਼ਿਕ ਰਹੀਲ ਜਿਨ੍ਹਾਂ ਨੇ ਇਸ ਸਫ਼ਰਨਾਮੇ ਦਾ ਸ਼ਾਹਮੁਖੀ ਵਿਚ ਰੁਪਾਂਤਰਣ ਕੀਤਾ ਹੈ, ਵੱਲੋਂ ਵੀ ਪੁਸਤਕ ਬਾਰੇ ਵਿਚਾਰ ਪੇਸ਼ ਕੀਤੇ ਗਏ।

ਡਾ. ਵਰਿਆਮ ਸਿੰਘ ਸੰਧੂ ਜਿਨ੍ਹਾਂ ਨੇ ਇਸ ਪੁਸਤਕ ਦਾ ਮੁੱਖ-ਬੰਦ ਲਿਖਿਆ ਹੈ, ਨੇ ਇਸ ਨੂੰ 'ਪਥਰਾਏ ਮਨਾਂ ਨੂੰ ਪਿਘਲਾਉਣ ਵਾਲੀ ਲਿਖ਼ਤ' ਕਰਾਰ ਦਿੰਦਿਆਂ ਆਪਣੇ ਇਸ ਮੁੱਖ-ਬੰਦ ਵਿਚੋਂ ਕੁਝ ਸਤਰਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ 1947 ਦੀ ਵੰਡ ਸਮੇਂ ਡਾ. ਝੰਡ ਦੇ ਪੁਰਖ਼ਿਆਂ ਦੀ ਪਰਾਈ ਹੋਈ ਧਰਤੀ ਅਜੇ ਵੀ ਡਾ. ਝੰਡ ਨੂੰ 'ਆਪਣੀ' ਲੱਗਦੀ ਹੈ। ਉਨ੍ਹਾਂ ਕਿਹਾ, "ਅਹਿਲੇ ਸਿਆਸਤ ਦੀ ਹਉਮੈਂ, ਉਸ ਦੀ ਕੁਰਸੀ ਦੀ ਲੋੜ ਅਤੇ ਮਜਬੂਰੀ ਨੇ ਦੋਹਾਂ ਮੁਲਕਾਂ ਵਿਚ ਲੋਕ-ਮਨਾਂ ਉੱਤੇ ਕੂੜ-ਪ੍ਰਚਾਰ ਦੀ ਅਜਿਹੀ ਮੋਟੀ ਤਹਿ ਵਿਛਾ ਦਿੱਤੀ ਕਿ ਉਸ ਹੇਠਾਂ ਮੁਹੱਬਤ ਦੀ ਆਦਿ-ਜੁਗਾਦ ਵਗਦੀ 'ਕੂਲ੍ਹ' ਵੀ ਨੱਪੀ ਗਈ। ਪਰ ਕਿਤੇ-ਕਿਤੇ ਕੁਝ ਮਨਾਂ ਵਿਚ ਇਹ ਆਪਣੇ ਵੇਗ ਅਤੇ ਤੜਪ ਨਾਲ ਬੁੜ੍ਹਕ ਕੇ ਇਸ ਮੋਟੀ ਤਹਿ ਨੂੰ ਤੋੜ ਕੇ ਚਾਂਦੀ ਰੰਗੇ ਚਸ਼ਮੇਂ ਦੇ ਰੂਪ ਵਿਚ ਫੁੱਟ ਨਿਕਲਦੀ ਹੈ।"

ਪ੍ਰਧਾਨਗੀ-ਭਾਸ਼ਨ ਦੌਰਾਨ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਪੰਜਾਬੀ ਵਿਚ ਹੁਣ ਤੀਕ 100 ਤੋਂ ਵਧੇਰੇ ਸਫ਼ਰਨਾਮੇ ਛਪ ਚੁੱਕੇ ਹਨ। ਇਨ੍ਹਾਂ ਵਿਚ ਪਾਕਿਸਤਾਨ ਬਾਰੇ ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੇ ਡਾ. ਵਰਿਆਮ ਸੰਧੂ ਦਾ 'ਵਗਦੀ ਸੀ ਰਾਵੀ' ਪ੍ਰਮੁੱਖ ਹਨ। ਉਨ੍ਹਾਂ ਕਿਹਾ ਕਿ ਡਾ. ਝੰਡ ਦੇ ਇਸ ਸਫ਼ਰਨਾਮੇ ਵਿਚ ਬਿਆਨ ਕੀਤਾ ਗਿਆ ਲਹਿੰਦੇ ਪੰਜਾਬ ਦੇ ਗੁਰਧਾਮਾਂ, ਇਤਿਹਾਸਕ ਅਸਥਾਨਾਂ ਤੇ ਪਿੰਡਾਂ/ਸ਼ਹਿਰਾਂ ਬਾਰੇ ਵਿਸਥਾਰ ਅਤੇ ਇਸ ਦਾ 'ਤੱਥਸਾਰ' ਕਿ 'ਜੇਕਰ ਬਰਲਿਨ ਦੀ ਦੀਵਾਰ ਟੁੱਟ ਸਕਦੀ ਹੈ ਤਾਂ ਭਾਰਤ-ਪਾਕਿਸਤਾਨ ਵਿਚਲੀ 'ਨਫ਼ਰਤ ਦੀ ਦੀਵਾਰ' ਕਿਉਂ ਨਹੀਂ ਟੁੱਟ ਸਕਦੀ' ਬੜਾ ਅਹਿਮ ਹੈ।

ਅਖ਼ੀਰ ਵਿਚ ਬਲਰਾਜ ਚੀਮਾ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਤੇ ਮਹਿਮਾਨਾਂ ਦਾ ਭਾਵਪੂਰਤ ਸ਼ਬਦਾਂ ਵਿਚ ਧੰਨਵਾਦ ਕੀਤਾ ਗਿਆ। ਇਸ ਦੌਰਾਨ ਡਾ. ਝੰਡ ਅਤੇ ਉਨ੍ਹਾਂ ਦੀ ਪਤਨੀ ਜਗਦੀਸ਼ ਕੌਰ ਝੰਡ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।

*ਰਿਪੋਰਟ: -ਡਾ; ਝੰਡ*

# ਬਾਬਾ ਫ਼ਰੀਦ ਆਗਮਨ ਪੁਰਬ ਸਮਾਗਮ ਸ਼ਰਧਾ ਨਾਲ ਮਨਾਇਆ

**ਫਰੀਮੌਂਟ**: ਫ਼ਰੀਦਕੋਟ ਅਤੇ ਆਸ-ਪਾਸ ਦੇ ਇਲਾਕਾ ਨਿਵਾਸੀ ਅਤੇ ਸੰਗਤਾਂ ਕਈ ਸਾਲਾਂ ਤੋਂ ਇੱਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ ਮਨਾਉਂਦੀਆਂ ਆ ਰਹੀਆਂ ਹਨ। ਇਸੇ ਲੜੀ ਤਹਿਤ ਇਸ ਸਾਲ ਵੀ 19, 20 ਅਤੇ 21 ਸਤੰਬਰ ਨੂੰ ਇਹ ਸਮਾਗਮ ਸਤਿਕਾਰ ਅਤੇ ਸ਼ਰਧਾ ਸਹਿਤ ਮਨਾਇਆ ਗਿਆ। 19 ਸਤੰਬਰ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸ਼ੁਰੂ ਹੋਏ, ਜਿਨ੍ਹਾਂ ਦੇ ਭੋਗ 21 ਸਤੰਬਰ (ਐਤਵਾਰ) ਨੂੰ ਪਾਏ ਗਏ। ਸਮੂਹ ਇਲਾਕਾ ਨਿਵਾਸੀਆਂ ਨੇ ਆਪਣੇ ਪਰਿਵਾਰਾਂ ਸਮੇਤ ਸਮਾਗਮ ਵਿਚ ਹਾਜ਼ਰੀ ਭਰੀ।

ਸ਼ਨਿਚਰਵਾਰ ਨੂੰ ਸ਼ਾਮ ਦੇ ਸਮਾਗਮਾਂ ਵਿਚ ਭਾਈ ਦਿਲਬਾਗ ਸਿੰਘ ਹੈੱਡ ਗ੍ਰੰਥੀ ਫਰੀਮੌਂਟ ਗੁਰਦੁਆਰਾ ਸਾਹਿਬ ਵਾਲਿਆਂ ਨੇ ਬੀਬੀਆਂ ਅਤੇ ਨੌਜਵਾਨਾਂ ਨੂੰ ਨਾਮ ਸਿਮਰਨ ਅਭਿਆਸ ਕਰਵਾਇਆ। ਭਾਈ ਤਰਲੋਕ ਸਿੰਘ ਕਥਾਵਾਚਕ ਪਾਉਂਟਾ ਸਾਹਿਬ ਵਾਲੇ ਨੇ ਕਥਾ ਪਰਸੰਗ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਦਿਲਬਾਗ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਮਾਗਮਾਂ ਨੂੰ ਨੇਪਰੇ ਚਾੜ੍ਹਿਆ। ਜਥਿਆਂ ਤੋਂ ਇਲਾਵਾ ਸਮਾਗਮਾਂ ਵਿਚ ਭਾਈ ਭਗਵੰਤ ਸਿੰਘ ਆਸਟਰੇਲੀਆ ਵਾਲੇ ਅਤੇ ਗਿਆਨੀ ਪ੍ਰਿਤਪਾਲ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਨੇ ਫ਼ਰੀਦ ਜੀ ਦੀ ਬਾਣੀ 'ਤੇ ਅਧਾਰਿਤ ਕਥਾ ਕੀਤੀ ਅਤੇ ਬਾਬਾ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ।

ਬਾਬਾ ਫ਼ਰੀਦ ਜੀ ਦੇ ਜੀਵਨ, ਸਿੱਖਿਆਵਾਂ ਅਤੇ ਮਿਸ਼ਨ ਸਬੰਧੀ ਰਾਗੀ ਢਾਡੀ ਜਥਿਆਂ ਨੇ ਕੀਰਤਨ ਅਤੇ ਵਾਰਾਂ ਰਾਹੀਂ ਜਾਣਕਾਰੀ ਦਿੱਤੀ। ਉਨ੍ਹਾਂ ਵਲੋਂ ਦੱਸਿਆ ਗਿਆ ਕਿ ਬਾਬਾ ਜੀ ਦਾ ਜਨਮ ਅਣਵੰਡੇ ਪੰਜਾਬ ਵਿਚ ਮੁਲਤਾਨ ਤੋਂ 10 ਕਿਲੋਮੀਟਰ ਦੂਰ ਕੋਥੀਵਾਲ ਵਿਖੇ ਸੰਨ 1173 ਨੂੰ ਹੋਇਆ। ਕੁਝ ਇਤਿਹਾਸਕਾਰ ਜਨਮ 1178 ਜਾਂ 1188 ਨੂੰ ਮੰਨਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਫ਼ੀ ਸ਼ੇਖ ਫ਼ਰੀਦ ਜੀ ਦੇ ਚਾਰ ਸ਼ਬਦ ਅਤੇ 112 ਸਲੋਕ ਦਰਜ ਹਨ। ਇਹ ਇਤਿਹਾਸਕਾਰਾਂ ਦੀ ਖੋਜ ਦਾ ਵਿਸ਼ਾ ਹੈ ਕਿ ਕੁਝ ਬਾਣੀ ਦੇ ਰਚੇਤਾ ਸੂਫ਼ੀ ਸ਼ੇਖ ਫ਼ਰੀਦ (॥) ਹਨ। ਕਿਹਾ ਜਾਂਦਾ ਹੈ ਸ਼ੇਖ ਫ਼ਰੀਦ (॥) ਸ਼ੇਖ ਇਬਰਾਹਿਮ ਜਾਂ ਬ੍ਰਹਮ ਜਾਂ ਫ਼ਰੀਦ ਸਾਨੀ, ਬਾਬਾ ਸ਼ੇਖ ਫ਼ਰੀਦ ਜੀ ਦੇ ਦਸਵੇਂ ਉੱਤਰਾਅਧਿਕਾਰੀ ਸਨ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਫ਼ਰੀਦ (॥) ਦਾ ਗੁਰੂ ਨਾਨਕ ਦੇਵ ਜੀ ਨੂੰ ਦੋ ਵਾਰ ਮਿਲਣ ਦਾ ਜ਼ਿਕਰ ਵੀ ਆਉਂਦਾ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਪੰਜਾਬੀ ਸੂਫ਼ੀ ਸਾਹਿਤ ਦੇ ਮੋਢੀ ਅਤੇ ਪ੍ਰਮੁੱਖ ਸੂਫ਼ੀ ਸੰਤ ਮੰਨੇ ਜਾਂਦੇ ਹਨ ਕਿਉਂਕਿ ਪੰਜਾਬੀ ਕਾਵਿ ਅਤੇ ਸੂਫ਼ੀ ਵਿਚਾਰਾਂ ਦੀ ਸ਼ੁਰੂਆਤ ਆਪ ਨੇ ਹੀ ਕੀਤੀ।

ਬਾਬਾ ਫ਼ਰੀਦ ਜੀ ਨੇ ਨਿਮਰਤਾ, ਪ੍ਰਭੂ ਮਿਲਣ, ਭਗਤੀ, ਬਿਰਤੀ, ਮਨੁੱਖਤਾ ਦੀ ਭਲਾਈ, ਦਇਆ, ਹਉਮੈ ਤਿਆਗਣ, ਸੰਸਾਰੀ ਵਸਤੂਆਂ ਦੇ ਤਿਆਗ ਦੇ ਨਾਲ-ਨਾਲ ਪ੍ਰਮਾਤਮਾ ਮੇਲ ਅਤੇ ਹੱਥੀਂ ਕਿਰਤ ਦਾ ਸੁਨੇਹਾ ਦਿੱਤਾ। ਬਾਰ੍ਹਵੀਂ ਸਦੀ ਦੇ ਇਸ ਮਹਾਨ ਸੂਫ਼ੀ ਸੰਤ ਦਾ ਸੰਨ 1266 AD ਵਿਚ ਪਾਕਪਟਨ (ਪਾਕਿਸਤਾਨ) ਵਿਚ ਇੰਤਕਾਲ ਹੋਇਆ ਦੱਸਿਆ ਜਾਂਦਾ ਹੈ। ਪੰਜਾਬ ਦਾ ਰਿਆਸਤੀ ਸ਼ਹਿਰ ਫ਼ਰੀਦਕੋਟ ਜਿਸ ਨੂੰ ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੈ, ਵਿਖੇ ਉਨ੍ਹਾਂ ਦੇ ਨਾਂ 'ਤੇ ਅਨੇਕਾਂ ਵਿਦਿਅਕ ਅਤੇ ਕਾਰੋਬਾਰੀ ਅਦਾਰੇ ਸਥਾਪਤ ਹਨ। ਪੰਜਾਬੋਂ ਬਾਹਰ ਸੰਸਾਰ ਭਰ ਵਿਚ ਵੱਸਦੇ ਫ਼ਰੀਦਕੋਟੀਆਂ ਵੱਲੋਂ ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਹਾਂਗਕਾਂਗ, ਫਿਲਪੀਨ, ਮਲੇਸ਼ੀਆ ਸਮੇਤ 10-15 ਦੇਸ਼ਾਂ ਵਿਚ ਬਾਬਾ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ ਉਤਸੁਕਤਾ ਨਾਲ ਕਰਵਾਏ ਜਾਂਦੇ ਹਨ।








ਇਸ ਮੌਕੇ ਆਗਮਨ ਪੁਰਬ ਸੋਸਾਇਟੀ ਪ੍ਰਬੰਧਕਾਂ ਨੇ ਸੇਵਾਦਾਰਾਂ, ਵਾਲੰਟੀਅਰਾਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੇ-ਏਰੀਆ ਤੋਂ ਇਲਾਵਾ ਟਰੇਸੀ, ਮੈਨਟੀਕਾ, ਲੇਥਰੋਪ, ਮਾਊਂਟਨ ਹਾਊਸ, ਸਟਾਕਟਨ, ਫਰਿਜ਼ਨੋ, ਸੈਕਰਾਮੈਂਟੋ ਅਤੇ ਸਿਆਟਲ ਤੋਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਭਾਰਤ ਤੋਂ ਆਏ ਨਵੇਂ ਪਰਿਵਾਰ ਵੀ ਇਨ੍ਹਾਂ ਸਮਾਗਮਾਂ ਨਾਲ ਜੁੜ ਰਹੇ ਹਨ।

ਅਗਲੇ ਸਾਲ ਦੇ ਸਮਾਗਮਾਂ ਲਈ ਤਰੀਕਾਂ ਹੁਣ ਤੋਂ ਹੀ ਸਤੰਬਰ ਮਹੀਨੇ ਲਈ ਫ਼ਰੀਦਕੋਟ ਦੇ ਸਮਾਗਮਾਂ ਦੀ ਤਰਜ 'ਤੇ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ। ਹੋਰ ਜਾਣਕਾਰੀ ਜਾਂ ਸਮਾਗਮ ਦੀਆਂ ਗਤੀਵਿਧੀਆਂ ਲਈ ਵੈੱਬ ਸਾਈਟ www.babafarid.net 'ਤੇ ਜਾਇਆ ਜਾ ਸਕਦਾ ਹੈ। 3, 4 ਅਤੇ 5 ਅਕਤੂਬਰ ਨੂੰ ਫਰਿਜ਼ਨੋ ਦੀਆਂ ਸੰਗਤਾਂ ਵੱਲੋਂ ਵੀ ਗੁਰਦੁਆਰਾ ਸਾਹਿਬ ਸਿੰਘ ਸਭਾ ਪਾਰਕ ਡਰਾਈਵ ਫਰਿਜ਼ਨੋ ਵਿਖੇ ਅਜਿਹੇ ਹੀ ਪ੍ਰੋਗਰਾਮ ਉਲੀਕੇ ਗਏ ਹਨ।

# ਨਰੋਏ ਸਮਾਜ ਦੀ ਸਿਰਜਣਾ ਦਾ ਆਧਾਰ ਹੈ ਸੱਚੀ ਤੇ ਉੱਚੀ ਸੋਚ

ਅਸੀ ਸਾਰੇ ਸਮਾਜ ਦਾ ਹਿੱਸਾ ਹਾਂ ਤੇ ਅਜੋਕੇ ਸਮੇਂ ਸਮਾਜ ਵਿਚ ਨੈਤਿਕ ਕਦਰਾਂ-ਕੀਮਤਾਂ ਵਿਚ ਬਹੁਤ ਨਿਘਾਰ ਆ ਚੁੱਕਿਆ ਹੈ। ਜੇ ਕਿਤੇ ਕੋਈ ਅਣਸੁਖਾਵੀਂ ਘਟਨਾ ਵੀ ਵਾਪਰ ਜਾਂਦੀ ਹੈ ਤਾਂ ਸ਼ਰਮ ਮਹਿਸੂਸ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਚੰਨ ਤੱਕ ਕਦਮ ਪੁੱਜ ਚੁੱਕੇ ਹਨ। ਸਮਾਜ ਵਿਚ ਵੀ ਬਹੁਤ ਤਰੱਕੀ ਹੋਈ ਹੈ। ਘੰਟਿਆਂ ਵਾਲੇ ਕੰਮ ਹੁਣ ਮਿੰਟਾਂ, ਕੁੱਝ ਸਮਿਆਂ ਵਿਚ ਹੀ ਹੋ ਜਾਂਦੇ ਹਨ। ਮਸ਼ੀਨੀ ਯੁੱਗ ਹੈ। ਇੰਡਸਟਰੀ ਸਥਾਪਿਤ ਹੋ ਚੁੱਕੀ ਹੈ, ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ, ਆਈਟੀ ਹੱਬ ਬਣ ਚੁੱਕੇ ਹਨ। ਜ਼ਮੀਨਾਂ ਦੇ ਰੇਟ ਅਸਮਾਨੀਂ ਪੁੱਜ ਚੁੱਕੇ ਹਨ। ਏਕੜ ਜ਼ਮੀਨ ਕਰੋੜਾਂ ਰੁਪਏ ਦੀ ਵਿਕ ਰਹੀ ਹੈ। ਅਸਮਾਨ ਛੂਹ ਰਹੀਆਂ ਇਮਾਰਤਾਂ ਸ਼ਹਿਰ ਵਿਚ ਖਿੱਚ ਦਾ ਕੇਂਦਰ ਬਣ ਰਹੀਆਂ ਹਨ। ਨਵੀਂ ਨੌਜਵਾਨੀ ਚੰਗੀ ਵਿੱਦਿਆ ਹਾਸਿਲ ਕਰ ਰਹੀ ਹੈ। ਉੱਚ ਡਿਗਰੀਆਂ ਹਾਸਲ ਕਰਕੇ ਅਹਿਮ ਅਹੁਦਿਆਂ 'ਤੇ ਵਿਰਾਜ ਚੁਕੇ ਹਨ। ਨਵੇਂ ਨਵੇਂ ਕੋਰਸ ਕਰਕੇ ਵੱਖ-ਵੱਖ ਵਿਭਾਗਾਂ ਵਿਚ ਨੌਕਰੀਆਂ ਹਾਸਲ ਕਰ ਰਹੇ ਹਨ। ਕੋਈ ਵਿਰਲਾ ਹੀ ਹੋਣਾ ਜਿਸ ਪਰਿਵਾਰ ਵਿਚ ਕੋਈ ਪੜ੍ਹਿਆ-ਲਿਖਿਆ ਨਾ ਹੋਵੇ।

ਜੇ ਕੁੜੀਆਂ ਦੀ ਗੱਲ ਕਰੀਏ ਤਾਂ ਕੁੜੀਆਂ ਨੇ ਵੀ ਚੰਨ ਤੱਕ ਉਡਾਰੀ ਮਾਰੀ ਹੈ। ਸੁਨੀਤਾ ਵਿਲੀਅਮਜ਼ ਨੂੰ ਦੇਖੋ! ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਕਲਪਨਾ ਚਾਵਲਾਂ ਨੂੰ ਸਾਰੇ ਹੀ ਜਾਣਦੇ ਹਨ। ਜੇ ਰਾਜਨੀਤੀ ਦੀ ਗੱਲ ਕਰੀਏ ਤਾਂ ਸੂਬਿਆਂ ਵਿਚ ਕਈ ਮਹਿਲਾਵਾਂ ਮੁੱਖ ਮੰਤਰੀ ਰਹਨ। ਰਾਸ਼ਟਰਪਤੀ ਵੀ ਇੱਕ ਮਹਿਲਾ ਹੈ। ਕਈ ਸੂਬਿਆਂ ਵਿਚ ਗਵਰਨਰ ਦੇ ਅਹੁਦੇ 'ਤੇ ਔਰਤਾਂ ਵਿਰਾਜਮਾਨ ਹਨ। ਪ੍ਰਸ਼ਾਸਨਿਕ ਸੇਵਾਵਾਂ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਮਹਿਲਾਵਾਂ ਨਿਭਾ ਰਹੀਆਂ ਹਨ। ਪੁਰਸ਼ ਵੀ ਰਾਜਨੀਤੀ, ਪ੍ਰਸ਼ਾਸਨਿਕ ਸੇਵਾਵਾਂ ਆਦਿ ਵਿਚ ਵਧੀਆ ਨਾਮ ਖੱਟ ਰਹੇ ਹਨ। ਕਈ ਪੰਜਾਬੀ ਨੌਜਵਾਨਾਂ ਨੇ ਵਿਦੇਸ਼ਾਂ ਵਿਚ ਜਾ ਕੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਵਿਸ਼ਵ ਬੈਂਕ ਅਮਰੀਕਾ ਵਿਚ ਨਵਾਂ ਸ਼ਹਿਰ ਦੇ ਨੌਜਵਾਨ ਨੇ ਪੂਰੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਇੱਥੇ ਵੀ ਰਹਿ ਕੇ ਲੋਕਾਂ ਦੇ ਵਧੀਆ ਕਾਰੋਬਾਰ ਚੱਲ ਰਹੇ ਹਨ। ਸਕੂਲ ਅਦਾਰੇ ਚਲਾ ਰਹੇ ਹਨ। ਪ੍ਰਾਈਵੇਟ ਯੂਨੀਵਰਸਿਟੀ ਨੂੰ ਅੱਗੇ ਤੱਕ ਲੈ ਕੇ ਜਾ ਰਹੇ ਹਨ। ਜੀਵਨ ਤਾਂ ਬਹੁਤ ਜ਼ਿਆਦਾ ਖੁਸ਼ਹਾਲ ਹੋ ਚੁੱਕਿਆ ਹੈ, ਪਰ ਇਹ ਸਾਰਾ ਕੁੱਝ ਸਾਰਿਆਂ ਦੇ ਹਿੱਸੇ ਨਹੀਂ ਆਇਆ।

ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿਚ ਫਸ ਗਈ ਹੈ। ਕੋਈ ਵਿਰਲਾ ਹੀ ਦਿਨ ਅਜਿਹਾ ਹੋਣਾ ਜਿਸ ਦਿਨ ਅਖ਼ਬਾਰ ਵਿਚ ਖ਼ਬਰ ਨਾ ਛਪੀ ਹੋਵੇ ਕਿ ਫਲਾਣੇ ਪਿੰਡ ਦਾ ਨੌਜਵਾਨ ਨਸ਼ੇ ਦੀ ਭੇਟ ਚੜ੍ਹਿਆ। ਰੁਜ਼ਗਾਰ ਅਤੇ ਸਿੱਖਿਆ ਦੇ ਗੁਣਵੱਤਾ ਵਿਚ ਆਏ ਨਿਘਾਰ ਅਤੇ ਨਸ਼ਿਆਂ ਵਿਚ ਵਧੇ ਰੁਝਾਨ ਕਰਨ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇੱਕ ਤਰ੍ਹਾਂ ਨਾਲ ਪੰਜਾਬ ਦਾ ਬੌਧਿਕ ਸਰਮਾਇਆ ਵਿਦੇਸ਼ਾਂ ਵੱਲ ਨੂੰ ਜਾ ਰਿਹਾ ਹੈ। ਸੱਭਿਆਚਾਰ ਨੂੰ ਸੁਰੱਖਿਅਤ ਰੱਖਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਜਬਰ-ਜਨਾਹ, ਤੇਜ਼ਾਬੀ ਹਮਲੇ ਦੀਆਂ ਘਟਨਾਵਾਂ ਪੜ੍ਹ-ਸੁਣ ਕੇ ਘਬਰਾਹਟ ਮਹਿਸੂਸ ਹੁੰਦੀ ਹੈ। ਛੋਟੀਆਂ ਬੱਚੀਆਂ ਨੂੰ ਜਨਮ ਹੀ ਨਹੀਂ ਲੈਣ ਦਿੱਤਾ ਜਾ ਰਿਹਾ। ਕੁੱਖਾਂ ਵਿਚ ਹੀ ਮਾਰਿਆ ਜਾ ਰਿਹਾ ਹੈ। ਅੱਜ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਦੀਆਂ ਔਰਤਾਂ ਸੁਰੱਖਿਅਤ ਨਹੀਂ ਹਨ। ਪੱਛਮੀ ਬੰਗਾਲ ਵਿਚ ਪਿੱਛੇ ਜਿਹੇ ਮਹਿਲਾ ਡਾਕਟਰ ਨਾਲ ਜੋ ਦਰਿੰਦਿਆਂ ਨੇ ਕੀਤਾ ਰੌਂਗਟੇ ਖੜ੍ਹੇ ਕਰ ਦਿੰਦਾ ਹੈ। ਲੁੱਟ-ਖੋਹ, ਚੋਰੀ, ਡਕੈਤੀ ਦੀਆਂ ਵਾਰਦਾਤਾਂ ਲਗਾਤਾਰ ਵਧ ਰਹੀਆਂ ਹਨ। ਫਿਰੌਤੀ ਦੇ ਮਾਮਲੇ ਵਧ ਰਹੇ ਹਨ। ਚੰਗੇ ਰਸੂਖ ਵਾਲੇ ਲੋਕਾਂ ਤੋਂ ਫਿਰੌਤੀ ਦੀ ਮੰਗ ਰੱਖ ਦਿੱਤੀ ਜਾਂਦੀ ਹੈ। ਹਾਲ ਹੀ ਵਿਚ ਨਵੇਂ ਬਣੇ ਸਰਪੰਚ ਦਾ ਕਤਲ ਕਰ ਦਿੱਤਾ ਜਾਂਦਾ ਹੈ, ਕਾਰਨ ਇਹ ਸੀ ਕਿ ਉਸਨੇ ਪੁਲਿਸ ਨੂੰ ਨਸ਼ਾ ਸਪਲਾਈ ਕਰਨ ਵਾਲੇ ਬਾਰੇ ਦੱਸਿਆ ਸੀ। ਬਜ਼ੁਰਗਾਂ ਦਾ ਸਤਿਕਾਰ ਘਟ ਗਿਆ ਹੈ।

ਚੰਗੀ ਸੋਚ, ਸਕਾਰਾਤਮਕ ਨਜ਼ਰੀਏ ਵਾਲੇ ਇਨਸਾਨ ਅਜਿਹੇ ਸਮਾਜ ਨੂੰ ਸੁਧਾਰਨ ਦਾ ਯਤਨ ਵੀ ਕਰਦੇ ਹਨ। ਸਮਾਜਿਕ ਜਥੇਬੰਦੀਆਂ ਵੀ ਕੁੱਝ ਨਾ ਕੁੱਝ ਸੁਧਾਰ ਦਾ ਕੰਮ ਕਰ ਰਹੀਆਂ ਹਨ। ਘਰ ਦੇ ਮਾਹੌਲ 'ਤੇ ਬਹੁਤ ਕੁਝ ਨਿਰਭਰ ਕਰਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਬੱਚਾ ਸਭ ਤੋਂ ਪਹਿਲਾਂ ਘਰ ਤੋਂ ਹੀ ਸਿੱਖਦਾ ਹੈ। ਨੈਤਿਕ ਕਦਰਾਂ-ਕੀਮਤਾਂ ਬਾਰੇ ਬਚਪਨ ਤੋਂ ਹੀ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ। ਜੇ ਮਾਂ-ਬਾਪ ਚੰਗੇ ਰਸੂਖ ਵਾਲੇ ਹੋਣਗੇ, ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਹੋਣਗੇ, ਪਰਮਾਤਮਾ ਦਾ ਹਰ ਵੇਲੇ ਸ਼ੁਕਰਾਨਾ ਕਰਨਗੇ, ਚੰਗਾ ਤੇ ਸਾਫ਼ ਸੁਥਰਾ ਭੋਜਨ ਕਰਨਗੇ, ਵਧੀਆ ਦੋਸਤਾਂ ਦਾ ਸੰਗ ਕਰਨਗੇ, ਚੰਗੀਆਂ ਪੁਸਤਕਾਂ ਪੜ੍ਹਨਗੇ ਤਾਂ ਇਸ ਤਰ੍ਹਾਂ ਦੇ ਸੰਸਕਾਰ ਆਪਣੇ ਆਪ ਬੱਚਿਆਂ ਵਿਚ ਪੈਦਾ ਹੋ ਜਾਣਗੇ। ਮਾਪੇ ਹਮੇਸ਼ਾ ਬੱਚਿਆਂ ਲਈ ਰੋਲ ਮਾਡਲ ਹੁੰਦੇ ਹਨ। ਘਰ ਵਿਚ ਜੇ ਮਾਂ ਬਾਪ ਆਪਣੇ ਵੱਡਿਆਂ ਦਾ ਸਤਿਕਾਰ ਕਰਨਗੇ, ਨਸ਼ਿਆਂ ਤੋਂ ਦੂਰੀ ਬਣਾ ਕੇ ਰੱਖਣਗੇ, ਆਪਸੀ ਲੜਾਈ ਝਗੜੇ ਨਹੀਂ ਕਰਨਗੇ, ਕਹਿਣ ਦਾ ਮਤਲਬ ਹੈ ਕਿ ਪਰਿਵਾਰ ਵਿਚ ਹਰ ਇਨਸਾਨ ਦੀ ਕਦਰ ਕਰਨਗੇ, ਦਸਾਂ ਨਹੁੰਆਂ ਦੀ ਕਿਰਤ ਕਰਨਗੇ ਤਾਂ ਬੱਚਾ ਆਪਣੇ ਆਪ ਸੰਸਕਾਰੀ ਹੁੰਦਾ ਰਹੇਗਾ। ਮੋਬਾਈਲ ਦੀ ਵਧੇਰੇ ਵਰਤੋਂ ਨਾ ਕਰੋ।

ਪਰ ਅੱਜ ਸਾਡਾ ਸਮਾਜ ਲਗਾਤਾਰ ਨਿਘਾਰ ਵੱਲ ਵਧ ਰਿਹਾ ਹੈ। ਭਰਾ, ਭਰਾ ਦਾ ਦੁਸ਼ਮਣ ਹੈ। ਇੱਕ ਦੂਜੇ ਦੀ ਸ਼ਕਲ ਦੇਖਣਾ ਪਸੰਦ ਨਹੀਂ ਕਰਦੇ। ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਨਹੀਂ ਰਿਹਾ। ਬਜ਼ੁਰਗ ਬਿਰਧ ਆਸ਼ਰਮਾਂ ਵਿਚ ਸਮਾਂ ਕੱਟ ਰਹੇ ਹਨ। ਬਜ਼ੁਰਗਾਂ ਦੀ ਪੈਨਸ਼ਨ ਨਾਲ ਤਾਂ ਪਿਆਰ ਹੈ। ਬਜ਼ੁਰਗਾਂ ਨਾਲ ਪਿਆਰ ਨਹੀਂ ਹੈ। ਪਿਆਰ ਮੁਹੱਬਤ ਘਰ ਵਿਚ ਬਿਲਕੁਲ ਵੀ ਨਹੀਂ ਹੈ। ਬੱਚੇ ਰੋਕ-ਟੋਕ ਬਿਲਕੁਲ ਵੀ ਪਸੰਦ ਨਹੀਂ ਕਰਦੇ। ਆਪਣੀ ਮਰਜ਼ੀ ਨਾਲ ਸਾਰੇ ਹੀ ਫੈਸਲੇ ਲੈ ਰਹੇ ਹਨ। ਇੱਥੋਂ ਤੱਕ ਕਿ ਵਿਆਹ ਵਰਗੇ ਫੈਸਲੇ ਆਪਣੀ ਮਰਜ਼ੀ ਨਾਲ ਲੈ ਲੈਂਦੇ ਹਨ, ਫਿਰ ਬਾਅਦ ਵਿਚ ਕਈ ਵਾਰ ਪਛਤਾਉਣਾ ਪੈਂਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸਮੇਂ ਦੇ ਨਾਲ ਬਦਲ ਜਾਣਾ ਚਾਹੀਦਾ ਹੈ। ਬਜ਼ੁਰਗਾਂ ਨੂੰ ਵੀ ਸ਼ਾਂਤ ਰਹਿਣਾ ਚਾਹੀਦਾ ਹੈ। ਅਕਸਰ ਬੇਲੋੜੀ ਰੋਕ-ਟੋਕ ਕਈ ਵਾਰ ਘਰ ਵਿਚ ਕਲੇਸ਼ ਦਾ ਕਾਰਨ ਵੀ ਬਣ ਜਾਂਦੀ ਹੈ, ਜਿੱਥੇ ਬੱਚੇ ਗਲਤ ਹੋਣ ਮਾਂ ਬਾਪ ਨੂੰ ਉੱਥੇ ਹੀ ਝਿੜਕਣਾ ਚਾਹੀਦਾ ਹੈ।

ਜਿੰਨੀ ਅੱਜ ਵਿਗਿਆਨ ਨੇ ਤਰੱਕੀ ਕਰ ਲਈ ਹੈ, ਅੱਜ ਇਨਸਾਨ ਨੇ ਆਪਣਾ ਬਹੁਤ ਕੁੱਝ ਵੀ ਗਵਾ ਲਿਆ ਹੈ। ਸਮਾਂ ਕਿਸੇ ਕੋਲ ਨਹੀਂ ਹੈ। ਰਹਿੰਦੀ ਕਸਰ ਮੋਬਾਈਲਾਂ ਨੇ ਪੂਰੀ ਕਰ ਦਿੱਤੀ ਹੈ। ਬੱਚਿਆਂ ਨੇ ਮੋਬਾਇਲ ਨੂੰ ਆਪਣਾ ਆਧਾਰ ਬਣਾ ਲਿਆ ਹੈ। ਦੁੱਖ ਦਰਦ ਵੰਡਾਉਣ ਲਈ ਸਮਾਂ ਹੀ ਨਹੀਂ ਹੈ। ਚੋਰੀਆਂ, ਠੱਗੀਆਂ, ਝੂਠ ਤੂਫ਼ਾਨ ਦਾ ਬਹੁਤ ਜ਼ਿਆਦਾ ਬੋਲ ਬਾਲਾ ਹੈ। ਮੈਦਾਨ ਵਿਚ ਜਾ ਕੇ ਖੇਡਣਾ ਸ਼ਾਮ ਨੂੰ ਖਤਮ ਹੁੰਦਾ ਜਾ ਰਿਹਾ ਹੈ। ਕਸਰਤ, ਸੈਰ ਲਈ ਸਮਾਂ ਹੀ ਨਹੀਂ ਹੈ।

ਇੱਕ ਸੱਚੇ ਸੁੱਚੇ ਨਰੋਏ ਸਮਾਜ ਲਈ ਹਮੇਸ਼ਾ ਆਪਣਾ ਆਚਰਣ ਵਧੀਆ ਰੱਖੋ, ਸੱਚ ਬੋਲੋ, ਘਰ ਆਏ ਮਹਿਮਾਨ ਦਾ ਸਤਿਕਾਰ ਕਰੋ, ਬਾਹਰ ਜਦੋਂ ਜਾ ਰਹੇ ਹੋ, ਲੋਕਾਂ ਦੀਆਂ ਧੀਆਂ ਭੈਣਾਂ ਨੂੰ ਗਲਤ ਨਜ਼ਰ ਨਾਲ ਨਾ ਦੇਖੋ। ਸਭ ਦੀ ਇੱਜ਼ਤ ਕਰੋ, ਨਸ਼ੇ ਤੋਂ ਦੂਰੀ ਬਣਾ ਕੇ ਰੱਖੋ, ਕਲੱਬਾਂ ਵਿਚ ਜਾ ਕੇ ਕੋਈ ਗਲਤ ਨਸ਼ਾ ਨਾ ਕਰੋ। ਧਨ ਦੌਲਤ ਦੀ ਸੁਚੱਜੀ ਵਰਤੋਂ ਕਰੋ। ਸਾਨੂੰ ਸਾਰਿਆਂ ਨੂੰ ਹੀ ਨੈਤਿਕਤਾ ਦਾ ਪੱਲਾ ਫੜਨਾ ਚਾਹੀਦਾ ਹੈ। ਸੰਸਕਾਰ ਸਾਡੇ ਜੀਵਨ ਸ਼ੈਲੀ ਦਾ ਹਿੱਸਾ ਹਨ। ਵਿਦਿਅਕ ਸੰਸਥਾਵਾਂ ਦੇ ਅੰਦਰ ਇੱਕ ਢੁਕਵਾਂ ਮਾਹੌਲ ਸਿਰਜਣਾ ਚਾਹੀਦਾ ਹੈ। ਇਹ ਸੰਸਕਾਰ ਹੀ ਹਨ ਜਿਨ੍ਹਾਂ ਦੀ ਬਦੌਲਤ ਬੱਚਾ ਮਾਂ-ਬਾਪ ਤੇ ਸਮਾਜ ਨੂੰ ਅੱਗੇ ਤੱਕ ਲੈ ਕੇ ਜਾਂਦਾ ਹੈ। ਅੱਜ ਇਨ੍ਹਾਂ ਸੰਸਕਾਰਾਂ ਦੀ ਬੇਹੱਦ ਕਮੀ ਮਹਿਸੂਸ ਹੋ ਰਹੀ ਹੈ।

*-ਸੰਜੀਵ ਸਿੰਘ ਸੈਣੀ*
*ਫੋਨ: 78889-66168*

# ਗੀਤ ਸੰਗੀਤ ਦੀ ਵਿਰਾਸਤ ਦੇ ਖ਼ਜਾਨੇ ਦਾ ਪਹਿਰੇਦਾਰ: ਨਰਾਤਾ ਸਿੰਘ ਸਿੱਧੂ



ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਗ਼ਰੀਬੀ, ਦੁੱਖ-ਸੁੱਖ, ਉਮਰ ਅਤੇ ਸਮਾਜਿਕ ਅੜਚਣਾ ਸ਼ੌਕ ਦਾ ਰਾਹ ਨਹੀਂ ਰੋਕ ਸਕਦੀਆਂ, ਕਿਉਂਕਿ ਸ਼ੌਕ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਵਧਾਉਂਦਾ, ਨਿਖਾਰ ਲਿਆਉਂਦਾ ਤੇ ਜ਼ਿੰਦਗੀ ਜਿਓਣ ਦਾ ਸਰਵੋਤਮ ਢੰਗ ਬਣਦਾ ਹੈ। ਅਜਿਹਾ ਇੱਕ ਵਿਅਕਤੀ ਹੈ, ਨਰਾਤਾ ਸਿੰਘ ਸਿੱਧੂ ਜਿਹੜਾ ਗੀਤ ਸੰਗੀਤ ਦੇ ਸ਼ੌਕ ਦੇ ਸਹਾਰੇ ਜ਼ਿੰਦਗੀ ਬਤੀਤ ਕਰ ਰਿਹਾ ਹੈ। ਉਸਦਾ ਸ਼ੌਕ 90 ਸਾਲ ਦੀ ਉਮਰ ਵਿੱਚ ਵੀ ਬਰਕਰਾਰ ਹੈ। ਉਸਦਾ ਸ਼ੌਕ

**ਉਜਾਗਰ ਸਿੰਘ**

ਸੰਗੀਤ ਦਾ ਆਨੰਦ ਮਾਨਣਾਂ ਹੈ, ਇਸ ਮੰਤਵ ਲਈ ਉਸ ਕੋਲ ਸੰਗੀਤਕ ਸਾਜ਼ਾਂ ਦਾ ਖ਼ਜਾਨਾ ਹੈ। ਉਸਦੀ ਉਮਰ ਤੋਂ ਵੀ ਪੁਰਾਣੇ ਤਵੇ, ਕੈਸਟਾਂ ਅਤੇ ਹੋਰ ਹਰ ਕਿਸਮ ਦੇ ਸੰਗੀਤ ਨਾਲ ਸੰਬੰਧਤ ਸਾਜ਼ੋ ਸਾਮਾਨ ਉਸਦੇ ਆਪਣੇ ਘਰ ਦੇ ਸੰਗ੍ਰਹਿਯਾਲਾ ਵਿੱਚ ਮੌਜੂਦ ਹੈ। ਜਿਹੜਾ ਵੀ ਗੀਤ ਸੰਗੀਤ ਉਸਨੂੰ ਸੁਣਨ ਦੀ ਚੇਸ਼ਟਾ ਹੁੰਦੀ ਹੈ, ਉਹ ਹੀ ਸੁਣ ਲੈਂਦਾ ਹੈ। ਉਸਨੇ ਆਪਣੇ ਘਰ ਵਿੱਚ ਇੱਕ ਕਮਰਾ ਅਜਿਹੇ ਸਾਜ਼ ਸਾਮਾਨ ਲਈ ਵੱਖਰਾ ਰੱਖਿਆ ਹੋਇਆ ਹੈ। ਨਰਾਤਾ ਸਿੰਘ ਸਿੱਧੂ ਕੋਲ 6500 ਤਵੇ ਅਤੇ ਐਲ. ਪੀ. ਹਨ, ਜਿਨ੍ਹਾਂ ਵਿੱਚ 300 ਪੱਥਰ ਦੇ ਤਵੇ ਹਨ। ਉਸ ਕੋਲ ਆਡੀਓ ਦੀ ਪੁਰਾਣੀ ਪ੍ਰਣਾਲੀ ਨਾਲ ਸੰਬੰਧਤ ਸਾਰੇ ਸਾਜ਼ ਮੌਜੂਦ ਹਨ। ਪੱਥਰ ਯੁੱਗ ਤੋਂ ਈ.ਪੀ., ਫਾਈਬਰ ਦੇ ਗੀਤ, ਕੈਸਟਾਂ, ਸੀ.ਡੀਜ਼, ਰੇਡੀਓ, ਟੇਪ ਰਿਕਾਰਡਰ ਆਦਿ ਸਾਰੇ ਉਸਨੇ ਸਾਂਭ ਕੇ ਰੱਖੇ ਹਨ। ਉਹ ਇਨ੍ਹਾਂ ਨੂੰ ਸੁਣਦੇ ਰਹਿੰਦੇ ਹਨ। ਪਾਕਿਸਤਾਨ ਦੀ ਗਾਇਕਾ ਮਲਕਾ ਪੁਖਰਾਜ ਦਾ 'ਅਭੀ ਤੋ ਮੈਂ ਜਵਾਂ ਹੂੰ' ਦਾ ਪੱਥਰ ਦਾ ਤਵਾ ਵੀ ਮੌਜੂਦ ਹੈ। ਇਸ ਤੋਂ ਇਲਾਵਾ 5 ਗ੍ਰਾਮੋਫ਼ੋਨ, ਇੱਕ ਥਰੀ-ਇਨ-ਵਨ ਜਾਪਾਨ ਦਾ ਬਣਿਆਂ ਗ੍ਰਾਮੋਫ਼ੋਨ ਵੀ ਹੈ, ਜਿਸ ਵਿੱਚ ਤਵਾ ਪਾ ਕੇ ਚਲਾਇਆ ਜਾ ਸਕਦਾ, ਟੇਪ ਰਿਕਾਰਡਰ ਅਤੇ ਰੇਡੀਓ ਵੀ ਹੈ, ਜੋ ਅਜੇ ਵੀ ਚਲਦੇ ਹਨ ਅਤੇ ਇੱਕ ਦਰਜਨ ਫਿਲਿਪਸ ਦੇ ਪੁਰਾਣੇ ਰੇਡੀਓ ਵੀ ਹਨ। ਉਸਦੇ ਇਸ ਸੰਗ੍ਰਹਿ ਵਿੱਚ ਪੰਜਾਬੀ, ਹਿੰਦੀ ਤੇ ਉਰਦੂ ਦੇ ਗਾਣੇ ਜਿਨ੍ਹਾਂ ਵਿੱਚ, ਰੋਟੀ ਲੈ ਜਾ ਬਾਪੂ ਦੀ : ਚਾਂਦੀ ਰਾਮ ਤੇ ਸ਼ਾਂਤੀ, ਐ ਮੁਹੱਬਤ ਤੇਰੇ ਅੰਜਾਮ ਪੇ ਰੋਣਾ ਆਇਆ : ਬੇਗ਼ਮ ਅਖ਼ਤਰ, ਦਮੜੀ ਦਾ ਸੱਕ ਮਲਕੇ ਮੁੰਡਾ ਮੋਹ ਲਿਆ ਤਵੀਤਾਂ ਵਾਲਾ : ਲਤਾ ਮੰਗੇਸ਼ਕਰ, ਗੱਲ ਸੋਚਕੇ ਕਰੀਂ ਤੂੰ ਜ਼ੈਲਦਾਰਾ ਅਸੀਂ ਨਹੀਉਂ ਕਲੌੜ ਝੱਲਣੀ : ਨਰਿੰਦਰ ਬੀਬਾ, ਰਤਨ ਫ਼ਿਲਮ ਦਾ ਗਾਣਾ : ਓਹ ਜਾਨੇ ਵਾਲੇ ਬਾਲਮਾ ਲੌਟ ਕੇ ਆ : ਅਮੀਰਾ ਬਾਈ, ਆਂਧੀਆਂ ਗ਼ਮ ਕੀ ਯੂੰ ਚਲੀਂ ਬਾਗ ਉਜੜਕੇ ਰਹਿ ਗਿਆ : ਨੂਰ ਜਹਾਂ, ਬੁੜਾ ਮਾਰਦਾ ਫਰਾਟੇ : ਪ੍ਰੋਮਿਲਾ ਪੋਹਲੀ ਤੇ ਗੁਰਚਰਨ ਸਿੰਘ ਪੋਹਲੀ ਦੀ ਜੋੜੀ, ਲੌਂਗ ਦਾ ਲਿਸ਼ਕਾਰਾ : ਚਿਤਰਾ ਸਿੰਘ, ਘੁੱਗੀਆਂ ਦਾ ਜੋੜਾ : ਪ੍ਰੀਤੀ ਬਾਲਾ ਤੇ ਉਂਕਾਰ ਸਿੰਘ ਰਾਣਾ ਦੀ ਜੋੜੀ ਦਾ ਗਾਇਆ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਸਵਰਨ ਲਤਾ, ਮੁਹੰਮਦ ਸਦੀਕ, ਰਣਜੀਤ ਕੌਰ, ਸੀਮਾ, ਹਰਚਰਨ ਗਰੇਵਾਲ, ਕਰਨੈਲ ਗਿੱਲ, ਆਲਮ ਲੁਹਾਰ ਅਤੇ ਨੂਰ ਜਹਾਂ ਦੇ ਪੰਜਾਬੀ ਗਾਣਿਆਂ ਦੇ ਐਲ.ਪੀ.ਸੰਭਾਲੇ ਪਏ ਹਨ। ਇਨ੍ਹਾਂ ਵਿੱਚ ਧਾਰਮਿਕ ਕੈਸਟਾਂ, ਤਵੇ ਅਤੇ ਟੇਪਾਂ ਵੀ ਸ਼ਾਮਲ ਹਨ। ਪੰਜਾਬੀ ਸੁਪ੍ਰਿਸਿੱਧ ਰਾਗੀਆਂ, ਢਾਡੀਆਂ, ਕੀਰਤਨੀਆਂ ਦੇ ਸ਼ਬਦ ਕੈਸਟਾਂ, ਤਵਿਆਂ ਅਤੇ ਟੇਪਾਂ ਵਿੱਚ ਮੌਜੂਦ ਹਨ। ਸੁਖਮਣੀ ਸਾਹਿਬ, ਜਪੁਜੀ ਸਾਹਿਬ ਅਤੇ ਧਾਰਮਿਕ ਕਥਾ ਵਾਚਕਾਂ ਦੇ ਵੀ ਰਿਕਾਰਡ ਸਾਂਭ ਕੇ ਰੱਖੇ ਹੋਏ ਹਨ। ਉਸ ਕੋਲ ਅਜਿਹਾ ਦੁਰਲਭ ਸਾਮਾਨ ਹੈ, ਜਿਹੜਾ ਅੱਜ ਕਲ੍ਹ ਮਿਲਦਾ ਹੀ ਨਹੀਂ। ਜਰਮਨ ਦਾ ਬਣਿਆਂ ਮਿੱਟੀ ਦੇ ਤੇਲ ਵਾਲਾ ਸਟੋਵ ਅਤੇ ਇੱਕ ਪ੍ਰੈਸ ਵੀ ਉਸ ਕੋਲ ਹੈ। ਰੇਡੀਓ ਤੋਂ ਅਜੇ ਵੀ ਉਹ ਗੀਤ ਸੰਗੀਤ ਦੇ ਪ੍ਰੋਗਰਾਮਾ ਦਾ ਆਨੰਦ ਮਾਣਦਾ ਰਹਿੰਦਾ ਹੈ। ਉਹ ਪੁਰਾਤਨ ਸੰਗੀਤ ਸੁਣਕੇ ਹੀ ਖ਼ੁਸ਼ ਹੁੰਦਾ ਹੈ। ਆਧੁਨਿਕ ਪੌਪ ਗੀਤ ਸੰਗੀਤ ਨੂੰ ਨਹੀਂ ਸੁਣਦਾ। ਪੰਜਾਬੀ ਸਭਿਅਚਾਰ ਦੀ ਵਿਰਾਸਤ ਬਹੁਤ ਅਮੀਰ ਹੈ। ਖਾਸ ਤੌਰ 'ਤੇ ਗੀਤ ਸੰਗੀਤ , ਰਹਿਣੀ ਸਹਿਣੀ, ਪਹਿਰਾਵਾ ਤੇ ਵਿਵਹਾਰ ਆਦਿ। ਗੁਰਬਾਣੀ ਵਿੱਚ ਰਾਗਾਂ ਦੀ ਵਰਤੋਂ ਅਤੇ ਕਲਾਸਿਕ ਸਾਜ਼ ਪੰਜਾਬੀ ਸਭਿਅਚਾਰ ਦੀ ਵਿਰਾਸਤ ਦਾ ਕੀਮਤੀ ਖ਼ਜਾਨਾ ਹਨ। ਇਸ ਵਿਰਾਸਤ ਨੂੰ ਸਦੀਵੀ ਰੱਖਣ ਲਈ ਇਸਦੇ ਪਹਿਰੇਦਾਰ ਬਣਨਾ ਅਤਿਅੰਤ ਜ਼ਰੂਰੀ ਹੈ। ਸੰਗੀਤ ਰੂਹ ਦੀ ਖ਼ੁਰਾਕ ਹੁੰਦਾ ਹੈ। ਸੰਗੀਤ ਇਨਸਾਨ ਦੇ ਸਰੀਰ ਅਤੇ ਮਨ ਵਿੱਚ ਸਰਸਰਾਹਟ ਪੈਦਾ ਕਰ ਦਿੰਦਾ ਹੈ। ਸੰਗੀਤ ਜ਼ਿੰਦਗੀ ਜਿਓਣ ਦਾ ਬਿਹਤਰੀਨ ਢੰਗ ਹੈ। ਹਰ ਸਮੱਸਿਆ ਅਤੇ ਮਾਨਸਿਕ ਖਿਚੋਤਾਣ ਨੂੰ ਸੰਤੁਲਨ ਕਰਨ ਲਈ ਲਾਭਦਾਇਕ ਹੁੰਦਾ ਹੈ। ਸੰਗੀਤ ਸੁਣਨ ਨਾਲ ਮਾਨਿਸਿਕ ਸੰਤੁਸ਼ਟੀ ਹੁੰਦੀ ਹੈ। ਨਰਾਤਾ ਸਿੰਘ ਸਿੱਧੂ ਇੱਕ ਅਜਿਹਾ ਸੰਗੀਤ ਪ੍ਰੇਮੀ ਹੈ, ਜਿਹੜਾ ਸਿਰਫ ਤੇ ਸਿਰਫ਼ ਸੰਗੀਤ ਦੇ ਸਹਾਰੇ ਹੀ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਹੈ। ਪਤਨੀ ਸਵਰਗਵਾਸ ਹੋ ਗਈ ਹੈ। ਲੜਕੀ ਕੈਨੇਡਾ ਵਿੱਚ ਰਹਿੰਦੀ ਹੈ। ਇਕੱਲਤਾ ਦਾ ਸਹਾਰਾ ਗੀਤ ਸੰਗੀਤ ਬਣਦਾ ਹੈ। ਮਹਿਜ ਨੌਂ ਸਾਲ ਦੀ ਉਮਰ ਵਿੱਚ ਉਸਨੂੰ ਗਾਇਕੀ ਨਾਲ ਪਿਆਰ ਪੈਦਾ ਹੋ ਗਿਆ ਸੀ, ਜਦੋਂ ਅਜੇ ਉਹ ਤੀਜੀ ਕਲਾਸ ਵਿੱਚ ਹੀ ਪੜ੍ਹਦਾ ਸੀ। ਫਿਰ ਉਸਨੇ ਸਕੂਲ ਵਿੱਚ ਹੀ ਗੀਤ ਅਤੇ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਦਿਨ ਤੇ ਅੱਜ 90 ਸਾਲ ਦੀ ਉਮਰ ਵਿੱਚ ਵੀ ਉਸਦਾ ਗੀਤ ਸੰਗੀਤ ਦਾ ਸ਼ੌਕ ਬਰਕਰਾਰ ਹੈ। ਉਸ ਕੋਲ ਸੰਗੀਤ ਦੇ ਸਾਜ਼ਾਂ ਦਾ ਸੰਗ੍ਰਹਿ ਅਰਥਾਤ ਖ਼ਜਾਨਾ ਹੈ। ਇੱਕ ਕਿਸਮ ਨਾਲ ਉਸਦਾ ਘਰ ਅਜਾਇਬ ਘਰ ਦੀ ਤਰ੍ਹਾਂ ਹੀ ਹੈ। ਉਸ ਕੋਲ ਜਿਤਨੇ ਵੀ ਸੰਗੀਤ ਦੇ ਸਾਜ਼ ਪਏ ਹਨ, ਭਾਵੇਂ ਉਹ ਸੌ ਸਾਲ ਤੋਂ ਵੀ ਪੁਰਾਣੇ ਹਨ, ਪ੍ਰੰਤੂ ਸਾਰੇ ਚਲਦੇ ਹਨ। ਪੁਰਾਣੇ ਅਤੇ ਅਜੋਕੇ ਆਧੁਨਿਕ ਸੰਗੀਤ ਦਾ ਜ਼ਮੀਨ ਅਸਮਾਨ ਦਾ ਅੰਤਰ ਹੈ। ਪੁਰਾਣਾ ਗੀਤ ਸੰਗੀਤ ਸਹਿਜਤਾ ਅਤੇ ਸ਼ਾਂਤੀ ਦਾ ਪ੍ਰਤੀਕ ਹੁੰਦਾ ਸੀ, ਸਕੂਨ ਪ੍ਰਦਾਨ ਕਰਦਾ ਸੀ। ਆਧੁਨਿਕ ਪੌਪ ਗੀਤ ਸੰਗੀਤ ਦੀ ਆਵਾਜ਼ ਬਹੁਤ ਜ਼ਿਆਦਾ ਹੁੰਦੀ ਹੈ, ਜਿਹੜਾ ਰੂਹ ਦੀ ਖ਼ਰਾਕ ਦੇਣ ਦੀ ਥਾਂ ਰੂਹ ਨੂੰ ਕੰਬਾ ਦਿੰਦਾ ਹੈ। ਨਰਾਤਾ ਸਿੰਘ ਦਾ ਗੀਤ ਸੰਗੀਤ ਦੇ ਸਾਜ਼ਾਂ ਦਾ ਖ਼ਜ਼ਾਨਾ ਆਤਮਿਕ ਸੰਤੁਸ਼ਟੀ ਦਿੰਦਾ ਹੈ। ਸੰਗੀਤ ਦੇ ਸਾਜ਼ਾਂ ਦਾ ਖ਼ਜਾਨਾ ਨਰਾਤਾ ਸਿੰਘ ਸਿੱਧੂ ਨੇ ਆਪਣੀ ਤਨਖ਼ਾਹ ਵਿੱਚੋਂ ਖ਼੍ਰੀਦਿਆ ਹੋਇਆ ਹੈ, ਪਰਿਵਾਰ ਦੇ ਗੁਜ਼ਾਰੇ ਨੂੰ ਉਹ ਘੱਟ ਤੋਂ ਘੱਟ ਖ਼ਰਚੇ ਨਾਲ ਪੂਰਾ ਕਰਦਾ ਸੀ, ਪ੍ਰੰਤੂ ਬਾਕੀ ਤਨਖ਼ਾਹ ਕਿਸੇ ਐਸ਼ ਆਰਾਮ ਦੇ ਸਾਮਾਨ ਲਈ ਨਹੀਂ, ਸਗੋਂ ਸਿਰਫ਼ ਇਹ ਸਾਜ਼ ਖ਼੍ਰੀਦਣ ਲਈ ਵਰਤਦਾ ਸੀ। ਬਹੁਤ ਸਾਰੇ ਪੁਰਾਣੇ ਗੀਤਾਂ ਦੇ ਸ਼ੌਕੀਨ ਸੰਗਤ ਪ੍ਰੇਮੀਆਂ ਨੇ ਉਸ ਕੋਲ ਇਨ੍ਹਾਂ ਨੂੰ ਮੂੰਹ ਮੰਗਿਆ ਮੁੱਲ ਦੇ ਕੇ ਖ਼੍ਰੀਦਣ ਦੀ ਪੇਸ਼ਕਸ਼ ਕੀਤੀ ਸੀ, ਪ੍ਰੰਤੂ ਨਰਾਤਾ ਸਿੰਘ ਸਿੱਧੂ ਨੇ ਵੇਚਣ ਤੋਂ ਇਨਕਾਰ ਕਰ ਦਿੱਤਾ। ਸਕੂਲ ਵਿੱਚ ਪੜ੍ਹਦਿਆਂ ਹੀ ਨਰਾਤਾ ਸਿੰਘ ਸਿੱਧੂ ਨੇ ਗੀਤ ਸੰਗੀਤ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਸਕੂਲ ਦੇ ਸਭਿਆਚਾਰਕ ਪ੍ਰੋਗਰਾਮਾ ਵਿੱਚ ਉਹ ਗੀਤ ਗਾਉਂਦਾ ਹੁੰਦਾ ਸੀ। ਉਨ੍ਹਾਂ ਦਿਨਾ ਵਿੱਚ ਰੇਡੀਓ ਹੀ ਗੀਤ ਸੰਗੀਤ ਦਾ ਸਾਧਨ ਸੀ। ਉਹ ਰੇਡੀਓ 'ਤੇ ਗੀਤ ਸੰਗੀਤ ਦਾ ਪ੍ਰੋਗਰਾਮ ਸੁਣਨ ਦਾ ਸ਼ੌਕੀਨ ਸੀ, ਪ੍ਰੰਤੂ ਉਸਦੇ ਘਰ ਰੇਡੀਓ ਨਹੀਂ ਸੀ, ਇਸ ਲਈ ਉਹ ਲੋਕਾਂ ਦੇ ਘਰ ਜਾ ਕੇ ਰੇਡੀਓ ਸੁਣਦਾ ਰਹਿੰਦਾ ਸੀ। ਸਕੂਲ ਦੇ ਅਧਿਆਪਕ ਆਰ.ਕੇ.ਮਧਾਨ ਨੇ ਨਰਾਤਾ ਸਿੰਘ ਸਿੱਧੂ ਦੀ ਗੀਤ ਸੰਗੀਤ ਦੀ ਰੁਚੀ ਨੂੰ ਪਛਾਣਦਿਆਂ ਉਸ ਵਲ ਵਿਸ਼ੇਸ਼ ਧਿਆਨ ਦੇ ਕੇ ਅਗਵਾਈ ਦੇਣੀ ਸ਼ੁਰੂ ਕਰ ਦਿੱਤੀ। ਫਿਰ ਨਰਾਤਾ ਸਿੰਘ ਸਿੱਧੂ ਨੇ ਬਰਨਾਲਾ ਦੇ ਪ੍ਰਸਿੱਧ ਕਥਾ ਵਾਚਕ ਰਾਮ ਸਰੂਪ ਪਾਂਧਾ ਦੀ ਸੰਗਤ ਕਰਕੇ ਉਸਤੋਂ ਸਿੱਖਿਆ ਲੈਣੀ ਸ਼ੁਰੂ ਕੀਤੀ। ਨਰਾਤਾ ਸਿੰਘ ਸਿੱਧੂ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਸੰਗਰੂਰ ਵਿੱਚ 6 ਅਕਤੂਬਰ 1961 ਨੂੰ ਕਲਾਕਾਰ ਲੱਗ ਗਿਆ। ਗੁਰਦੇਵ ਸਿੰਘ ਮਾਨ ਡਰਾਮਾ ਇਨਸਪੈਕਟਰ ਸੀ। ਗੁਰਦੇਵ ਸਿੰਘ ਮਾਨ ਨੇ ਇੱਕ ਨਾਟਕ 'ਪੱਗੜੀ ਸੰਭਾਲ ਜੱਟਾ' ਖੇਡਿਆ ਨਰਾਤਾ ਸਿੰਘ ਸਿੱਧੂ ਨੇ ਉਸ ਨਾਟਕ ਦੇ ਹੀਰੋ ਦੀ ਅਦਾਕਾਰੀ ਕੀਤੀ। ਉਸਨੇ ਮੁਹੰਮਦ ਸਦੀਕ, ਹਰਚਰਨ ਗਰੇਵਾਲ, ਕਰਨੈਲ ਗਿੱਲ ਅਤੇ ਸੀਮਾ ਵਰਗੇ ਗਾਇਕਾਂ ਨਾਲ ਗੀਤ ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ। ਲੋਕ ਸੰਪਰਕ ਵਿਭਾਗ ਨੇ ਜਦੋਂ ਰੋਸ਼ਨੀ ਤੇ ਆਵਾਜ਼ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਨਰਾਤਾ ਸਿੰਘ ਸਿੱਧੂ ਚਾਰ ਦਿਨ ਸ੍ਰੀ ਹਜ਼ੂਰ ਸਾਹਿਬ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਗਏ। ਇਸ ਤੋਂ ਇਲਾਵਾ ਸਭਿਅਚਾਰਕ ਟਰੂਪ ਦਿੱਲੀ ਟਰੇਡ ਫ਼ੇਅਰ ਤੇ ਵੀ ਉਹ ਲੈ ਕੇ ਜਾਂਦੇ ਰਹੇ। 31 ਅਕਤੂਬਰ 1995 ਨੂੰ ਉਹ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ।

ਨਰਾਤਾ ਸਿੰਘ ਸਿੱਧੂ ਦਾ ਜਨਮ 6 ਅਕਤੂਬਰ 1937 ਨੂੰ ਪਿਤਾ ਬਸੰਤ ਦਾਸ ਮਾਤਾ ਪ੍ਰਸਿੰਨ ਕੌਰ ਦੀ ਕੁੱਖੋਂ ਬਰਨਾਲਾ ਵਿਖੇ ਹੋਇਆ। ਉਸਨੇ ਦਸਵੀਂ ਤੱਕ ਦੀ ਪੜ੍ਹਾਈ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਫਿਰ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਦਸਵੀਂ ਪਾਸ ਕੀਤੀ। ਨਰਾਤਾ ਸਿੰਘ ਦਾ ਵਿਆਹ ਨਸੀਬ ਕੌਰ ਨਾਲ ਹੋਇਆ। ਉਨ੍ਹਾਂ ਦੀ ਇੱਕ ਲੜਕੀ ਇੰਦਰਜੀਤ ਕੌਰ ਹੈ ਜੋ ਕੈਨੇਡਾ ਵਿਖੇ ਰਹਿ ਰਹੀ ਹੈ। **ਸੰਪਰਕ :** ਨਰਾਤਾ ਸਿੰਘ ਸਿੱਧੂ : 9417423728

ujagarsingh48@yahoo.com



*ਜਾਪਾਨੀ ਗ੍ਰਾਮੋਫ਼ੋਨ ਥਰੀ ਇਨ ਵਨ*

**ਕਲਾ ਪਰਿਕਰਮਾ**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਕਤੂਬਰ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-710



***ਦੇਖਿਆ ਅਜ਼ਮਾ ਕੇ ਬੜਾ ਹੜ੍ਹਾਂ ਦਿਆਂ ਪਾਣੀਆਂ,***
***ਉਜਾੜਿਆ ਪੰਜਾਬ ਦੇਸ ਲੋਕ ਕਰਦੇ ਕਹਾਣੀਆਂ।***
***ਵਹਿ ਗਏ ਮਾਲ ਡੰਗਰ, ਸ਼ਹਿਰ, ਪਿੰਡ, ਢਾਣੀਆਂ,***
***ਕਿਰਤ ਕਰੋ, ਵੰਡ ਛਕੋ ਗੁਰਾਂ ਸੱਚ ਵਿਖਾਉਣੀਆਂ।***

### ਕੈਪਸ਼ਨ ਮੁਕਾਬਲਾ-708



ਉੱਤੇ ਦੇ ਸਾਹ ਉੱਤੇ ਅਟਕ ਗਏ,
ਵਿਚ ਮੁਸੀਬਤ ਘਿਰੀ ਬਿਚਾਰੀ,
ਮਮਤਾ ਨੂੰ ਸੀਨੇ ਲਾ ਠੇਲ੍ਹ ਪਈ,
ਡਾਢੀ ਇਹ ਕਿਸਮਤ ਦੀ ਮਾਰੀ।
ਪਾਣੀ ਚੜ੍ਹ ਆਇਆ ਮੋਢੇ ਮੋਢੇ,
ਜਾਪਦੈ ਪਲ ਪਲ ਕਰੂ ਖੁਆਰੀ,
ਜਾਨ ਬਚਾ ਦੇ ਹੇ ਦਾਤਾ ਅੱਜ ਤੂੰ,
ਕਰੇ ਅਰਜ਼ੋਈ ਮਨ ਦੁਖਿਆਰੀ।
*-ਸੇਵਾ ਸਿੰਘ 'ਨੂਰਪੁਰੀ'*

---

ਅਚਾਨਕ ਬਿਪਤਾ ਪੈ ਗਈ ਭਾਰੀ
ਕੁਦਰਤ ਨੇ ਹੈ ਕਹਿਰ ਕਮਾਇਆ।
ਨਿੱਕ ਸੁੱਕ ਜਿਹੜਾ ਹੱਥ ਲੱਗਿਆ
ਉਹ ਸਿਰ ਦੇ ਉੱਪਰ ਟਿਕਾਇਆ।
ਰੋਂਦੀ ਕੁਰਲਾਉਂਦੀ ਘਰੋਂ ਚੱਲ ਪਈ
ਦਿਲ ਦਾ ਟੋਟਾ ਹਿੱਕ ਨਾਲ ਲਾਇਆ।
*-ਜਗਮੀਤ ਸਿੰਘ ਪੰਧੇਰ*
*ਫੋਨ:+1 403 439 20008*

ਦਰਦ ਹੈ ਉਸੇ ਨੂੰ ਪੁੱਤ ਦਾ
ਜਿਸ ਜਨਮਿਆ ਪੇਟੋਂ।
ਘਿਰ ਗਈ ਪਾਣੀ 'ਚ
ਵਧ ਹੀ ਰਿਹਾ ਜੋਖਮ ਅੱਗੇ
ਡੁੱਬਣਾ, ਮਰਨਾ, ਮੌਤ ਅਟੱਲ ਦਿਸਦੀ।
ਸਹਾਰਾ, ਵਿਸ਼ਵਾਸ ਲਿਆ ਅੱਗੇ
ਧਿਆ ਧਿਆ ਸੋਚੀਂ ਕਰ ਮਨ ਕਰੜਾ
ਭੈਅ ਸਾਗਰ ਕਿੰਝ ਪਾਰ ਕੀਤਾ
ਹਥਿਆਰ ਉਹੀ ਜੋ ਮੌਕੇ 'ਤੇ ਕੰਮ ਆਵੇ।
*-ਦਰਸ਼ਨ ਪਾਲ ਦੋਸਾਂਝ*

## ਜੰਗ...

ਜਹਾਨ ਦੇ ਹਰ ਕੋਨੇ ਵਿੱਚ...
ਕੁਝ ਲੋਕ ਜੰਗ ਕਰਾ ਰਹੇ ਹਨ
ਕੁਝ ਲੋਕ ਜੰਗ ਕਰ ਰਹੇ ਹਨ
ਕੁਝ ਲੋਕ ਜੰਗ ਜਿੱਤ ਰਹੇ
ਕੁਝ ਲੋਕ ਜੰਗ ਹਾਰ ਰਹੇ ਹਨ
ਆਮ ਲੋਕ ਜੰਗ ਨਾਲ ਮਰ ਰਹੇ ਹਨ।

ਅਜੋਕੇ ਵਕਤ 'ਚ
ਧਰਮ ਪਸਰ ਰਿਹਾ ਹੈ
ਮਜ਼ਹਬ ਵੱਧ ਫੁੱਲ ਰਿਹਾ ਹੈ
ਹਰ ਬੰਦਾ ਸੂਝਵਾਨ ਬਣ ਰਿਹਾ ਹੈ
ਫਿਰ ਵੀ ਇਨਸਾਨੀਅਤ ਮਰ ਰਹੀ ਹੈ।
ਹਸਪਤਾਲ ਬਣ ਰਹੇ ਹਨ
ਦਵਾ ਦਾਰੂ ਵੱਧ ਰਹੇ ਹਨ
ਇਲਾਜ ਵੱਧ ਫੁੱਲ ਰਹੇ ਹਨ
ਡਾਕਟਰ ਮਾਹਰ ਹੋ ਰਹੇ ਹਨ
ਫਿਰ ਵੀ ਆਮ ਲੋਕ
ਇਲਾਜ ਦੁੱਖੋਂ ਮਰ ਰਹੇ ਹਨ।

ਕੋਈ ਵੀ...
ਸੋਚ, ਧਰਮ, ਕਰਮ, ਰੀਤੀ ਜਾਂ ਰਿਵਾਜ
ਇਨਸਾਨ ਨੂੰ ਇਨਸਾਨ ਨਾਲ਼ੋਂ ਤੋੜਦਾ ਹੈ
ਤੋੜਨ ਦਾ ਸੁਨੇਹਾ ਦੇਂਦਾ ਹੈ ਤਾਂ ਇਨਸਾਨ ਨੂੰ
ਖ਼ੁਦ ਬ ਖ਼ੁਦ ਉਸ ਨਾਲੋਂ
ਨਾਤਾ ਤੋੜ ਲੈਣਾ ਚਾਹੀਦਾ ਹੈ।
*-ਕੁਲਵਿੰਦਰ ਬਾਠ*

# ਪੰਜ ਆਬ ਬਨਾਮ ਮਿੱਤਰ ਪਿਆਰੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਬੱਦਲਾਂ ਦਾ ਫਟਣਾ ਤੇ ਹੜ੍ਹਾਂ ਦਾ ਕਹਿਰ ਥੰਮ੍ਹਣ ਦਾ ਨਾਂ ਨਹੀਂ ਲੈ ਰਿਹਾ। ਇਹ ਕੁਦਰਤੀ ਆਫਤਾਂ ਹਿਮਾਚਲ, ਹਰਿਆਣਾ ਤੇ ਪੰਜਾਬ ਵਿਚੋਂ ਹੁੰਦੀਆਂ ਹੋਈਆਂ ਉਤਰਾਖੰਡ ਪਹੁੰਚ ਗਈਆਂ ਹਨ। ਦੇਸ਼ ਵੰਡ ਦੇ ਦਿਨਾਂ ਵਿਚ ਇਹੋ ਜਿਹੇ ਹੜ੍ਹਾਂ ਨੇ ਕਰਤਾਰ ਸਿੰਘ ਚਰਖਾ ਨਾਂ ਦੇ ਕਵੀਸ਼ਰ ਤੋਂ ਹੇਠ ਲਿਖੇ ਬੋਲ ਲਿਖਵਾਏ ਤੇ ਬੁਲਵਾਏ ਸਨ।

ਕੰਧਾਂ ਕੋਠੇ ਸਾਰੇ ਹਿੱਲ ਗਏ
ਲੱਗੀਆਂ ਸਾਉਣ ਦੀਆਂ ਝੜੀਆਂ
ਗਲੀਆਂ 'ਚ ਗੋਹਾ ਤਰਦਾ
ਕੱਠੀਆਂ ਹੋ ਕੇ ਗਵਾਂਢਣਾ ਲੜੀਆਂ।

ਤਿੰਨ-ਚਾਰ ਸਾਲ ਸੀਮਾ ਪਾਰ ਤੋਂ ਆਏ ਸ਼ਰਨਾਰਥੀ ਆਪੋ ਆਪਣੇ ਕੈਂਪਾਂ ਵਿਚ ਹੀ ਖਾਂਦੇ, ਪੀਂਦੇ ਤੇ ਸੌਂਦੇ ਰਹੇ। ਅਜੋਕੇ ਜ਼ੀਰਕਪੁਰ ਨੇੜਲੇ ਘੱਗਰ (ਮੁਬਾਰਕਪੁਰ) ਵਾਲੇ ਕੈਂਪ ਵਿਚ ਝੰਗ ਤੋਂ ਆਈਆਂ ਮਹਿਲਾਵਾਂ ਨੂੰ ਧੋਤੀ ਟੂੰਗ ਕੇ ਨੰਗੇ ਪੈਰੀਂ ਕੰਮ ਕਰਦੀਆਂ ਮੈਂ ਦੇਖਦਾ ਰਿਹਾ ਹਾਂ। ਪਰ ਉਹ ਵਾਲਾ ਦ੍ਰਿਸ਼ ਅਜੋਕੇ ਕਹਿਰ ਤੋਂ ਬਹੁਤ ਘੱਟ ਸੀ। ਕਹਿੰਦੇ ਹਨ ਕਿ ਅੱਜ ਵਾਲਾ ਕਹਿਰ ਪਰਬਤਾਂ ਅਤੇ ਇਨ੍ਹਾਂ ਦੇ ਪੈਰਾਂ ਵਿਚ ਉੱਗੇ ਰੁੱਖਾਂ 'ਤੇ ਜੜੀ ਬੂਟੀਆਂ ਦੀ ਅੰਨ੍ਹੇਵਾਹ ਕਟਾਈ ਦਾ ਨਤੀਜਾ ਹੈ; ਜਾਂ ਫੇਰ ਦਰਿਆਵਾਂ ਦੇ ਕੁਦਰਤੀ ਵਹਿਣ ਨਾਲ ਕੀਤੀ ਮਾਨਵੀ ਛੇੜਛਾੜ ਦਾ। ਪਰਬਤ ਪਾੜ ਕੇ ਬਣਾਏ ਮਾਲ, ਰੈਸਟੋਰੈਂਟ ਤੇ ਰੈਣ ਬਸੇਰੇ ਅਤੇ ਕਈ-ਕਈ ਮਾਰਗਾਂ ਵਾਲੀਆਂ ਖੁੱਲ੍ਹੀਆਂ ਸੜਕਾਂ ਇਸਦਾ ਮੂਲ ਕਾਰਨ ਮੰਨੀਆਂ ਜਾਂਦੀਆਂ ਹਨ।

ਧਰਮ ਅਸਥਾਨਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਰਗੀਆਂ ਗੈਰ-ਸਰਕਾਰੀ ਜਥੇਬੰਦੀਆਂ ਤੇ ਸੰਸਥਾਵਾਂ ਟਰੱਕਾਂ ਵਿਚ ਰਾਸ਼ਨ-ਪਾਣੀ, ਵਸਤਰ ਤੇ ਦਵਾਈਆਂ ਲੈ ਕੇ ਪੀੜਤ ਪਰਿਵਾਰਾਂ ਦਾ ਦੁਖ ਵੰਡਾਉਣ ਨਿਕਲ ਤੁਰੀਆਂ ਤਾਂ ਗਵਾਂਢੀ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਆਪਣੇ ਮੰਤਰੀਆਂ ਨੂੰ ਮੌਕਾ ਵੇਖਣ ਦੇ ਵਸੀਲੇ ਜੁਟਾ ਦਿੱਤੇ ਹਨ। ਇੰਟਰਨੈੱਟ ਦੀ ਯੂ-ਟਿਯੂਬ ਦਾ ਜਾਣਿਆ-ਪਛਾਣਿਆ ਚਿਹਰਾ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਵੀ ਪ੍ਰਭਾਵਿਤ ਖੇਤਰਾਂ ਵਿਚ ਗੱਡੀ ਰੋਕ ਕੇ ਬਣਦੀਆਂ ਸਰਦੀਆਂ ਹਦਾਇਤਾਂ ਦੇ ਰਿਹਾ ਹੈ। ਦੁਬਈ ਵਿਚ ਵਡੇਰੇ ਪ੍ਰਾਜੈਕਟਾਂ ਨੂੰ ਹੱਥ ਪਾਉਣ ਵਾਲਾ ਐਸ.ਪੀ. ਸਿੰਘ ਓਬਰਾਏ 55 ਟਨ ਸੁੱਕਾ ਚਾਰਾ ਲੈ ਕੇ ਤਰਨਤਾਰਨ ਤੇ ਪੱਟੀ ਪਹੁੰਚਿਆ ਅਤੇ ਬੀ.ਐਸ.ਐਫ. ਦੀਆਂ 155 ਤੇ 99 ਬਟਾਲੀਅਨਾਂ ਦੀਆਂ 54 ਤੋਂ ਵੱਧ ਚੌਕੀਆਂ ਲਈ ਦੋ ਟਰੱਕ ਰਾਸ਼ਨ, ਵਸਤਰ ਤੇ ਦਵਾਈਆਂ ਹੁਸੈਨੀ ਵਾਲਾ ਬਾਰਡਰ ਤੱਕ



ਪੁਜਦੇ ਕੀਤੇ; ਖਾਸ ਕਰਕੇ ਬਲੀਚਿੰਗ ਪਾਊਡਰ, ਕਲੋਰੀਨ ਦੀਆਂ ਟੇਬਲੇਟਸ, ਕਾਰਬੌਨਿਕ ਐਸਿਡ, ਨਾਈਲੋਨ ਰੱਸੇ, ਪੀਣ ਵਾਲਾ ਪਾਣੀ, ਦਸਤਾਨੇ, ਡਰੈਸਿੰਗ ਮੈਟੀਰੀਅਲ ਤੇ ਪਲਾਸਟਿਕ ਡਰੰਮ। ਬੀ.ਐਸ.ਐਫ. ਦੀਆਂ ਲੋੜਾਂ ਨੂੰ ਗੌਲਣਾ ਇਕ ਅਜਿਹਾ ਕਾਰਜ ਸੀ ਜਿਸ ਵੱਲ ਕੇਂਦਰੀ ਤੇ ਰਾਜ ਸਰਕਾਰਾਂ ਦਾ ਧਿਆਨ ਨਹੀਂ ਸੀ ਗਿਆ।

ਦੂਸ਼ਿਤ ਪਾਣੀ ਪੀਣ ਨਾਲ ਦਸਤ, ਹੈਜ਼ਾ, ਟਾਈਫਾਇਡ ਜਿਹੀਆਂ ਬਿਮਾਰੀਆਂ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਖੜ੍ਹੇ ਪਾਣੀ ਵਿਚ ਮੱਛਰ ਦੇ ਲਾਰਵਾ ਪਨਪਣ ਨਾਲ ਮੱਛਰਾਂ ਦੀ ਭਰਮਾਰ ਹੋ ਜਾਂਦੀ ਹੈ। ਜਿਸ ਨਾਲ ਡੇਂਗੂ ਅਤੇ ਮਲੇਰੀਏ ਵਰਗੀਆਂ ਬਿਮਾਰੀਆਂ ਪੈਦਾ ਹੋਣ ਦਾ ਖਤਰਾ ਵਧ ਜਾਂਦਾ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਫੋਗਿੰਗ ਸਪਰੇਅ ਅਤੇ ਮੱਛਰਾਂ ਦੀ ਰੋਕਥਾਮ ਵੱਲ ਖਾਸ ਧਿਆਨ ਦੇਣਾ ਪੈਂਦਾ ਹੈ। ਗਿੱਲੀਆਂ-ਸਿੱਲ੍ਹੀਆਂ ਅਤੇ ਸੈਲਾਬੀਆਂ ਥਾਵਾਂ ਉਪਰ ਰਹਿੰਦੇ ਲੋਕਾਂ ਨੂੰ ਚਮੜੀ ਦੀਆਂ ਬਿਮਾਰੀਆਂ ਅਤੇ ਫੰਗਲ ਇਨਫੈਕਸ਼ਨ ਦੇ ਬਹੁਤ ਜ਼ਿਆਦਾ ਚਾਂਸ ਹੁੰਦੇ ਹਨ। ਇਸੇ ਪ੍ਰਕਾਰ ਡੰਗਰਾਂ ਵਿਚ ਵੀ ਬਹੁਤ ਸਾਰੀਆਂ ਬਿਮਾਰੀਆਂ ਉਤਪੰਨ ਹੋ ਸਕਦੀਆਂ ਹਨ। ਮਨੁੱਖੀ ਵਸੋਂ ਅਤੇ ਪਸ਼ੂ ਧਨ ਦੀ ਦੇਖਭਾਲ ਹੜ੍ਹਾਂ ਪਿੱਛੋਂ ਵੀ ਕਰਨੀ ਪੈ ਸਕਦੀ ਹੈ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਇਨ੍ਹਾਂ ਲੋੜਾਂ ਨੂੰ ਮੁੱਖ ਰਖਦਿਆਂ ਚੈਰੀਟੇਬਲ ਲੈਬਾਟਰੀਆਂ, ਫਿਜ਼ੀਓ ਥੈਰੇਪੀ ਸੈਂਟਰ ਤੇ ਡੈਂਟਲ ਕਲੀਨਿਕ ਸਥਾਪਤ ਕਰ ਕੇ ਇਨ੍ਹਾਂ ਲਈ ਐਂਬੂਲੈਂਸ ਵੈਨਾਂ ਵੀ ਦਾਨ ਕੀਤੀਆਂ ਹਨ। ਕੁਦਰਤੀ ਕਰੋਪੀ ਨਾਲ ਨਿਪਟਣ ਲਈ ਟਰੱਸਟ ਵਲੋਂ ਅਜਿਹੀ ਸੁਵਿਧਾ ਅਖਨੂਰ (ਜੰਮੂ) ਦੇ ਗੁਰਦਵਾਰਾ ਤਪੋ ਸਥਾਨ ਵਾਲੇ ਸੰਤ ਬਾਬਾ ਸੁੰਦਰ ਸਿੰਘ ਅਲੀਬੇਗ ਲਈ ਜੁਟਾਉਣਾ ਖਾਸ ਧਿਆਨ ਮੰਗਦਾ ਹੈ। ਇਸ ਔਖੀ ਘੜੀ ਵਿਚ ਸੂਬਾ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਵਿਸ਼ੇਸ਼ ਗਿਰਦਾਵਰੀਆਂ ਕਰਵਾ ਕੇ ਪ੍ਰਭਾਵਿਤ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਦੇਣ ਅਤੇ ਧਿਆਨ ਰੱਖਣ ਕਿ ਖੇਤ ਮਜ਼ਦੂਰ ਅਤੇ ਹੋਰ ਪ੍ਰਭਾਵਿਤ ਲੋਕ ਵੀ ਵਿਸਰ ਨਾ ਜਾਣ। ਸਮਾਜ ਸੇਵੀ ਸੰਸਥਾਵਾਂ ਨੂੰ ਪਾਣੀ ਉਤਰਨ ਤੋਂ ਬਾਅਦ ਵੀ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਪੈਲੀਆਂ ਨੂੰ ਪੱਧਰੀਆਂ ਕਰ ਕੇ ਵਾਹੀਯੋਗ ਬਣਾਉਣ ਲਈ ਸਮਾਂ ਲੱਗੇਗਾ। ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਵਿਸ਼ੇਸ਼ ਚੌਕਸੀ ਵਰਤਣ ਦੀ ਜ਼ਰੂਰਤ ਰਹੇਗੀ। ਸਿਹਤ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਦੀਆਂ ਹੋਰ ਜ਼ਿੰਮੇਵਾਰੀਆਂ ਵਧ ਜਾਣਗੀਆਂ। ਲਾਜ਼ਮੀ ਹੈ ਕਿ ਜ਼ਹਿਰੀਲੇ ਪਦਾਰਥਾਂ ਦੇ ਮਿਲਣ ਨਾਲ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਚੁੱਕਾ ਹੈ। ਏਸ ਪਾਸੇ ਧਿਆਨ ਦੇਣ ਦੀ ਉਚੇਚੀ ਲੋੜ ਹੈ। ਹੋਮੀਓਪੈਥੀ ਦੀਆਂ ਦਵਾਈਆਂ ਦੇਣ ਵਾਲੇ ਮੇਰੇ ਮਿੱਤਰ ਚੰਦਰ ਤ੍ਰਿਖਾ ਨੇ 1947 ਵਿਚ ਅਖੰਡ ਹਿੰਦੁਸਤਾਨ ਦੇ ਟੁਕੜੇ ਕਰਨ ਵਾਲੇ ਬਰਤਾਨਵੀ ਅਧਿਕਾਰੀ ਉੱਤੇ ਵਿਅੰਗ ਕਸਦਿਆਂ ਇਹ ਵੀ ਸਵਾਲ ਪੈਦਾ ਕੀਤਾ ਹੈ ਕਿ ਉਹਦੇ ਵੱਲੋਂ 78 ਸਾਲ ਪਹਿਲਾਂ ਖਿੱਚੀ ਗਈ ਵੰਡ ਦੀ ਲਕੀਰ ਕਿਥੇ ਹੈ। ਹੜ੍ਹਾਂ ਦੇ ਪਾਣੀ ਨੇ ਐਲਓਸੀ ਤੇ ਐਲਏਸੀ ਧੋ ਛੱਡੀਆਂ ਹਨ। ਹੁਣ ਤਾਂ ਇਨ੍ਹਾਂ ਉਤੇ ਆਮ ਜਨਤਾ ਹੀ ਪਹਿਰਾ ਦੇ ਸਕਦੀ ਹੈ।

***ਅੰਤਿਕਾ***

ਸੁਰਜੀਤ ਪਾਤਰ॥
ਸਤਲੁਜ ਨੂੰ ਕੁਝ ਸਮਝ ਨਾ ਆਵੇ, ਜਸ਼ਨਾਂ ਵਿਚ ਕਿੰਝ ਰੋਵੇ
ਨਾ ਵੀ ਰੋਵੇ ਤਾਂ ਲਹਿਰਾਂ ਵਿਚ, ਲਾਸ਼ਾਂ ਕਿਵੇਂ ਲੁਕੋਵੇ
ਨਾਲ ਨਮੋਸ਼ੀ ਪਾਣੀ ਪਾਣੀ, ਹੋਏ ਝਨਾਂ ਦੇ ਪਾਣੀ
ਨਫਰਤ ਦੇ ਵਿਚ ਡੁੱਬ ਕੇ ਮਰ ਗਈ, ਹਰ ਇਕ ਪ੍ਰੀਤ ਕਹਾਣੀ
ਕਹੇ ਬਿਆਸਾ ਮੈਂ ਬੇਆਸਾ, ਮੈਂ ਕੀ ਧੀਰ ਧਰਾਵਾਂ
ਇਹ ਰੱਤ ਰੰਗੇ ਆਪਣੇ ਪਾਣੀ, ਕਿੱਥੇ ਧੋਵਣ ਜਾਵਾਂ
ਜਿਹਲਮ ਆਖੇ ਚੁੱਪ ਕਰਾਓ, ਪਾਣੀ ਦਾ ਕੀ ਰੋਣਾ
ਕਿਸ ਤੱਕਣਾ ਪਾਣੀ ਦਾ ਹੰਝੂ, ਪਾਣੀ ਵਿਚ ਸਮੋਣਾ।

# 'ਦ ਜੰਗਲ' ਨਾਵਲ ਦੀ ਯਾਦ ਦਿਵਾਉਂਦਾ ਹੈ ਹਰਪ੍ਰੀਤ ਸੇਖਾ ਦਾ ਨਾਵਲ 'ਫਰਾਸਟੀ ਲੇਨਜ਼'

***ਮਹਾਨ ਨਾਵਲਕਾਰ ਅਜਿਹੇ ਪਾਤਰਾਂ ਵਾਲੇ ਜੀਵੰਤ ਸੰਸਾਰਾਂ ਦੀ ਕਲਪਨਾ ਕਰਦੇ ਹਨ ਜਿਹੜੇ ਪਾਠਕਾਂ ਨੂੰ ਆਪਣੇ ਅਤੇ ਆਪਣੇ ਆਲੇ ਦੁਆਲੇ ਦੇ ਹਾਲਾਤ ਬਾਰੇ ਸੋਚਣ, ਮਹਿਸੂਸ ਕਰਨ ਅਤੇ ਸੁਚੇਤ ਹੋਣ ਲਈ ਮਜਬੂਰ ਕਰਦੇ ਹਨ। ਕੈਨੇਡਾ ਰਹਿੰਦਾ ਲੇਖਕ ਹਰਪ੍ਰੀਤ ਸੇਖਾ ਆਪਣੇ ਨਵੇਂ ਨਾਵਲ, ਫਰਾਸਟੀ ਲੇਨਜ਼ (Frosty Lanes) ਨਾਲ ਇਸ ਮਿਆਰ ਨੂੰ ਯਕੀਨਨ ਪੂਰਾ ਕਰਦਾ ਹੈ।***

ਚਾਰਲੀ ਸਮਿੱਥ

ਡਾ. ਅਕਾਲ ਅੰਮ੍ਰਿਤ ਕੌਰ ਅਤੇ ਸ੍ਰੀਮਤੀ ਇੰਦਰਪਾਲ ਕੌਰ ਦੁਆਰਾ ਪੰਜਾਬੀ ਨਾਵਲ 'ਹਨੇਰੇ ਰਾਹ' ਦਾ ਅਨੁਵਾਦ, 'ਫਰਾਸਟੀ ਲੇਨਜ਼' ਦੇ ਰੂਪ ਵਿਚ ਕੈਨੇਡੀਅਨ ਟਰੱਕਿੰਗ ਇੰਡਸਟਰੀ ਵਿਚ ਕਿਰਤ ਦੇ ਸ਼ੋਸ਼ਣ ਦਾ ਇੱਕ ਵਿਸ਼ਾਲ ਅਤੇ ਅਕਸਰ ਪਰੇਸ਼ਾਨ ਕਰਨ ਵਾਲਾ ਦ੍ਰਿਸ਼ ਪੇਸ਼ ਕਰਦਾ ਹੈ। ਨਾਵਲ ਦੇ ਕੇਂਦਰ ਵਿਚ ਦੋ ਪੰਜਾਬੀ ਟਰੱਕ ਡਰਾਈਵਰ, ਗੁਰਸੀਰ ਅਤੇ ਕਰਨਵੀਰ, ਕੈਨੇਡਾ ਦੇ ਟੈਂਪਰੇਰੀ ਫ਼ੌਰਨ ਵਰਕਰ ਪ੍ਰੋਗਰਾਮ ਅਧੀਨ ਗੰਭੀਰ ਸ਼ੋਸ਼ਣ ਦਾ ਸਾਹਮਣਾ ਕਰਦੇ ਹਨ। ਗੁਰਸੀਰ ਸਰੀ ਵਿਚ ਅਤੇ ਕਰਨਵੀਰ ਬਰੈਂਪਟਨ ਵਿਚ ਰਹਿੰਦਾ ਹੈ, ਪਰ ਉਹ ਆਪਣਾ ਜ਼ਿਆਦਾਤਰ ਸਮਾਂ ਟਰਾਂਸ ਕੈਨੇਡਾ ਹਾਈਵੇਅ ਉੱਪਰ, ਅਕਸਰ ਖ਼ਤਰਨਾਕ ਸਰਦੀਆਂ ਦੀਆਂ ਹਾਲਤਾਂ ਵਿਚ, ਵੱਡੇ ਟਰੱਕ ਚਲਾਉਣ ਵਿਚ ਬਿਤਾਉਂਦੇ ਹਨ।

ਦੋਵੇਂ ਕੈਨੇਡਾ ਵਿਚ ਪੱਕੇ ਵਸਨੀਕ (ਪੀ ਆਰ) ਬਣਨ ਅਤੇ ਆਪਣੀਆਂ ਔਰਤਾਂ, ਜਿਨ੍ਹਾਂ ਨੂੰ ਉਹ ਪਿਆਰ ਕਰਦੇ ਹਨ, ਨਾਲ ਖ਼ੁਸ਼ਹਾਲ ਜੀਵਨ ਜਿਊਣ ਲਈ ਤਰਸਦੇ ਹਨ। ਭਾਵੇਂ ਉਹ ਕਿੰਨੀ ਵੀ ਸਖ਼ਤ ਮਿਹਨਤ ਕਰਨ, ਫਿਰ ਵੀ ਸਿਟੀਜ਼ਨਸ਼ਿਪ ਲੈਣ ਦੇ ਰਸਤੇ ਅਧੂਰੇ ਹੀ ਰਹਿੰਦੇ ਹਨ।

ਕੈਨੇਡਾ ਵਿਚ, ਕੰਮ-ਮਾਲਕਾਂ ਲਈ ਲੋਕਾਂ ਨੂੰ ਨੌਕਰੀ ਲਈ ਫ਼ੀਸ ਦੇਣ ਲਈ ਮਜਬੂਰ ਕਰਨਾ ਗੈਰ-ਕਾਨੂੰਨੀ ਹੈ, ਪਰ ਨਾਵਲ ਵਿਚ ਦੱਸਿਆ ਗਿਆ ਹੈ ਕਿ ਟਰੱਕਿੰਗ ਕੰਪਨੀ ਦੇ ਮਾਲਕ ਰੁਜ਼ਗਾਰ ਦੀ ਭਾਲ ਕਰਨ ਵਾਲੇ ਪੰਜਾਬੀ ਡਰਾਈਵਰਾਂ ਤੋਂ ਬਹੁਤ ਜ਼ਿਆਦਾ ਰਕਮ ਦੀ ਮੰਗ ਕਰਦੇ ਹਨ। ਇਸ ਤਰ੍ਹਾਂ ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (ਐੱਲ ਐੱਮ ਆਈ ਏ) ਦਸਤਾਵੇਜ਼ ਦੇ ਤਹਿਤ ਨੌਕਰੀ 'ਤੇ ਰੱਖੇ ਜਾਣ ਦੇ ਬਦਲੇ ਕੀਤਾ ਜਾਂਦਾ ਹੈ।

ਇੱਕ ਕੰਮ-ਮਾਲਕ ਸਿਰਫ਼ ਇਹ ਦਿਖਾਉਣ ਤੋਂ ਬਾਅਦ ਹੀ ਫੈਡਰਲ ਸਰਕਾਰ ਤੋਂ ਐੱਲ.ਐੱਮ.ਆਈ.ਏ. ਪ੍ਰਾਪਤ ਕਰ ਸਕਦਾ ਹੈ ਕਿ ਕੋਈ ਕੈਨੇਡੀਅਨ ਵਰਕਰ ਜਾਂ ਸਥਾਈ ਨਿਵਾਸੀ ਨੌਕਰੀ ਲਈ ਉਪਲੱਬਧ ਨਹੀਂ ਹੈ। ਇਸ ਤਰ੍ਹਾਂ ਵਿਦੇਸ਼ੀ ਵਰਕਰ ਵਰਕ ਪਰਮਿਟ ਲੈਣ ਲਈ ਸ਼ਰਤਾਂ ਪੂਰੀਆਂ ਕਰਨ ਦੇ ਯੋਗ ਹੋ ਜਾਂਦਾ ਹੈ।

'ਫਰਾਸਟੀ ਲੇਨਜ਼' ਐੱਲ.ਐੱਮ.ਆਈ.ਏ. ਦੀਆਂ ਚੋਰ-ਮੋਰੀਆਂ ਦਾ ਪਰਦਾਫਾਸ਼ ਕਰਦਾ ਹੈ।

ਸਰੀ ਵਿਚ ਇੱਕ ਟਰੱਕਿੰਗ ਕੰਪਨੀ ਦਾ ਮਾਲਕ, ਸ਼ਮਿੰਦਰ, ਗੁਰਸੀਰ ਨੂੰ ਐੱਲ.ਐੱਮ.ਆਈ.ਏ. ਦੇ ਤਹਿਤ ਨੌਕਰੀ ਵੇਚ ਕੇ ਦੋ ਮਹੀਨੇ ਬਾਅਦ ਉਸਦੀ ਤਨਖ਼ਾਹ ਦਾ ਹਿਸਾਬ ਕਰਦਿਆਂ ਇਮੀਗ੍ਰੇਸ਼ਨ ਕਨਸਲਟੈਂਟ ਦੀ ਫ਼ੀਸ ਦੇ 4,000 ਡਾਲਰ ਕੱਟ ਲੈਂਦਾ ਹੈ। ਇਹ ਐੱਲ.ਐੱਮ.ਆਈ.ਏ. ਦੀ ਕੀਮਤ ਤੋਂ ਇਲਾਵਾ ਹੈ ਜਿਹੜੀ ਗੁਰਸੀਰ ਆਪਣੀ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਦਾ ਕਰ ਚੁੱਕਾ ਸੀ। ਗੁਰਸੀਰ ਲਈ ਕੋਈ ਉਪਾਅ ਨਹੀਂ ਹੈ ਜਦੋਂ ਤੱਕ ਉਹ ਪੀ ਆਰ ਨਹੀਂ ਹੋ ਜਾਂਦਾ।

ਸ਼ਮਿੰਦਰ, ਗੁਰਸੀਰ ਨੂੰ ਮਾਂਟਰੀਅਲ ਤੱਕ ਟਰੱਕ ਚਲਾਉਣ ਲਈ ਪੈਸੇ ਦੇਣ ਤੋਂ ਵੀ ਇਨਕਾਰ ਕਰਦਾ ਹੈ, ਇਹ ਦਾਅਵਾ ਕਰਦਾ ਹੈ ਕਿ ਇਹ ਉਸਦੀ ਸਿਖਲਾਈ ਦਾ ਹਿੱਸਾ ਸੀ। ਇਸ ਤੋਂ ਇਲਾਵਾ, ਗੁਰਸੀਰ ਨੂੰ ਟ੍ਰੇਲਰ 'ਤੇ ਕਥਿਤ ਤੌਰ 'ਤੇ ਟੁੱਟ-ਭੱਜ ਲਈ 1,000 ਡਾਲਰ ਹੋਰ ਕਟਾਉਣੇ ਪੈਂਦੇ ਹਨ। ਫਿਰ ਵੀ ਗੁਰਸੀਰ ਨੂੰ ਆਪਣੀ ਪੂਰੀ ਆਮਦਨ 'ਤੇ ਟੈਕਸ ਦੇਣਾ ਪਵੇਗਾ, ਜਿਵੇਂ ਕਿ ਇਹ ਕਟੌਤੀਆਂ ਕਦੇ ਹੋਈਆਂ ਹੀ ਨਹੀਂ।

ਕਰਨਵੀਰ ਪਹਿਲਾਂ ਸਪੇਨ ਵਿਚ ਟਰੱਕ ਚਲਾਉਂਦਾ ਸੀ। ਉਸ ਦੇਸ਼ ਵਿਚ ਉਸਨੇ ਜੋ ਅਨੁਭਵ ਕੀਤਾ ਉਹ ਕੈਨੇਡਾ ਵਿਚ ਉਸਦੇ ਸ਼ੋਸ਼ਣ ਨਾਲ ਤੁਲਨਾਯੋਗ ਨਹੀਂ ਹੈ। ਇੱਕ ਮੌਕੇ 'ਤੇ, ਕਰਨਵੀਰ ਦਾ ਧੋਖੇਬਾਜ਼ ਇਮੀਗ੍ਰੇਸ਼ਨ ਸਲਾਹਕਾਰ, ਚਿੱਟੀ, ਉਸਨੂੰ ਕਹਿੰਦਾ ਹੈ ਕਿ ਉਸਨੂੰ ਐੱਲ.ਐੱਮ.ਆਈ.ਏ. ਅਧੀਨ ਨੌਕਰੀ 'ਤੇ ਰੱਖਣ ਲਈ 20,000 ਡਾਲਰ ਦਾ ਭੁਗਤਾਨ ਕਰਨਾ ਪਵੇਗਾ। ਚਿੱਟੀ ਕਹਿੰਦਾ ਹੈ, "ਤੂੰ ਪੀ ਆਰ ਹੋਣਾ ਚਾਹੁੰਦਾ ਹੈਂ ਨਾ? ਇਸਨੂੰ ਆਪਣੀ ਪੀਆਰ ਹੋਣ ਦੀ ਫ਼ੀਸ ਵਜੋਂ ਹੀ ਸਮਝ।" ਸੇਖਾ ਅੱਗੇ ਦਰਸਾਉਂਦਾ ਹੈ ਕਿ ਇਸ ਸ਼ੋਸ਼ਣ ਦੀ ਡਰਾਈਵਰਾਂ ਨੂੰ ਕਿੰਨੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ।


ਇਸ ਦੌਰਾਨ, ਗੁਰਸੀਰ ਦੀ ਪਤਨੀ ਨੂੰ ਪਤਾ ਲੱਗਦਾ ਹੈ ਕਿ ਕੈਨੇਡਾ ਵਿਚ ਕਾਮਿਆਂ ਨੂੰ ਕੰਮ-ਮਾਲਕਾਂ ਦੁਆਰਾ ਨੌਕਰੀ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ ਦੁਆਰਾ ਕਿਵੇਂ ਧੋਖਾ ਦਿੱਤਾ ਜਾਂਦਾ ਹੈ ਜਿਹੜੇ ਸਿਰਫ਼ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਦੇਸ਼ ਵਿਚ ਇਸ ਨੌਕਰੀ ਲਈ ਕੋਈ ਕੰਮ ਕਰਨ ਵਾਲਾ ਉਪਲੱਬਧ ਨਹੀਂ ਹੈ। ਇਹ ਨਕਲੀ ਇਸ਼ਤਿਹਾਰ, ਜੋ ਐੱਲ.ਐੱਮ.ਆਈ.ਏ. ਨੂੰ ਮਨਜ਼ੂਰੀ ਦਿਵਾਉਣ ਲਈ ਤਿਆਰ ਕੀਤੇ ਜਾਂਦੇ ਹਨ, ਵਾਜਬ ਤਨਖ਼ਾਹ ਦੀ ਪੇਸ਼ਕਸ਼ ਕਰਦੇ ਹਨ, ਪਰ ਇਹ ਅਸਲ ਵਿਚ ਕਪਟ ਹੁੰਦੇ ਹਨ। ਇਸ਼ਤਿਹਾਰ ਦੇ ਅਖ਼ਬਾਰ ਜਾਂ ਔਨਲਾਈਨ ਜਾਣ ਤੋਂ ਪਹਿਲਾਂ ਹੀ ਕੰਮ-ਮਾਲਕ ਦੀ ਕਿਸੇ ਵਿਦੇਸ਼ੀ ਵਰਕਰ ਨੂੰ ਘੱਟ ਤਨਖ਼ਾਹ 'ਤੇ ਨੌਕਰੀ 'ਤੇ ਰੱਖਣ ਦੀ ਯੋਜਨਾ ਬਣੀ ਹੁੰਦੀ ਹੈ।

ਫਰਾਸਟੀ ਲੇਨਜ਼ ਅਪਟਨ ਸਿੰਕਲੇਅਰ ਦੇ 20ਵੀਂ ਸਦੀ ਦੇ ਸ਼ੁਰੂਆਤ 'ਚ ਆਏ ਹੈਰਾਨ ਕਰਨ ਵਾਲੇ ਨਾਵਲ, 'ਦ ਜੰਗਲ ਠਹਏ ਝੁਨਗਲਏ' ਦੀ ਯਾਦ ਦਿਵਾਉਂਦਾ ਹੈ, ਜਿਸਨੇ ਮੀਟ-ਪੈਕਿੰਗ ਇੰਡਸਟਰੀ ਵਿਚ ਪ੍ਰਵਾਸੀ ਮਜ਼ਦੂਰਾਂ ਨਾਲ ਵੱਡੇ ਪੱਧਰ 'ਤੇ ਹੁੰਦੇ ਦੁਰਵਿਹਾਰ ਨੂੰ ਖੁੱਲ੍ਹ ਕੇ ਪੇਸ਼ ਕੀਤਾ ਸੀ। ਸਿੰਕਲੇਅਰ ਵਾਂਗ, ਸੇਖਾ ਨੇ ਸਪੱਸ਼ਟ ਤੌਰ 'ਤੇ ਵਿਆਪਕ ਖੋਜ ਕੀਤੀ ਹੈ ਅਤੇ ਉਹ ਆਪਣੇ ਪਾਤਰਾਂ ਦੇ ਰੋਜ਼ਾਨਾ ਜੀਵਨ ਦੇ ਦਰਦ ਨੂੰ ਪ੍ਰਗਟ ਕਰ ਸਕਿਆ ਹੈ।

ਅਸਲ ਵਿਚ, ਫਰਾਸਟੀ ਲੇਨਜ਼ ਐੱਲ.ਐੱਮ.ਆਈ.ਏ. ਦੇ ਇਕਰਾਰਨਾਮਿਆਂ ਨੂੰ ਨਿਯਮਤ ਕਰਨ ਦੇ ਤਰੀਕਿਆਂ ਦੀ ਜਨਤਕ ਜਾਂਚ ਕਰਵਾਉਣ ਜੋਗੇ ਵੇਰਵੇ ਪ੍ਰਦਾਨ ਕਰਦਾ ਹੈ।

ਸੇਖਾ ਪ੍ਰਵਾਸੀਆਂ ਲਈ ਹਮਦਰਦੀ ਨਾਲ ਭਰੀਆਂ ਕਹਾਣੀਆਂ ਸੁਣਾਉਂਦਾ ਹੈ:

ਪੰਜਾਬ ਤੋਂ ਪ੍ਰਵਾਸ ਕਰ ਕੇ ਆਇਆ ਸੇਖਾ, ਪਹਿਲਾਂ ਹੀ ਕਹਾਣੀਆਂ ਦੀਆਂ ਚਾਰ ਕਿਤਾਬਾਂ, ਨਾਵਲ 'ਹਨੇਰੇ ਰਾਹ', ਅਤੇ




ਪੰਜਾਬੀ ਵਿਚ ਵਾਰਤਕ ਦੀ ਕਿਤਾਬ 'ਟੈਕਸੀਨਾਮਾ' ਲਿਖ ਚੁੱਕਾ ਹੈ। ਉਹ ਅਕਸਰ ਪੰਜਾਬੀ ਪ੍ਰਵਾਸੀਆਂ ਦੀਆਂ ਚੁਣੌਤੀਆਂ ਦੀ ਗੰਭੀਰਤਾ ਨੂੰ ਦਰਸਾਉਂਦਾ ਹੋਇਆ ਉਨ੍ਹਾਂ ਬਾਰੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਦਾ ਹੈ।

ਇੱਕ ਉਦਾਹਰਨ ਉਸਦੀ ਕਹਾਣੀ 'ਵੀਡਜ਼' ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਇੱਕ ਪੰਜਾਬੀ ਬ੍ਰਾਡਕਾਸਟਰ ਨੂੰ ਆਪਣੀ ਨੌਕਰੀ ਕਾਇਮ ਰੱਖਣ ਲਈ ਆਪਣੇ ਸਿਧਾਂਤਾਂ ਨਾਲ ਸਮਝੌਤਾ ਕਰਨਾ ਪਿਆ। ਇਹ ਕਹਾਣੀ ਦਰਸਾਉਂਦੀ ਹੈ ਕਿ ਕਿਵੇਂ ਪੰਜਾਬੀ ਦੇ ਕੁਝ ਮੀਡੀਆ ਆਊਟਲੈੱਟ ਇਮੀਗ੍ਰੇਸ਼ਨ ਇੰਡਸਟਰੀ ਨਾਲ ਹੱਥ ਮਿਲਾ ਕੇ ਕੰਮ ਕਰਦੇ ਹਨ ਜਿਹੜੀ ਨਵੇਂ ਆਉਣ ਵਾਲਿਆਂ ਤੋਂ ਪੂਰਾ ਫ਼ਾਇਦਾ ਉਠਾਉਂਦੀ ਹੈ।

ਸੇਖਾ ਦਾ ਸੱਤ ਕਹਾਣੀਆਂ ਦਾ ਪ੍ਰਭਾਵਸ਼ਾਲੀ ਸੰਗ੍ਰਹਿ, ਪ੍ਰਿਜ਼ਮ ਫਰਸਿਮ, 2018 ਦੇ ਪੰਜਾਬੀ ਸਾਹਿਤ ਲਈ ਢਾਹਾਂ ਪੁਰਸਕਾਰ ਲਈ ਫਾਈਨਲਿਸਟ ਸੀ। ਇਹ ਉਸ ਦੀਆਂ ਤਿੰਨ ਕਿਤਾਬਾਂ ਵਿਚੋਂ ਇੱਕ ਹੈ ਜਿਨ੍ਹਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਗਿਆ ਹੈ। ਦੂਜੀ ਨੂੰ ਅੰਗਰੇਜ਼ੀ ਵਿਚ ਜਰਨਲ ਆਫ਼ ਏ ਟੈਕਸੀ ਡਰਾਈਵਰ ਕਿਹਾ ਜਾਂਦਾ ਹੈ, ਅਤੇ ਇਹ ਗ੍ਰੇਟਰ ਵੈਨਕੂਵਰ ਦੀ ਟੈਕਸੀ ਇੰਡਸਟਰੀ ਬਾਰੇ ਹੈ।

ਫਰਾਸਟੀ ਲੇਨਜ਼ ਦੇ ਨਾਲ, ਸੇਖਾ ਇਨ੍ਹਾਂ ਹੀ ਲੀਹਾਂ 'ਤੇ ਚੱਲਦਾ ਹੋਇਆ, ਇਸ ਗੱਲ 'ਤੇ ਰੌਸ਼ਨੀ ਪਾਉਂਦਾ ਹੈ ਕਿ ਨੇਕ ਦਿਲ ਪ੍ਰਵਾਸੀ ਪੰਜਾਬੀ ਟਰੱਕ ਡਰਾਈਵਰ ਆਪਣੇ ਕੰਮ-ਮਾਲਕਾਂ ਦੇ ਹੱਥੋਂ ਇੰਨੀਆਂ ਮੁਸ਼ਕਲਾਂ ਕਿਵੇਂ ਅਤੇ ਕਿਉਂ ਝੱਲਦੇ ਹਨ।

2023 ਵਿਚ, ਗ਼ੁਲਾਮੀ ਦੇ ਸਮਕਾਲੀ ਰੂਪਾਂ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ, ਟੋਮੋਆ ਓਕਾਬਾਟਾ, ਨੇ ਕੈਨੇਡਾ ਵਿਚ ਅਸਥਾਈ ਵਿਦੇਸ਼ੀ ਕਾਮਿਆਂ ਨਾਲ ਜਿਹੜਾ ਕੁਝ ਕੀਤਾ ਜਾ ਰਿਹਾ ਹੈ, ਇਸ ਨੂੰ ਨੰਗਾ ਕੀਤਾ। ਯੂ.ਕੇ. ਦੇ ਯੌਰਕ ਲਾਅ ਸਕੂਲ ਵਿਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਪ੍ਰੋਫੈਸਰ, ਓਬਾਟਾ ਨੇ ਸਿੱਟਾ ਕੱਢਿਆ ਕਿ ਕੈਨੇਡਾ ਦਾ ਪ੍ਰੋਗਰਾਮ 'ਸਮਕਾਲੀ ਗ਼ੁਲਾਮੀ ਦੇ ਰੂਪਾਂ ਲਈ ਇੱਕ ਉਪਜਾਊ ਜ਼ਮੀਨ ਵਜੋਂ ਕੰਮ ਕਰਦਾ ਹੈ'। ਇਹ ਇਸ ਲਈ ਹੈ ਕਿਉਂਕਿ ਇਹ "ਸ਼ਕਤੀ ਦੀਆਂ ਅਸਮਾਨਤਾਵਾਂ ਨੂੰ ਪੱਕਿਆਂ ਕਰਦਾ ਹੈ ਜਿਹੜੀਆਂ ਕੰਮ-ਮਾਲਕਾਂ ਦੇ ਪੱਖ ਵਿਚ ਹਨ ਅਤੇ ਕਾਮਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਰੋਕਦੀਆਂ ਹਨ"।

ਇਸ ਸਾਲ, ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਖ਼ੁਦ ਦੀ ਘਿਣਾਉਣੀ ਰਿਪੋਰਟੋ ਜਾਰੀ ਕੀਤੀ, ਜਿਸ ਦਾ ਕੁਝ ਹਿੱਸਾ 14 ਦੇਸ਼ਾਂ ਦੇ 44 ਪ੍ਰਵਾਸੀ ਕਾਮਿਆਂ ਦੇ ਡੂੰਘਾਈ ਨਾਲ ਇੰਟਰਵਿਊਜ਼ 'ਤੇ ਅਧਾਰਿਤ ਸੀ।

ਕੈਨੇਡਾ ਵਿਚ ਵਧਦੀ ਬੇਰੁਜ਼ਗਾਰੀ ਦੇ ਜਵਾਬ ਵਿਚ, ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਅਤੇ ਕੰਜ਼ਰਵੇਟਿਵ ਨੇਤਾ ਪੀਅਰੇ ਪੋਇਲੀਵਰ ਨੇ ਟੈਂਪਰੇਰੀ ਫ਼ੌਰਨ ਵਰਕਰ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਹੈ। ਪਰ ਇਸ ਨੂੰ ਦੇਖਣ ਦਾ ਇੱਕ ਹੋਰ ਤਰੀਕਾ ਹੈ ਅਸਥਾਈ ਵਿਦੇਸ਼ੀ ਕਾਮਿਆਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ- ਅਤੇ ਫਰਾਸਟੀ ਲੇਨਜ਼ ਇਸ ਨੂੰ ਬਹੁਤ ਸਪਸ਼ਟ ਅਤੇ ਸ਼ਕਤੀਸ਼ਾਲੀ ਢੰਗ ਨਾਲ ਦਰਸਾਉਂਦਾ ਹੈ।

ਇੱਕ ਵਧੇਰੇ ਹਮਦਰਦੀ ਭਰਿਆ ਹੁੰਗਾਰਾ ਇਹ ਹੋਵੇਗਾ ਕਿ ਵੱਡੀ ਪੱਧਰ 'ਤੇ ਦੁਰਵਰਤੋਂ ਨੂੰ ਰੋਕਣ ਅਤੇ ਸ਼ਕਤੀ ਦੀਆਂ ਅਸਮਾਨਤਾਵਾਂ ਨੂੰ ਖ਼ਤਮ ਕਰਨ ਲਈ ਇੱਕ ਢੁਕਵਾਂ ਰੈਗੂਲੇਟਰੀ ਢਾਂਚਾ ਸਥਾਪਤ ਕੀਤਾ ਜਾਵੇ। ਇਹ ਅਸਲ ਜੀਵਨ ਦੇ ਗੁਰਸੀਰਾਂ ਅਤੇ ਕਰਨਵੀਰਾਂ ਨੂੰ ਆਪਣੇ ਸੁਪਨਿਆਂ ਨੂੰ ਪ੍ਰਾਪਤ ਕਰਨ ਅਤੇ ਇੱਕ ਮਜ਼ਬੂਤ, ਵਧੇਰੇ ਜੀਵੰਤ ਅਤੇ ਬਰਾਬਰੀ ਵਾਲਾ ਕੈਨੇਡਾ ਬਣਾਉਣ ਦਾ ਮੌਕਾ ਪ੍ਰਦਾਨ ਕਰੇਗਾ।

# ਪਾਰੇ ਵਰਗਾ ਆਦਮੀ


## ਗੁਰਮੀਤ ਕੜਿਆਲਵੀ



***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***


ਜਦੋਂ ਵੀ ਮੈਂ ਆਪਣੇ ਬਾਪ ਬਾਰੇ ਸੋਚਦਾ ਹਾਂ-ਮੈਨੂੰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਯਾਦ ਆ ਜਾਂਦੀ ਹੈ। ਇਸਦੇ ਮੁੱਖ ਪਾਤਰ ਕਰਮ ਸਿੰਘ ਵਰਗਾ। ਦੁੱਖਾਂ-ਸੁੱਖਾਂ ਦੇ ਵੱਡੇ ਪਹਾੜ ਸਿਰ 'ਤੇ ਚੁੱਕੀ ਫਿਰਨ ਵਾਲਾ।

ਫਿਰ ਜਦੋਂ ਵੱਡੀ ਕਲਾਸ ਵਿਚ ਪੜ੍ਹਦਿਆਂ ਹੈਮਿੰਗਵੇ ਦਾ ਨਾਵਲ 'ਓਲਡ ਮੈਨ ਐਂਡ ਦਾ ਸੀ' ਪੜ੍ਹਿਆ, ਜਾਪਿਆ ਜਿਵੇਂ ਲੇਖਕ ਨੇ ਨਾਵਲ ਵਿਚ ਬੁੱਢੇ ਮਛੇਰੇ ਦੇ ਰੂਪ ਵਿਚ ਮੇਰੇ ਬਾਪ ਨੂੰ ਹੀ ਚਿਤਰਿਆ ਹੋਵੇ।

ਜਦੋਂ ਵੀ ਬਾਪ ਜਿਸਨੂੰ ਅਸੀਂ ਸਾਰੇ ਭੈਣ ਭਰਾ 'ਪਾਪਾ' ਕਹਿੰਦੇ ਸਾਂ, ਯਾਦ ਆਉਂਦਾ ਹੈ ਤਾਂ ਮੈਂ ਕਈ ਸਾਲ ਪਿੱਛੇ ਚਲਾ ਜਾਂਦਾ ਹਾਂ ਜਦੋਂ ਅਜੇ ਛੇ-ਸੱਤ ਵਰ੍ਹਿਆਂ ਦਾ ਬਾਲ ਸਾਂ। ਬਾਪ ਨੇ ਉਦੋਂ ਮੂਸੇ ਵਾਲੇ ਪਿੰਡ ਵਾਲੀ ਜ਼ਮੀਨ ਵੇਚ ਕੇ ਤਿੰਨ ਪਹੀਆਂ ਵਾਲਾ ਟੈਂਪੂ ਲੈ ਲਿਆ ਸੀ। ਮੂਸੇ ਵਾਲੀ ਇਹ ਜ਼ਮੀਨ ਸੱਤਰਵਿਆਂ ਵਿਚ ਅਲਾਟ ਹੋਈ ਸੀ। ਇਸਦੇ ਪੈਸੇ ਕਿਸ਼ਤਾਂ ਵਿਚ ਤਾਰੇ ਸਨ। ਜ਼ਮੀਨ ਬਿਲਕੁੱਲ ਬੇਆਬਾਦ ਸੀ ਜਿਸਨੂੰ ਸਾਰੇ ਟੱਬਰ ਨੇ ਬੜੀ ਮਿਹਨਤ ਨਾਲ ਵੱਡੇ-ਵੱਡੇ ਬੂਝੇ, ਦੱਬ-ਸਰਕੜਾ ਪੁੱਟ-ਪੁੱਟ ਕੇ ਆਬਾਦ ਕੀਤਾ ਸੀ।

ਮੂਸੇ ਵਾਲੇ ਪਿੰਡ ਦਾ ਇਲਾਕਾ ਉਦੋਂ ਸੇਮ ਦਾ ਮਾਰਿਆ ਸੀ। ਸੇਮ ਮਾਰੀ ਜ਼ਮੀਨ ਉੱਕਾ ਹੀ ਕੋਈ ਪੈਦਾਵਰ ਨ੍ਹੀਂ ਸੀ ਦਿੰਦੀ। ਆਏ ਸਾਲ ਸੇਮ ਨਾਲ ਫ਼ਸਲ ਮਾਰੀ ਜਾਂਦੀ। ਵਾਹੁਣ ਬੀਜਣ 'ਤੇ ਇਧਰੋਂ-ਉਧਰੋਂ ਫੜ ਕੇ ਲਾਏ ਪੈਸੇ ਵੀ ਪੂਰੇ ਨਾ ਹੁੰਦੇ। ਧੱਸਦੇ ਨੇ ਕਿ ਜ਼ਮੀਨ ਵਿਚੋਂ ਸੱਪ ਵੀ ਬੜੇ ਨਿਕਲਦੇ ਸਨ। ਘਰ ਫਸਲ ਤਾਂ ਕੋਈ ਨ੍ਹੀਂ ਸੀ ਆਉਂਦੀ, ਬੱਸ ਘਰਦੇ ਜੀਆਂ ਪੱਲੇ ਸੱਪਾਂ ਦੀਆਂ ਮਿਧੀਆਂ ਸਿਰੀਆਂ ਹੀ ਰਹਿ ਜਾਂਦੀਆਂ ਸਨ। ਘਰ ਦਾ ਗੁਜ਼ਾਰਾ ਬਾਪ ਦੀ ਪੈਨਸ਼ਨ ਨਾਲ ਹੀ ਚੱਲੀ ਜਾਂਦਾ ਸੀ। ਅੜੇ-ਥੁੜੇ ਰਿਸ਼ਤੇਦਾਰਾਂ ਦੇ ਮੂੰਹਾਂ ਵੱਲੀਂ ਦੇਖਣਾ ਪੈਂਦਾ।

ਕੋਈ ਵਾਹ-ਪੇਸ਼ ਨਾ ਚੱਲਦੀ ਵੇਖ ਬਾਪ ਨੇ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ। ਜ਼ਾਮਨੀ ਰਕਮ ਤਾਰ ਕੇ ਬੈਂਕ ਤੋਂ ਕਿਸ਼ਤਾਂ ਉੱਪਰ ਸਵਾਰੀਆਂ ਢੋਣ ਵਾਲਾ ਟੈਂਪੂ ਲੈ ਲਿਆ। ਸਾਲ-ਛੇ ਮਹੀਨੇ ਸਾਰੇ ਟੱਬਰ ਨੂੰ ਟੈਂਪੂ ਦਾ ਚਾਅ ਚੜ੍ਹਿਆ ਰਿਹਾ। ਧਰਮਕੋਟ-ਕੋਟ ਈਸੇ ਖਾਂ ਲਿੰਕ ਸੜਕ 'ਤੇ ਦੌੜਦਾ ਟੈਂਪੂ, ਜਿਵੇਂ ਸਾਰੇ ਟੱਬਰ ਦੇ ਚਾਵਾਂ ਵਿਚ ਵੀ ਦੌੜਦਾ ਰਹਿੰਦਾ। ਪਿੰਡ ਲਿੰਕ ਰੋਡ ਤੋਂ ਪਾਸੇ ਕਰਕੇ ਲਹਿੰਦੇ ਵੱਲ ਨੂੰ ਵਸਿਆ ਹੋਇਆ। ਅਸੀਂ ਗਲੀ ਦੇ ਪੰਜ-ਸੱਤ ਨਿਆਣੇ ਦੁੜੰਗੇ ਮਾਰਦੇ, ਅੱਧਾ-ਪੌਣਾਂ ਕਿਲੋਮੀਟਰ ਦੂਰ ਪੈਂਦੀ ਸੜਕ ਜਿੱਥੋਂ ਟੈਂਪੂ ਨੇ ਲੰਘਣਾ ਹੁੰਦਾ ਸੀ, ਰੋਟੀ ਫੜਾਉਣ ਜਾਂਦੇ। ਅਸੀਂ ਕਿੰਨਾ-ਕਿੰਨਾ ਚਿਰ ਟੈਂਪੂ ਨੂੰ ਉਡੀਕਦੇ ਰਹਿੰਦੇ। ਰੋਟੀ ਫੜਾਉਣ ਗਿਆਂ ਨੂੰ ਮਿੱਠੀਆਂ ਗੋਲੀਆਂ ਲੈਣ ਲਈ ਦਸੀ-ਦਸੀ ਮਿਲਦੀ। ਅਸੀਂ ਚਾਅ ਨਾਲ ਟਪੂਸੀਆਂ ਮਾਰਦੇ ਆਉਂਦੇ।

ਹੌਲੀ-ਹੌਲੀ ਟੈਂਪੂ ਨੇ ਆਪਣਾ ਅਸਲ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਕਿਸ਼ਤਾਂ ਟੁੱਟਣ ਲੱਗੀਆਂ। ਬਣਦਾ ਟੈਕਸ ਵੀ ਨ੍ਹੀਂ ਸੀ ਉਤਾਰ ਹੁੰਦਾ। ਡੀ.ਟੀ.ਓ. ਦੀ ਗੱਡੀ ਥਾਂ-ਕੁਥਾਂ ਟੈਂਪੂ ਨੂੰ ਆ ਘੇਰਦੀ। ਸਵਾਰੀਆਂ ਤੋਂ ਭਾੜੇ ਦੀ ਇਕੱਠੀ ਕੀਤੀ ਚਵਾਨੀਆਂ-ਅਠਿਆਨੀਆਂ ਵਾਲੀ ਭਾਨ, ਆਦਮ ਬੋ-ਆਦਮ ਬੋ ਕਰਦਾ ਆਇਆ ਡੀ.ਟੀ.ਓ. ਮਰੁੰਡ ਕੇ ਲੈ ਜਾਂਦਾ। ਜਿਵੇਂ ਕੋਈ ਦਿਓ ਘਰ ਖ਼ਾਲੀ ਕਰ ਦੇਵੇ। ਉੱਤੋਂ ਬਾਪੂ ਹੱਦੋਂ ਵੱਧ ਮੂੰਹ-ਕੂਲ। ਜਾਣ-ਪਛਾਣ ਵਾਲੀਆਂ ਸਵਾਰੀਆਂ ਕਿਰਾਇਆ ਵੀ ਨਾ ਦਿੰਦੀਆਂ। 'ਚੰਗਾ ਭਾਈ ਬਾਵਿਆ...ਤੇਰੇ ਟੈਂਪੂ ਨੇ ਤਾਂ ਭਾਈ ਸਾਰੇ 'ਲਾਕੇ ਨੂੰ ਮੌਜ ਲਾਈਓ ਆ।' ਖਹਿ ਕੇ ਮੌਜ ਨਾਲ ਰਾਹ ਪੈ ਜਾਂਦੀਆਂ। ਆਥਣੇ ਬਾਪ ਭਾਂਅ-ਭਾਂਅ ਕਰਦਾ ਝੋਲਾ ਲੈ ਕੇ ਘਰ ਵੜਦਾ ਜੋ ਮਾਂ ਬੁੱਝੇ ਜਿਹੇ ਦਿਲ ਨਾਲ ਫੜ ਕੇ ਕੰਧ ਵਿਚ ਗੱਡੀ ਕਿੱਲ੍ਹੀ 'ਤੇ ਟੰਗ ਦਿੰਦੀ। ਟੱਬਰ ਦੇ ਵੱਡੇ ਜੀਆਂ ਦੇ ਚਿਹਰੇ 'ਤੇ ਫ਼ਿਕਰ ਚਿੰਤਾ ਦੀਆਂ ਗੂੜ੍ਹੀਆਂ ਲਕੀਰਾਂ ਫਿਰਨ ਲੱਗਦੀਆਂ, ਜਿਸਨੂੰ ਅਸੀਂ ਨਿੱਕੇ ਨਿਆਣੇ ਉਦੋਂ ਪੜ੍ਹਨ ਦੇ ਸਮਰੱਥ ਨ੍ਹੀਂ ਸਾਂ।

ਆਉਣ ਦੇ ਸਾਲ ਕੁ ਬਾਅਦ ਹੀ, ਸੜਕ 'ਤੇ ਅਠਖੇਲ੍ਹੀਆਂ ਕਰਨ ਵਾਲਾ ਟੈਂਪੂ ਅੜੀਆਂ ਕਰਨ ਲੱਗ ਪਿਆ। ਮਾਰ ਖੁੰਢੇ ਸਾਹਨ ਵਾਂਗ ਸੜਕ ਦੇ ਐਨ ਵਿਚਾਲੇ ਅੜ ਖੜੋਂਦਾ। ਕਦੇ ਸਪੈਂਡਲ ਟੁੱਟ ਜਾਂਦਾ। ਕਦੇ ਕੜੱਕ-ਕੜੱਕ ਕਰ ਕੇ ਚੈਨ ਟੁੱਟਦੀ, ਕਦੇ ਗ਼ਲ਼ ਜਿਹਾ ਲਹਿ ਕੇ ਪਾਸੇ ਹੋ ਜਾਂਦਾ। ਕਦੇ ਟਾਇਰ ਪਾਟ ਜਾਂਦਾ ਤੇ ਕਦੇ ਤੇਲ ਪਾਈਪ। ਕਦੇ ਗੇਅਰ ਅੜ ਜਾਂਦਾ। ਫਸਿਆ ਗੇਅਰ ਕੱਢਣ ਲਈ ਵਾਰ ਵਾਰ ਟੈਂਪੂ ਦੇ ਮੂੰਹ ਉਪਰਲਾ ਟਾਪਾ ਚੱਕਣਾ ਪੈਂਦਾ। ਹਾਰ ਕੇ ਪੱਕੇ ਤੌਰ 'ਤੇ ਲਾਹ ਕੇ ਪਾਸੇ ਹੀ ਰੱਖ ਦਿੱਤਾ ਗਿਆ ਸੀ। ਟੈਂਪੂ ਬਾਰਾਂ ਮਹੀਨਿਆਂ ਵਿਚ ਹੀ ਬੁੱਢਾ-ਬੁੱਢਾ ਜਾਪਣ ਲੱਗ ਪਿਆ ਸੀ। ਬਾਪ ਵੱਲੋਂ ਸਵੈ-ਰੁਜ਼ਗਾਰ ਲਈ ਚੁਣਿਆ ਇਹ ਕਿੱਤਾ ਕਾਮਯਾਬ ਨ੍ਹੀਂ ਸੀ ਹੋ ਸਕਿਆ।

ਸਾਡੀ ਇਸ ਤਿੰਨ ਟੈਰੀ ਟਰਾਂਸਪੋਰਟ ਦੇ ਫੇਲ੍ਹ ਹੋਣ ਦਾ ਕਾਰਨ ਇੱਕ ਹੋਰ ਵੀ ਸੀ, ਉਹ ਇਹ ਕਿ ਬਾਪ ਅੰਦਰੋਂ-ਬਾਹਰੋਂ ਇੱਕੋ ਜਿਹਾ ਸੀ, ਪਾਕ-ਸਾਫ਼। ਉਹ ਦੂਜਿਆਂ ਨੂੰ ਵੀ ਆਪਣੇ ਵਰਗਾ ਹੀ ਸਮਝਦਾ, ਜੋ ਉਸਦੀ ਵੱਡੀ ਗ਼ਲਤੀ ਸੀ। ਉਸਨੇ ਮੇਰੀ ਮਾਸੀ ਭਾਵ ਆਪਣੀ ਸਾਲੀ ਦੇ ਮੁੰਡੇ ਨੂੰ ਟੈਂਪੂ ਚਲਾਉਣ ਲਈ ਡਰਾਈਵਰ ਰੱਖ ਲਿਆ ਸੀ। ਲੂੰਈ ਫੁੱਟਦੀ ਵਾਲਾ ਇਹ ਮੁੰਡਾ ਟੈਂਪੂ ਵੱਲ ਧਿਆਨ ਘੱਟ ਦਿੰਦਾ, ਸਾਡੇ ਗੁਆਂਢੀ ਮੁੰਡੇ ਨਾਲ ਰਲ਼ ਕੇ ਆਵਾਰਾਗਰਦੀ ਵੱਧ ਕਰਦਾ। ਸਵਾਰੀਆਂ ਦੀ ਥਾਵੇਂ, ਸ਼ਹਿਰ ਗੇੜਾ-ਸੇੜਾ ਰੱਖਣ ਵਾਲੀਆਂ ਤੀਵੀਆਂ ਵੱਧ ਢੋਂਹਦੇ। ਇਹ ਕਾਰ ਸੇਵਾ ਦੀ ਖ਼ਾਤਰ ਕਈ ਵਾਰ ਤਾਂ ਭਰਿਆ-ਭਰਾਇਆ ਗੇੜਾ ਵੀ ਮਿਸ ਕਰ ਦਿੰਦੇ। ਟੈਂਪੂ ਭਰ ਜਾਣ 'ਤੇ ਸਹੀ ਵੇਲਾ ਵਿਚਾਰ ਕੇ ਨਾ ਤੋਰਦੇ। ਫਿਰੋਜ਼ਪੁਰ ਵੱਲੋਂ ਰੋਡਵੇਜ਼ ਦੀ ਬੱਸ ਆਉਣ 'ਤੇ ਸਵਾਰੀਆਂ ਬੱਸ ਦੇ ਵੱਡੇ ਢਿੱਡ ਵਿਚ ਵੜ ਜਾਂਦੀਆਂ। ਫਿਰ ਬੱਸ ਦੇ ਪਿੱਛੇ-ਪਿੱਛੇ ਖ਼ਾਲੀ ਟੈਂਪੂ ਭਜਾਈ ਲਿਜਾਂਦੇ। ਦੋਵੇਂ ਬਾਪੂ ਦੀ ਭਲਮਾਨਸੀ ਦਾ ਨਾਜਾਇਜ਼ ਫ਼ਾਇਦਾ ਚੁੱਕੀ ਜਾਂਦੇ ਸਨ। ਕੱਖ ਪੱਲੇ ਨ੍ਹੀਂ ਸੀ ਪਾਉਂਦੇ। ਆਖ਼ਰ ਉਹੀ ਹੋਇਆ ਜੋ ਹੋਣਾ ਤੈਅ ਸੀ। ਟੈਂਪੂ ਸੜਕ 'ਤੇ ਦੌੜਨ ਦੀ ਜ਼ਹਿਮਤ ਛੱਡ ਕੇ ਘਰ ਦੇ ਵਿਹੜੇ ਵਿਚ ਲੱਗੇ ਜਾਮੁਣ ਦੇ ਰੁੱਖ ਥੱਲੇ ਆਰਾਮ ਕਰਨ ਲੱਗਾ। ਕਿਸ਼ਤਾਂ ਟੁੱਟ ਗਈਆਂ। ਕਮਾਈ ਆਉਣੀ ਬੰਦ ਹੋ ਗਈ। ਆਰਥਿਕ ਤੰਗੀ ਦੇ ਪਹਾੜ ਟੱਬਰ ਸਿਰ ਟੁੱਟ ਪਏ।

ਜਦੋਂ ਘਰਦੇ ਵਡੇਰੇ ਜੀਅ ਗ਼ਰੀਬੀ ਨਾਲ ਘੋਲ ਕਰ ਰਹੇ ਸਨ, ਅਸੀਂ ਨਿਆਣੇ ਟੈਂਪੂ ਦੁਆਲੇ ਬਾਂਦਰ ਟਪੂਸੀਆਂ ਮਾਰਦੇ ਰਹਿੰਦੇ। ਟੈਂਪੂ ਦੀ ਛੱਤ 'ਤੇ ਚੜ੍ਹ ਕੇ ਜਾਮੁਣ ਤੋੜਦੇ। ਖੜ੍ਹੇ ਟੈਂਪੂ ਦੇ ਸਟੇਰਿੰਗ ਨੂੰ ਘੁਮਾਈ ਜਾਂਦੇ। ਟੈਂਪੂ ਉਦੋਂ ਭਾਰਤ ਦੇਸ਼ ਵਰਗਾ ਸੀ ਜਿਸਦੇ ਲੀਡਰ ਉਹਦਾ ਖੜ੍ਹੇ ਦਾ ਹੀ ਸਟੇਰਿੰਗ ਘੁੰਮਾਈ ਜਾਂਦੇ।

ਪਾਪਾ ਜੀ ਨੇ ਹੁਣ ਘਰ ਵਿਚ ਖੇਸ ਬੁਣਨ ਵਾਲੀ ਖੱਡੀ ਚਲਾਉਣੀ ਸ਼ੁਰੂ ਕਰ ਦਿੱਤੀ ਸੀ। ਖੱਡੀ ਉੱਤੇ ਖੱਦਰ ਦੇ ਖੇਸ ਅਤੇ ਦੋੜੇ ਬਣਾ ਕੇ ਵੇਚ ਦਿੱਤੇ ਜਾਂਦੇ। ਬਾਪ ਸਾਰੀ ਦਿਹਾੜੀ ਖੱਡੇ ਵਿਚ ਲੱਤਾਂ ਲਮਕਾਅ ਕੇ ਟਿੱਕ-ਟਿੱਕ ਕਰਦਾ ਰਹਿੰਦਾ। ਉੱਧਰੋਂ ਬੈਂਕ ਵਾਲੇ ਟੈਂਪੂ ਦੀਆਂ ਕਿਸ਼ਤਾਂ ਵਸੂਲਣ ਲਈ ਲਗਾਤਾਰ ਗੇੜੇ ਮਾਰਨ ਲੱਗੇ। ਬਾਪ ਸਮੇਤ ਸਾਰੇ ਟੱਬਰ ਦੇ ਜੀਆਂ ਦਾ ਧਿਆਨ ਬੂਹੇ ਵੱਲ ਲੱਗਾ ਰਹਿੰਦਾ। 'ਹੁਣ ਕੀ ਹੋਊ? ਆਏਂ ਤਾਂ ਭੁੱਖੇ ਮਰਜਾਂਗੇ।' ਮਾਂ ਸੁਆਲ ਬਣ ਜਾਂਦੀ।

'ਕੁਛ ਨ੍ਹੀਂ ਹੁੰਦਾ? ਸਭ ਠੀਕ ਹੋਜੂ। ਬਾਬਾ ਨਾਨਕ ਮੇਹਰ ਕਰੂ। ਸਭ ਦਿਨਾਂ ਦਾ ਹੇਰ-ਫੇਰ ਹੁੰਦਾ। ਦਿਨ ਫਿਰ ਜਾਣਗੇ। ਜੇ ਉਹ ਦਿਨ ਨ੍ਹੀਂ ਰਹੇ ਤਾਂ ਆਹ ਦਿਨ ਵੀ ਨ੍ਹੀਂ ਰਹਿਣੇ।' ਬਾਪ ਦੀਆਂ ਬੁਝੀਆਂ ਅੱਖਾਂ ਵਿਚ ਲਿਸ਼ਕ ਦਿਖਾਈ ਦੇਣ ਲੱਗਦੀ।

ਇੱਕ ਵਾਰ ਤਾਂ ਬੈਂਕ ਵਾਲਿਆਂ ਦਾ ਪਤਾ ਹੀ ਨਾ ਲੱਗਾ ਕਦੋਂ ਬਾਪ ਨੂੰ ਫੜਨ ਆ ਪਏ। ਭਿਣਕ ਪੈਂਦਿਆਂ ਹੀ ਪਾਪਾ ਖੱਡੀ ਤੋਂ ਉਤਰ ਕੇ ਤਖ਼ਤਿਆਂ ਉਹਲੇ ਲੁਕ ਗਿਆ। ਬੈਂਕ ਕਰਮਚਾਰੀ ਪੰਜ-ਸੱਤ ਮਿੰਟ, ਇਧਰ-ਉਧਰ ਵੇਖ ਝਾਕ ਕੇ ਅਤੇ ਬਾਕੀ ਜੀਆਂ ਨੂੰ ਪੈਸੇ ਛੇਤੀ ਜਮ੍ਹਾਂ ਕਰਵਾਉਣ ਦੀ ਕਰੜੀ ਧਮਕੀ ਦੇ ਕੇ ਮੁੜ ਗਏ। ਉਨ੍ਹਾਂ ਦੇ ਜਾਣ ਦੇ ਕਿੰਨਾ ਚਿਰ ਬਾਅਦ ਹੀ ਬਾਪ ਤਖ਼ਤਿਆਂ ਦੇ ਉਹਲੇ 'ਚੋਂ ਬਾਹਰ ਆਇਆ, ਐਡੇ ਵੱਡੇ ਕੱਦ-ਕਾਠ ਵਾਲਾ ਬੰਦਾ ਜਿਵੇਂ ਨਿੱਕਾ ਜਿਹਾ ਹੋ ਗਿਆ ਸੀ। ਮੂੰਹ ਵਿਸਾਰ ਵਰਗਾ ਪੀਲਾ-ਭੂਕ। ਕੋਈ ਮਨੁੱਖ ਐਨਾ ਬੇਵੱਸ ਤੇ ਲਾਚਾਰ ਵੀ ਹੁੰਦਾ ਐ, ਖੇਡਣ ਦੀ ਉਸ ਨਿਆਣੀ ਉਮਰੇ ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਸੀ। ਇੰਜ ਅਕਸਰ ਹੁੰਦਾ ਰਹਿੰਦਾ ਸੀ। ਫ਼ੌਜੀ ਜੀਵਨ ਦੌਰਾਨ 1962 ਅਤੇ 1965 ਦੀਆਂ ਲੜਾਈਆਂ ਵਿਚ ਮੋਰਚਿਆਂ 'ਤੇ ਅੱਗੇ ਹੋ ਕੇ ਪੂਰੇ ਜਾਹੋ-ਜਲਾਲ ਨਾਲ ਲੜਨ ਵਾਲਾ ਜਵਾਨ ਹੁਣ ਜ਼ਲਾਲਤ ਹੰਢਾ ਰਿਹਾ ਸੀ।

'ਬਾਵਾ ਸਿੰਹੁ ਹਰ ਪਾਸਿਓਂ ਟੁੱਟਾ ਪਿਐ। ਟੱਬਰੀ ਵੱਡੀ ਐ। ਕੰਮ ਚੱਲਿਆ ਕੋਈ ਨ੍ਹੀਂ...ਕਰਜ਼ੇ ਨੇ ਦੱਬ ਲਿਆ। ਬੈਂਕ ਵਾਲੇ ਰੋਜ਼ ਗੇੜੇ ਮਾਰਦੇ ਆ...ਆਏਂ ਕਿੰਨੇ ਕੁ ਦਿਨ ਲੁਕ'ਜੂ... ਮੈਨੂੰ ਤਾਂ ਲੱਗਦੈ ਅੱਕਿਆ ਵਿਐ ਫਾਹਾ ਲੈਜੂ ਕਿਸੇ ਦਿਨ...।' ਅਜਿਹੀ ਲੋਕ ਭਾਖਿਆ ਸੁਣਨ ਨੂੰ ਮਿਲਦੀ ਰਹਿੰਦੀ ਸੀ। ਸੁਣ ਕੇ ਅੰਦਰੋਂ ਦਹਿਲ ਜਾਂਦੇ ਸਾਂ। ਬਾਪੂ ਚਟਾਨ ਵਾਂਗ ਅਡੋਲ ਰਿਹਾ ਸੀ। ਐਨੀਆਂ ਦੁਸ਼ਵਾਰੀਆਂ ਦੇ ਬਾਵਜੂਦ ਢੇਰੀ ਨ੍ਹੀਂ ਸੀ ਢਾਹੀ। ਉਦੋਂ ਅੱਜ ਵਾਂਗੂੰ ਖ਼ੁਦਕੁਸ਼ੀ ਕਰਕੇ ਹਰ ਤਰ੍ਹਾਂ ਦੇ ਸੰਸਿਆਂ-ਫ਼ਿਕਰਾਂ ਤੋਂ ਛੁਟਕਾਰਾ ਪਾ ਲੈਣ ਦੀ ਭੈੜੀ ਰੀਤ ਅਜੇ ਨ੍ਹੀਂ ਸੀ ਪਈ।

ਖੱਡੀ ਦਾ ਕੰਮ ਵੀ ਬਹੁਤਾ ਨ੍ਹੀਂ ਸੀ ਚੱਲ ਰਿਹਾ, ਵੱਡੇ ਕਾਰਖ਼ਾਨਿਆਂ ਵਿਚ ਬੁਣੇ ਮਸ਼ੀਨੀ ਖੇਸ ਸਸਤੇ ਵੀ ਸਨ ਤੇ ਵਧੀਆ ਵੀ। ਲੋਕ



ਡੱਗੀਆਂ ਵਾਲਿਆਂ ਤੋਂ ਇਹ ਖੇਸ ਖ਼ਰੀਦਣ ਨੂੰ ਪਹਿਲ ਦੇਣ ਲੱਗੇ ਸਨ। ਇੱਕ ਤਰ੍ਹਾਂ ਨਾਲ ਸਾਡਾ ਇਹ ਕਾਰੋਬਾਰ ਵੀ ਠੱਪ ਹੋਣ ਵਰਗਾ ਹੀ ਸੀ। ਉਂਜ ਵੀ ਇੱਕ ਹੱਥ ਖੱਡੀ ਵੱਡੇ ਪਰਿਵਾਰ ਦਾ ਪੇਟ ਪਾਲਣ ਦੇ ਸਮਰੱਥ ਨ੍ਹੀਂ ਸੀ। ਕਿਸੇ ਪਾਸਿਓਂ ਵਾਹ ਨਾ ਚੱਲਦੀ ਵੇਖ 'ਪਾਪਾ ਜੀ' ਵਿਹੜੇ ਦੇ ਹੋਰ ਬੰਦਿਆਂ ਨਾਲ ਰਲ਼ ਕੇ ਖੇਤਾਂ ਵਿਚ ਮਜ਼ਦੂਰੀ ਕਰਨ ਜਾਣ ਲੱਗੇ। ਪਾਪਾ ਜੀ ਦਾ ਸਰੀਰ ਭਾਰਾ ਹੋਇਆ ਪਿਆ ਸੀ। ਪੇਟ ਵਧਿਆ ਹੋਇਆ। ਖੇਤ ਵਿਚ ਗੁਡ-ਗੁਡਾਈ ਦਾ ਕੰਮ ਕਰਦਿਆਂ ਪੈਰਾਂ ਭਾਰ ਬੈਠਣਾ ਉਸ ਲਈ ਔਖਾ ਹੋ ਜਾਂਦਾ। ਉਸਨੂੰ ਹੌਂਕਣੀ ਚੜ੍ਹ ਜਾਂਦੀ। ਖੇਤੀ ਦਾ ਔਖਾ ਭਾਰਾ ਕੰਮ ਉਸਦੇ ਵੱਸ ਕਿੱਥੇ ਸੀ? ਕਈ ਸ਼ਰੀਕਾਂ ਨੂੰ ਬਾਪ ਦੀ ਅਜਿਹੀ ਹਾਲਤ ਵੇਖ ਕੇ ਅਲੌਕਿਕ ਆਨੰਦ ਚੜ੍ਹਦਾ। ਬਾਪ ਦੇ ਚਾਚੇ ਦਾ ਪੁੱਤ ਲਾਲ ਸਿਹੁੰ ਇਨ੍ਹਾਂ 'ਚੋਂ ਇੱਕ ਸੀ। 'ਫ਼ੌਜੀਆ! ਫ਼ੌਜ 'ਚ ਖਾਧੇ ਮੁਰਗੇ ਢਿੱਡ 'ਚ ਬਾਂਗਾਂ ਦਿੰਦੇ ਹੋਣ ਆਂ।' ਉਹ ਨਸ਼ਤਰ ਲਾਉਂਦਾ।

'ਲਾਲ ਸਿਆਂ! ਟੈਮ-ਟੈਮ ਦੀ ਗੱਲ ਐ। ਬਥੇਰੇ ਮੁਰਗਿਆਂ ਦੀਆਂ ਧੌਣਾਂ ਮਰੋੜੀਆਂ। ਟੈਮ ਬਦਲਦਾ ਰਹਿੰਦਾ। ਸਦਾ ਇੱਕੋ ਜਿਹਾ ਨ੍ਹੀਂ ਰਹਿੰਦਾ। ਕਦੇ ਟੈਮ ਆਊ... ਫੇਰ ਮੁਰਗਿਆਂ ਦੀਆਂ ਧੌਣਾਂ ਮਰੋੜਨ ਲੱਗ ਜਾਂਗੇ।'

ਦਿਹਾੜੀ ਨਾਲ ਚਾਰ ਪੈਸੇ ਘਰ ਆਉਣ ਲੱਗੇ ਸਨ। ਚੁੱਲ੍ਹਾ ਸੌਖਾ ਬਲ੍ਹਣ ਲੱਗਾ ਸੀ। ਸ਼ਰੀਕੇ ਦੇ ਢਿੱਡ ਵਿਚ ਫਿਰ ਸੂਲ ਉਠ ਪਿਆ। ਲਾਲੂ ਨੇ ਖੇਤ ਮਾਲਕ ਨੂੰ ਉਂਗਲ ਦੇ ਦਿੱਤੀ, 'ਬਾਵਾ ਤਾਂ ਮੁਫ਼ਤ ਦੀਆਂ ਰੋਟੀਆਂ ਪਾੜਦਾ। ਕੰਮ ਦਾ ਡੱਕਾ ਨ੍ਹੀਂ ਤੋੜਦਾ, ਮੁਫ਼ਤ ਦੀ ਦਿਹਾੜੀ ਲੈਂਦਾ। ਇੱਕ ਜੁਆਕ ਜਿੰਨਾ ਕੰਮ ਨ੍ਹੀਂ ਹੁੰਦਾ ਇਹਤੋਂ।'

'ਕੀ ਕਰੀਏ?'

'ਕਰਨਾ ਕੀ ਐ? ਜੁਆਬ ਦੇਹ।' ਤੇ ਉਸਨੇ ਬਾਪੂ ਨੂੰ ਕੰਮ ਤੋਂ ਜੁਆਬ ਦੇਣ ਲਈ ਵੀ ਲਾਲ ਨੂੰ ਹੀ ਕਹਿ ਦਿੱਤਾ ਸੀ।

'ਫ਼ੌਜੀਆਂ! ਤੂੰ ਵਈ ਰਮਾਨ ਕਰ ਚਾਰ ਦਿਨ। ਕੱਲ੍ਹ ਨੂੰ ਨਾ ਆਵੀਂ। ਮਾਲਕ ਨੇ ਆਖਿਆ।' ਲਾਲ ਦੀ ਗੱਲ ਸੁਣਦਿਆਂ ਬਾਪ ਦੇ ਹੱਥੋਂ ਰੰਬੀ ਛੁੱਟ ਗਈ ਸੀ। ਉਸਨੇ ਦੇਖਿਆ, ਲਾਲ ਵੱਟ 'ਤੇ ਖੜ੍ਹਾ ਮੁਸਕੜੀਏਂ ਹੱਸ ਰਿਹਾ ਸੀ। ਬਾਪ ਬੇਵਸੀ ਜਿਹੀ 'ਚ ਉੱਠ ਖੜ੍ਹਾ ਹੋਇਆ ਸੀ। ਗੁਡਾਈ ਕਰਦੇ ਬਾਕੀ ਦਿਹਾੜੀਦਾਰਾਂ ਨੇ ਵੀ ਰੰਬੀਆਂ ਥਾਏਂ ਸੁੱਟ ਦਿੱਤੀਆਂ ਸਨ।

'ਏਹ ਕੀ ਗੱਲ ਹੋਈ...ਜੇ ਏਹਨੂੰ ਕੰਮ 'ਤੇ ਨ੍ਹੀਂ ਲਾਉਣਾ...ਸਾਡਾ ਵੀ ਜੁਆਬ ਐ।' ਹੱਥ ਝਾੜਦੇ ਉਹ ਖੇਤੋਂ ਬਾਹਰ ਆ ਗਏ ਸਨ। ਜਦੋਂ ਖੇਤ ਮਾਲਕ ਨੂੰ ਪਤਾ ਲੱਗਾ, ਉਸਦੇ ਹੱਥਾਂ ਦੇ ਤੋਤੇ ਉੱਡ ਗਏ। ਝੋਨੇ ਵਿਚ ਕੱਖ ਦਾ ਬੂਥ ਚੜ੍ਹਿਆ ਪਿਆ ਸੀ। ਦਿਹਾੜੀਆ ਉਨ੍ਹੀਂ ਦਿਨੀਂ ਬੜੀ ਮੁਸ਼ਕਿਲ ਨਾਲ ਮਿਲਦਾ ਸੀ। ਉਹ ਲਾਲੂ ਨਾਲ ਲਾਲ ਪੀਲਾ ਹੋਣ ਲੱਗਾ, 'ਇਹ ਸਾਲਾ ਆਵਦੇ ਕੋਲੋਂ ਈ ਛੱਡੀ ਜਾਂਦੈ.. ਮੈਂ ਕਦੋਂ ਬਾਵਾ ਸਿਹੁੰ ਨੂੰ ਜੁਆਬ ਦਿੱਤਾ ਕੰਮ ਤੋਂ।' ਉਸਨੇ ਸਾਰਿਆਂ ਦੀ ਮਿੰਨਤ-ਤਰਲਾ ਕਰਕੇ ਵਾਪਸ ਕੰਮ 'ਤੇ ਲਾਇਆ। ਦਰਅਸਲ ਬਾਕੀ ਸਾਰੇ ਮੁੰਡੇ ਆਪਣੇ ਕੰਮ ਦੇ ਨਾਲ-ਨਾਲ ਵਿੱਤੋਂ ਵੱਧ ਹੰਭਲਾ ਮਾਰ ਕੇ ਬਾਪ ਦੇ ਹਿੱਸੇ ਦਾ ਵੀ ਕੰਮ ਕਰਦੇ ਸਨ। ਵਧ ਚੜ੍ਹ ਕੇ ਜ਼ੋਰ ਲਾਉਂਦੇ ਤਾਂ ਜੋ ਬਾਪ ਦੀ ਕਮਜ਼ੋਰੀ ਕਾਰਨ ਪੈਣ ਵਾਲਾ ਖੱਪਾ ਪੂਰਿਆ ਜਾ ਸਕੇ, ਪਰ ਜ਼ਿੰਦਗੀ ਦੇ ਖੱਪੇ ਇਸ ਤਰ੍ਹਾਂ ਥੋੜ੍ਹਾ ਪੂਰੇ ਜਾਂਦੇ ਨੇ?

ਤੰਗੀ ਦੇ ਇਨ੍ਹਾਂ ਦਿਨਾਂ ਵਿਚ ਹੀ ਬੈਂਕ ਵਾਲਿਆਂ ਨੇ ਵੀ ਆਪਣਾ ਸ਼ਿਕੰਜਾ ਕੱਸ ਦਿੱਤਾ ਸੀ। ਆਪਣੀ ਡੁੱਬੀ ਰਕਮ ਉਗਰਾਹੁਣ ਲਈ ਉਨ੍ਹਾਂ ਨੇ ਘਰ ਵਿਚ ਗੇੜੇ 'ਤੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਆਏ ਦਿਨ ਬਾਪੂ ਨੂੰ ਕਿਧਰੇ ਲੁਕਣਾ ਪੈਂਦਾ। ਬੈਂਕ ਵਾਲਿਆਂ ਤੋਂ ਕੁਝ ਨਾ ਕੁਝ ਖਹਿੜਾ ਛੁਡਾਉਣ ਲਈ ਘਰ ਦੇ ਕਿੱਲੇ 'ਤੇ ਬੱਝੀ ਮੱਝ ਵੇਚ ਦਿੱਤੀ ਗਈ। ਮੱਝ ਦੋ-ਢਾਈ ਕਿੱਲੋ ਦੁੱਧ ਦਿੰਦੀ ਸੀ। ਜਿਸ ਵਿਚੋਂ ਅੱਧਾ ਘਰ ਵਰਤ ਕੇ, ਬਾਕੀ ਵੇਚ ਦਿੱਤਾ ਜਾਂਦਾ ਸੀ। ਮਾਂ ਦੇ ਹੱਥਾਂ 'ਚ ਪਤਾ ਨ੍ਹੀਂ ਕੀ ਕਰਾਮਾਤ ਸੀ, ਕਿੱਲੋ ਦੁੱਧ ਹੀ ਨ੍ਹੀਂ ਸੀ ਮੁੱਕਦਾ। ਦਹੀਂ ਲੱਸੀ ਵੀ ਜੁਆਕਾਂ ਨੂੰ ਪੀਣ-ਖਾਣ ਲਈ ਮਿਲ ਜਾਂਦੀ ਸੀ।

'ਕਰਮਾਂ ਵਾਲੀ ਦਾ ਦੁੱਧ ਈ ਬਾਹਲਾ ਸੰਘਣਾ...ਘਰ ਵਰਤਣ ਵਾਸਤੇ ਕਿੱਲੋ ਈ ਵਾਧੂ ਐ।' ਮਾਂ ਅਕਸਰ ਆਖਦੀ। ਸ਼ਾਇਦ ਸੱਚ ਈ ਬੋਲਦੀ ਹੋਵੇ?

ਇੱਕ ਵੇਲੇ ਦਾ ਚੁੱਲ੍ਹਾ ਇਹ ਕਰਮਾਂ ਵਾਲੀ ਹੀ ਚਲਾਉਂਦੀ ਸੀ। ਪਾਪਾ ਜੀ ਮੱਝ ਦੇ ਪਿੰਡੇ 'ਤੇ ਪਿਆਰ ਨਾਲ ਹੱਥ ਫੇਰਦੇ ਰਹਿੰਦੇ। ਥਣਾਂ ਨਾਲ ਲੱਗੀਆਂ ਚਿਚੜੀਆਂ ਤੋੜਦੇ। ਖੁਰ ਧੋ-ਧੋ ਸਾਫ਼ ਕਰਦੇ, ਸਿੰਗਾਂ ਨੂੰ ਤੇਲ ਨਾਲ ਚੋਪੜਦੇ। ਹੁਣ ਜਦੋਂ ਕੋਈ ਵਾਹ ਪੇਸ਼ ਨਾ ਗਈ, ਮੱਝ ਦਾ ਸੰਗਲ ਖੋਲ੍ਹ ਕੇ ਵਪਾਰੀ ਨੂੰ ਫੜਾ ਦਿੱਤਾ ਸੀ। ਮਾਂ ਮੱਝ ਦੀ ਖ਼ਾਲੀ ਪਈ ਖੁਰਲੀ 'ਤੇ ਸਿਰ ਸੁੱਟ ਕੇ ਕਿੰਨਾ ਚਿਰ ਰੋਂਦੀ ਰਹੀ ਸੀ। ਸਾਡੀਆਂ ਨਿਆਣਿਆਂ ਦੀਆਂ ਵੀ ਧਾਹਾਂ ਨਿਕਲ ਗਈਆਂ ਸਨ। ਦਰਅਸਲ ਸਾਡਾ ਤਾਂ ਮੱਝ ਨਾਲੋਂ ਵੀ ਵੱਧ ਕੱਟੇ ਨਾਲ ਮੋਹ ਸੀ ਜਿਸਨੂੰ ਸਾਰੀ ਦਿਹਾੜੀ ਲਾਡ-ਲਡਾਉਂਦੇ ਨ੍ਹੀਂ ਸੀ ਥੱਕਦੇ। ਇਹ ਤਾਂ ਵੱਡੇ ਹੋਣ 'ਤੇ ਪਤਾ ਲੱਗਾ ਕਿ ਗ਼ਰੀਬ ਪਰਿਵਾਰਾਂ ਦੇ ਲੋਕ ਮੱਝਾਂ, ਗਾਵਾਂ ਤੇ ਬੱਕਰੀਆਂ ਨੂੰ ਐਨਾਂ ਮੋਹ ਕਿਉਂ ਕਰਦੇ ਨੇ।

ਮੱਝ ਨੂੰ ਘਰੋਂ ਤੋਰ ਕੇ ਬਾਪੂ ਨੇ ਵੀ ਸਾਰੇ ਟੱਬਰ ਤੋਂ ਅੱਖ ਬਚਾ ਕੇ ਅੱਖਾਂ ਵਿਚ ਸਿੰਮ ਆਇਆ ਪਾਣੀ ਸਾਫ਼ ਕੀਤਾ ਸੀ।

'ਮੱਝ ਦਾ ਲੇਵਾ ਫੁੱਟਾ ਸੀ। ਊਂ ਵੀ ਅਹੁਰਿਆ ਜਿਹਾ ਸੀ। ਇਹੋ ਜਿਹਾ ਪਸੂ ਘਰੇ ਰੱਖਣਾ ਠੀਕ ਨ੍ਹੀਂ ਹੁੰਦਾ। ਵਫ਼ਾ ਨ੍ਹੀਂ ਕਰਦਾ। ਮੱਝ ਵੇਚਣੀ ਠੀਕ ਸੀ। ਆਹ ਦਹੁੰ-ਚਹੁੰ ਦਿਨਾਂ ਦੀ ਗੱਲ ਐ.. ਅਗਲੇ ਹਫ਼ਤੇ ਹੋਰ ਲੈ ਆਵਾਂਗੇ।' ਇਹ ਦੋ-ਚਾਰ ਦਿਨ ਉਦੋਂ ਤੱਕ ਜਾਰੀ ਰਹੇ ਜਦੋਂ ਤਕ ਇੱਕ ਫੰਡਰ ਅਤੇ ਅਵਾਰਾ ਜਿਹੀ ਗਾਂ, 'ਗਊਂ ਕਿੱਲੇ 'ਤੇ ਰੱਖਣੀ ਠੀਕ ਹੁੰਦੀ ਐ। ਗਊ ਮਾਤਾ ਦੀ ਸੇਵਾ ਤਾਂ ਤਾਰ ਦਿੰਦੀ ਐ ਬੰਦੇ ਨੂੰ' ਆਖਦਿਆਂ ਫੜ ਕੇ ਕਿੱਲੇ 'ਤੇ ਨ੍ਹੀਂ ਸੀ ਬੰਨ੍ਹ ਲਈ। ਅਸੀਂ ਹੈਰਾਨ ਸਾਂ ਬਾਪ ਮੱਝ ਨਾਲੋਂ ਵੀ ਵੱਧ ਪਿਆਰ ਨਾਲ ਗਾਂ ਨੂੰ ਨਹਾਉਣ ਧਵਾਉਣ ਲੱਗਾ ਰਹਿੰਦਾ ਸੀ।

ਘਰ ਵਿਚ ਇੰਨੀ ਜ਼ਿਆਦਾ ਤੰਗੀ ਹੋਣ ਦੇ ਬਾਵਜੂਦ ਪਾਪਾ ਜੀ ਨੇ ਸਾਨੂੰ ਭੈਣ-ਭਰਾਵਾਂ ਨੂੰ ਪੜ੍ਹਨੋਂ ਨ੍ਹੀਂ ਸੀ ਹਟਾਇਆ। ਉਹ ਚਾਹੁੰਦਾ ਤਾਂ ਆਵਦਾ ਹੱਥ ਸੁਖਾਲਾ ਕਰਨ ਲਈ ਸਾਡੇ ਹੱਥਾਂ ਵਿਚੋਂ ਕਾਪੀ ਪੈੱਨ ਛੁਡਾ ਕੇ ਵੱਗ ਚਾਰਨ ਵਾਲੀ ਸੋਟੀ ਫੜਾ ਦਿੰਦਾ। ਪਰ ਉਸਦੇ ਤਾਂ ਸੁਪਨੇ ਹੀ ਹੋਰ ਸਨ। ਸਾਨੂੰ ਕਿਸੇ ਮੁਕਾਮ 'ਤੇ ਪੁੱਜਦਾ ਕਰਨ ਲਈ ਤਾਂ ਉਹ ਮੰਡੀ 'ਚ ਵੀ ਵਿਕ ਸਕਦਾ ਸੀ।

ਘੋਰ ਗਰੀਬੀ ਦੇ ਇਨ੍ਹਾਂ ਦਿਨਾਂ ਵਿਚ ਹੀ, ਇੱਕ ਦੁਪਹਿਰ ਨੂੰ ਡਾਕੀਏ ਨੇ ਰੁਜ਼ਗਾਰ ਦਫ਼ਤਰ ਦਾ ਕਾਰਡ ਆ ਫੜਾਇਆ। ਇਹ ਪੀਲਾ ਜਿਹਾ ਕਾਰਡ ਜਿਵੇਂ ਸਾਡੇ ਟੱਬਰ ਦੇ ਚਿਹਰਿਆਂ ਦੀ ਪਲੱਤਣ ਚੱਕ ਦੇਣ ਲਈ ਕਿਸੇ ਅਲਾਦੀਨ ਦੇ ਚਿਰਾਗ ਵਾਂਗੂੰ ਬਹੁੜਿਆ ਸੀ। ਉਨ੍ਹੀਂ ਦਿਨੀਂ ਬਾਪੂ ਮਨਾਵੇਂ ਵਾਲੇ ਸੋਢੀਆਂ ਦੀ ਕੰਬਾਈਨ 'ਤੇ ਡਰਾਈਵਰ ਜਾ ਲੱਗਾ ਸੀ। ਫ਼ੌਜ ਵਿਚ ਸਿੱਖੀ ਡਰਾਇਵਰੀ ਉਸ ਦੇ ਕੰਮ ਆ ਗਈ ਸੀ। ਉੱਥੋਂ ਹੀ ਪਾਪਾ ਜੀ ਡਰੇਨੇਜ ਵਿਭਾਗ ਵਿਚ ਨੌਕਰੀ ਲਈ ਇੰਟਰਵਿਊ ਦੇਣ ਚਲੇ ਗਏ ਸਨ ਜਿੱਥੇ ਉਨ੍ਹਾਂ ਨੂੰ ਵਰਕਨਦਾਜ਼ ਦੀ ਚੌਥੇ ਦਰਜੇ ਵਾਲੀ ਅਸਾਮੀ ਲਈ ਚੁਣ ਲਿਆ ਗਿਆ ਸੀ। ਇਹ ਤਾਂ ਪਰਿਵਾਰ ਦੀ ਜ਼ਿੰਦਗੀ ਵਿਚ ਕਿਸੇ ਵੱਡੇ ਇਨਕਲਾਬ ਦੇ ਆ ਜਾਣ ਵਾਲੀ ਗੱਲ ਸੀ। ਘੱਟ ਤਨਖ਼ਾਹ ਦੇ ਬਾਵਜੂਦ ਹੁਣ ਸਾਡੀ ਪੜ੍ਹਾਈ ਨਿਰਵਿਘਨ ਜਾਰੀ ਰਹਿ ਸਕਦੀ ਸੀ। ਘਰਦਿਆਂ ਦੇ ਚਿਹਰਿਆਂ 'ਤੇ ਵਰ੍ਹਿਆਂ ਬਾਅਦ ਫੇਰ ਰੌਣਕ ਪਰਤ ਆਈ ਸੀ।

ਗੱਲ ਉਦੋਂ ਦੀ ਹੈ, ਜਦੋਂ ਮੈਂ ਅਜੇ ਤੀਜੀ ਜਮਾਤੇ ਚੜ੍ਹਿਆ ਹੀ ਸਾਂ। ਪੜ੍ਹਨ ਵਿਚ ਤੇਜ਼ ਸਾਂ ਜਿਸ ਕਰਕੇ ਸਕੂਲ ਭੈਣ ਜੀ ਵੀ ਬੜਾ ਪਿਆਰ ਕਰਦੇ ਸਨ। ਕਾਲਜ ਦਾ ਮੋਨੀਟਰ ਵੀ ਮੈਨੂੰ ਹੀ ਬਣਾਇਆ ਹੋਇਆ ਸੀ। ਇਸਦੇ ਬਾਵਜੂਦ ਸਕੂਲ ਜਾਣ ਨੂੰ ਮੇਰਾ ਜੀਅ ਹੀ ਨ੍ਹੀਂ ਸੀ ਕਰਦਾ। ਕਿਸੇ ਨਾ ਕਿਸੇ ਬਹਾਨੇ ਟਾਲਾ ਮਾਰ ਜਾਂਦਾ। ਇਸਦਾ ਵੱਡਾ ਕਾਰਨ ਆਪਣੇ 'ਗ਼ਰੀਬ ਕੱਪੜਿਆਂ' ਕਾਰਨ ਅੰਦਰ ਪੈਦਾ ਹੋ ਚੁੱਕੀ ਹੀਣ-ਭਾਵਨਾ ਸੀ। ਮੈਨੂੰ ਜਾਪਦਾ ਜਿਵੇਂ ਮੇਰੇ ਨਾਲ ਦੇ ਹਾਣੀ ਮੇਰੇ ਕੱਪੜਿਆਂ ਵੱਲ ਵੇਖ ਕੇ ਗੁੱਝਾ-ਗੁੱਝਾ ਹੱਸਦੇ ਹੋਣ। ਪਹਿਲਾਂ ਵਾਂਗ ਮੈਂ ਇੱਕ ਦਿਨ ਸਕੂਲੋਂ ਘੇਸਲ ਮਾਰ ਲਈ ਸੀ। ਸਕੂਲ ਮਾਸਟਰਾਣੀ ਨੇ ਕਲਾਸ ਦੇ ਦੋ ਬੱਚੇ ਮੈਨੂੰ ਘਰੋਂ ਬੁਲਾਉਣ ਲਈ ਭੇਜ ਦਿੱਤੇ। ਕੁਦਰਤੀ ਬਾਪ ਉਸ ਦਿਨ ਅਜੇ ਕੰਮ 'ਤੇ ਨ੍ਹੀਂ ਸੀ ਗਿਆ। ਜਦੋਂ ਉਸਨੂੰ ਮੇਰੇ ਸਕੂਲੋਂ ਗ਼ੈਰ-ਹਾਜ਼ਰ ਰਹਿਣ ਦਾ ਪਤਾ ਲੱਗਾ, ਉਹ ਜੁੱਤੀ ਲਾਹ ਕੇ ਮੇਰੇ ਦੁਆਲੇ ਹੋ ਗਿਆ। ਮੈਂ ਆਪਣਾ ਕੱਛਾਂ ਤੋਂ ਫਟ ਚੁੱਕਾ ਕੁੜਤਾ ਦਿਖਾਇਆ ਤਾਂ ਉਸਦਾ ਗੁੱਸਾ ਸੱਤਵੇਂ ਅਸਮਾਨ 'ਤੇ ਜਾ ਪਹੁੰਚਿਆ। ਠਿੱਬੀ ਜੁੱਤੀ ਟਿਕਾ-ਟਿਕਾ ਕੇ ਮੇਰੀ ਗਿੱਚੀ ਵਿਚ ਮਾਰਨੀ ਸ਼ੁਰੂ ਕਰ ਦਿੱਤੀ, 'ਸਾਲਾ ਵੱਡਾ ਨਵਾਬਜ਼ਾਦਾ... ਦਿੰਨਾਂ ਤੈਨੂੰ ਹੁਣੇ ਪੋਸ਼ਾਕ ਸੰਵਾ ਕੇ...ਪਟਿਆਲੇ ਆਲੇ ਰਾਜੇ ਦਾ ਕਾਕਾ ਜੁ ਹੋਇਆ।' ਬਾਪੂ ਨੂੰ ਐਨੇ ਗੁੱਸੇ ਵਿਚ ਮੈਂ ਪਹਿਲੀ ਵਾਰ ਦੇਖਿਆ ਸੀ। ਉਸ ਦਿਨ ਸਕੂਲ ਤੱਕ ਸਾਰੇ ਰਾਹ ਮੈਨੂੰ ਕੁੱਟਦਾ ਹੀ ਲੈ ਕੇ ਗਿਆ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਸੀ। ਸ਼ਾਮ ਨੂੰ ਜਦੋਂ ਮੈਂ ਸਕੂਲੋਂ ਆਇਆ, ਪਾਪਾ ਜੀ ਕੁੜਤੇ-ਪਜਾਮੇ ਲਈ ਮੋਟੇ ਖੱਦਰ ਦਾ ਨਵਾਂ ਕੱਪੜਾ ਲਿਆ ਚੁੱਕੇ ਸਨ। ਉਨ੍ਹਾਂ ਮੈਨੂੰ ਬੁੱਕਲ ਵਿਚ ਲੈ ਲਿਆ। ਅੱਖਾਂ ਵਿਚ ਪਾਣੀ ਤੈਰ ਰਿਹਾ ਸੀ।

'ਮੇਰਾ ਕਿਤੇ ਜੀਅ ਨ੍ਹੀਂ ਕਰਦੈ ਥੋਨੂੰ ਨਵੇਂ-ਨਵੇਂ ਕੱਪੜੇ ਲੈ ਕੇ ਦੇਣ ਨੂੰ। ਮੇਰਾ ਵੱਸ ਚੱਲੇ...।' ਅੱਗੇ ਉਸ ਤੋਂ ਬੋਲਿਆ ਨ੍ਹੀਂ ਸੀ ਗਿਆ। ਗੱਚ ਭਰ ਆਇਆ। ਅੱਖਾਂ ਦਾ ਪਾਣੀ ਘਰਾਲਾਂ ਬਣ ਕੇ ਕਰੜ-ਬਰੜੀ ਦਾਹੜੀ ਵਿਚ ਗੁਆਚ ਗਿਆ ਸੀ। ਉਹ ਕਿੰਨਾ ਹੀ ਚਿਰ ਮੈਨੂੰ ਬੁੱਕਲ ਵਿਚ ਲੈ ਕੇ ਸਿਰ ਪਲੋਸਦਾ ਰਿਹਾ।

'ਆਮ ਆਦਮੀ' ਵਾਂਗ ਬਾਪ ਵੀ ਹਮੇਸ਼ਾ ਤਿਲਕਵੀਂ ਰਾਜਨੀਤਕ ਵਿਚਾਰਧਾਰਾ ਵਾਲਾ ਹੀ ਰਿਹਾ। ਸਾਰੀ ਉਮਰ ਹੀ ਉਸਦੀ ਕੋਈ ਪੱਕੀ ਵਿਚਾਰਧਾਰਾ ਨ੍ਹੀਂ ਬਣ ਸਕੀ। ਉਹ ਕਦੇ ਕਿਸੇ ਦੇ ਗੁਣ-ਗਾਉਣ ਲੱਗਦਾ, ਕਦੇ ਕਿਸੇ ਦੇ। ਆਮ ਗ਼ਰੀਬਾਂ ਵਾਂਗ ਕਾਂਗਰਸ ਉਸਦੇ ਹੱਡਾਂ ਵਿਚ ਵੜੀ ਹੋਈ ਸੀ। ਇੰਦਰਾ ਗਾਂਧੀ ਉਸਨੂੰ ਦੇਸ਼ ਦੇ ਗਰੀਬਾਂ ਦੀ ਸਭ ਤੋਂ ਵੱਡੀ ਹਮਦਰਦ ਜਾਪਦੀ। ਉਹ ਕਾਂਗਰਸੀ ਨੇਤਾ ਬੂਟਾ ਸਿੰਘ ਦੇ ਗੁਣਗਾਣ ਕਰਦਾ ਰਹਿੰਦਾ। ਅੱਸੀਵੇਂ ਦਹਾਕੇ ਦੇ ਅਖ਼ੀਰਲੇ ਸਾਲਾਂ ਵਿਚ ਬਹੁਜਨ ਸਮਾਜ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ ਤਾਂ ਮੇਰੇ ਵਰਗੇ ਤੱਤੇ ਖ਼ੂਨ ਵਾਲੇ ਮੁੰਡੇ ਕੰਧਾਂ 'ਤੇ ਹਾਥੀ ਵਾਹੁਣ ਲੱਗੇ। ਮੈਂ ਪਾਰਟੀ ਝੰਡਾ ਚੁੱਕ ਕੇ ਥਾਂ-ਪੁਰ-ਥਾਂ ਰੈਲੀਆਂ, ਧਰਨਿਆਂ ਅਤੇ ਕਾਨਫਰੰਸਾਂ 'ਤੇ ਤੁਰਿਆ ਰਹਿੰਦਾ। ਸਗੋਂ ਪਿੰਡਾਂ ਦੇ ਦਲਿਤ ਵਿਹੜਿਆਂ ਅਤੇ ਭੱਠਿਆਂ 'ਤੇ ਜਾ ਕੇ ਪਾਰਟੀ ਦੀ ਸਕੂਲਿੰਗ ਵੀ ਕਰਨ ਲੱਗ ਪਿਆ ਸਾਂ। ਪਾਪਾ ਜੀ ਨੂੰ ਮੇਰੀਆਂ ਇਹ ਸਰਗਰਮੀਆਂ ਉੱਕਾ ਹੀ ਨ੍ਹੀਂ ਸੀ ਭਾਉਂਦੀਆਂ। ਉਹ ਮੈਨੂੰ ਪਾਰਟੀ ਵਿਚ ਕੰਮ ਕਰਨ ਲਈ ਉਤਸ਼ਾਹਿਤ ਕਰਨ ਵਾਲੇ ਗੁਆਂਢੀ ਮਾਸਟਰ ਨੂੰ ਸ਼ਲੋਕ ਸੁਣਾਉਂਦਾ ਰਹਿੰਦਾ। ਉਹ ਪਾਰਟੀ ਅਤੇ ਪਾਰਟੀ ਸੁਪਰੀਮੋ ਕਾਂਸ਼ੀ ਰਾਮ ਨੂੰ ਵੀ ਚੋਂਦੀਆਂ-ਚੋਂਦੀਆਂ ਗਾਹਲਾਂ ਕੱਢਦਾ,

'ਚਮਾਰਾਂ ਦੀ ਪਾਰਟੀ ਆ...ਆਹ ਸਾਡੇ ਛੋਹਰ ਚਮਾਰਾਂ ਦੇ ਟੇਟੇ ਚੜ੍ਹੇ ਫਿਰਦੇ ਆ...ਭੱਥਾ ਭੰਨਾ ਕੇ ਪਿਛਾਂਹ ਹਟਣਗੇ।'

ਕਦੇ ਉਹ ਆਖਦਾ 'ਚਮਾਰ ਖੁੱਡੇ ਲਾਉਣਗੇ ਸਾਰਿਆਂ ਨੂੰ...ਏਹ ਪੜ੍ਹੀ ਲਿਖੀ ਕੌਮ ਐ...ਬਾਕੀ ਸ਼ਡੂਲਕਾਸਟਾਂ ਦਾ ਹੱਕ ਖਾਈ ਜਾਂਦੀ ਆ। ਆਹ ਸਾਡੇ ਆਲੇ ਢੋਡਰ...ਮਗਰ ਲੱਗੇ ਫਿਰਦੇ। ਇਨ੍ਹਾਂ ਨੂੰ ਅਸਲੀਅਤ ਦਾ ਨ੍ਹੀਂ ਪਤਾ।' ਪਾਪਾ ਜੀ ਦੇ ਮਨ 'ਚ ਜੋ ਭਰਿਆ ਸੀ, ਉਹੀ ਬਾਹਰ ਨਿਕਲਣਾ ਸੀ। ਸਮਾਜ ਵਿਚ ਜਾਤੀਵਾਦ ਦੀਆਂ ਪੀਢੀਆਂ ਪਈਆਂ ਗੰਢਾਂ ਦੀ ਮਾਰ ਉਸਨੇ ਆਪਣੇ ਪਿੰਡੇ 'ਤੇ ਹੰਢਾਈ ਸੀ। ਫ਼ੌਜ ਵਿਚ ਜਾਤੀ ਅਧਾਰ 'ਤੇ ਭਾਰੀ ਵਿਤਕਰਾ ਹੁੰਦਾ ਰਿਹਾ ਸੀ। ਇੱਥੇ ਜਾਤੀ ਅਧਾਰ 'ਤੇ ਇੱਕ ਦੂਜੇ ਦਾ ਰਿਕਾਰਡ ਖ਼ਰਾਬ ਕਰਨ ਦੀ ਕੋਈ ਕਸਰ ਬਾਕੀ ਨ੍ਹੀਂ ਸੀ ਛੱਡੀ ਜਾਂਦੀ। ਇਸੇ ਵਿਤਕਰੇ ਦਾ ਸ਼ਿਕਾਰ ਬਾਪ ਵੀ ਹੋਇਆ ਸੀ। ਕੁਝ ਆਪਣੇ ਅੱਖੜ ਤੇ ਕਿਸੇ ਅੱਗੇ ਸਿਰ ਨਾ ਝੁਕਾਉਣ ਵਾਲੇ ਸੁਭਾਅ ਕਰਕੇ ਅਤੇ ਕੁਝ ਜਾਤੀ ਖਿੱਚੋਤਾਣ ਕਰਕੇ। ਉਨ੍ਹਾਂ ਵੇਲਿਆਂ ਦੀਆਂ ਅੱਠ ਜਮਾਤਾਂ ਪਾਸ ਬਾਪ, ਫ਼ੌਜ ਵਿਚੋਂ ਬਿਨਾਂ ਕੋਈ ਫੀਤੀ ਲੁਆਇਆਂ, ਸਿਪਾਹੀ ਦਾ ਸਿਪਾਹੀ ਹੀ ਪੈਨਸ਼ਨ ਆ ਗਿਆ ਸੀ। ਰਿਸ਼ਤੇਦਾਰੀ 'ਚੋਂ ਲੱਗਦਾ ਫੁੱਫੜ ਜੱਗਰ ਸਿੰਘ ਅਕਸਰ ਕਹਿੰਦਾ ਹੁੰਦਾ ਸੀ, 'ਬਾਵਾ ਸੂੰਅ ਨੇ ਸੁਭਾਅ ਨ੍ਹੀਂ ਬਦਲਿਆ ਸਾਰੀ ਉਮਰ...ਫ਼ੌਜ 'ਚ ਵੀ ਪਿੰਡ ਆਲਾ ਹੀ ਹਸਾਬ ਰੱਖਿਆ। ਇੱਟ-ਖੜਿਕਾ ਲਈ ਰੱਖਿਆ ਨਾਲਦਿਆਂ ਨਾਲ। ਅਫ਼ਸਰਾਂ ਅੱਗੇ ਝੁਕਦਾ ਈ ਨ੍ਹੀਂ ਸੀ। ਗ਼ਲਤ ਨੂੰ ਗ਼ਲਤ, ਠੀਕ ਨੂੰ ਠੀਕ। ਮੂੰਹ 'ਤੇ ਮਾਰਦਾ ਸੀ ਅਗਲੇ ਦੇ। ਇਉਂ ਨ੍ਹੀਂ ਚੱਲਦਾ ਫ਼ੌਜ 'ਚ...ਵੇਖਲੋ ਸਾਡੇ ਵਰਗੇ 'ਨਪੜ ਬੰਦੇ ਫ਼ੌਜ 'ਚੋਂ ਸੂਬੇਦਾਰੀਆਂ ਕੁੱਟ ਕੇ ਲੈ ਆਏ, ਇਹ ਆ ਗਿਆ ਬੇਰੰਗ ਈ ਸਿਪਾਹੀ ਦਾ ਸਿਪਾਹੀ।' ਜੱਗਰ ਦਾ ਪਤਾ ਨਾ ਲੱਗਦਾ ਬਾਪ ਦੀ ਤਾਰੀਫ਼ ਕਰਦਾ ਹੈ ਜਾਂ ਬੁਰਿਆਈ।

ਬਾਪ ਦੀ ਕਾਂਗਰਸ ਪ੍ਰਸਤੀ ਦਾ ਵੱਡਾ ਕਾਰਨ ਘਰਾਂ ਵਿਚੋਂ ਲੱਗਦਾ ਭਰਾ ਵੀ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਬਾਅਦ ਹੋਈਆਂ ਚੋਣਾਂ ਵਿਚ ਉਹ ਦਫ਼ਤਰ ਦੀ ਹੈੱਡ ਕਲਰਕੀ ਤੋਂ ਅਸਤੀਫ਼ਾ ਦੇ ਕੇ ਕਾਂਗਰਸੀ ਟਿਕਟ 'ਤੇ ਵਿਧਾਨ ਸਭਾ ਦੀਆਂ ਪੌੜੀਆਂ ਜਾ ਚੜ੍ਹਿਆ ਸੀ। ਬਾਪ ਦਾ ਚਾਅ ਚੁੱਕਿਆ ਨ੍ਹੀਂ ਸੀ ਜਾਂਦਾ। ਉਧਰ ਵਿਧਾਇਕੀ ਵਾਲਾ ਬਟੇਰਾ ਪੈਰਾਂ ਥੱਲੇ ਆਉਣ ਨਾਲ ਬਾਪ ਦੇ ਚਚੇਰੇ ਭਰਾ ਦਾ ਦਿਮਾਗ ਸੱਤਵੇਂ ਅਸਮਾਨ ਜਾ ਚੜ੍ਹਿਆ। ਉਹ ਸ਼ਰਾਬ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਦੂਜੇ-ਚੌਥੇ ਦਿਨ ਕਾਰਬਾਈਨ ਨਾਲ ਤਾੜ-ਤਾੜ ਗੋਲੀਆਂ ਚਲਾਉਂਦਾ। ਗੋਲੀਆਂ ਦੀ ਆਵਾਜ਼ ਸੁਣ ਕੇ ਪਿੰਡ ਸੁਸਰੀ ਵਾਂਗ ਸੌਂ ਜਾਂਦਾ। ਅਸੀਂ ਸਾਰੇ ਘੁਰਨਿਆਂ ਵਿਚ ਜਾ ਵੜਦੇ। ਸੱਤਾ ਦੇ ਨਸ਼ੇ ਵਿਚ ਟੱਲੀ ਹੋਇਆ ਨੇਤਾ ਆਂਢ-ਗੁਆਂਢ ਨੂੰ ਬੇਵਜ੍ਹਾ ਗਾਲ੍ਹਾਂ ਕੱਢਦਾ। ਸਾਡੇ ਨਾਲ ਪਤਾ ਨ੍ਹੀਂ ਕੀ ਖ਼ੋਰ ਸੀ ਉਸਨੂੰ। ਉਹ ਆਪਣੇ ਅੰਗ-ਪਾਲਾਂ ਨੂੰ ਨਾਲ ਲੈ ਕੇ, ਦਰਵਾਜ਼ੇ ਮੂਹਰੇ ਸਾਨ੍ਹ ਵਾਂਗੂੰ ਖੌਰੂ ਪਾ ਜਾਂਦਾ। ਮੇਰੇ ਤੋਂ ਵੱਡਾ ਭਰਾ ਤਾਂ ਫ਼ੌਜ 'ਚ ਸੀ। ਸਾਨੂੰ ਬਾਕੀ ਭਰਾਵਾਂ ਨੂੰ ਗੁੱਸਾ ਚੜ੍ਹਦਾ ਪਰ ਮਾਂ-ਬਾਪ ਅੰਦਰ ਵਾੜ ਕੇ ਬੂਹਾ ਭੇੜ ਲੈਂਦੇ। ਵਿਧਾਇਕ ਬਾਦਸ਼ਾਹ ਵੱਲੋਂ ਪਾਈ ਦਹਿਸ਼ਤ ਨੇ ਬਾਪ ਵਰਗਿਆਂ ਦੇ ਸਿਰੋਂ ਕਾਂਗਰਸ ਦਾ ਫਤੂਰ ਉੱਕਾ ਹੀ ਲਾਹ ਦਿੱਤਾ ਸੀ। ਉਸਨੇ ਬਿਲਕੁਲ ਹੀ ਕੂਹਣੀ-ਮੋੜ ਕੱਟ ਲਿਆ। ਹੁਣ ਉਹ ਦਿਨ ਰਾਤ ਬਸਪਾ ਦੇ ਸੋਹਲੇ ਗਾਉਣ ਲੱਗਿਆ ਸੀ। ਮੇਰੀ ਹਾਂ ਵਿਚ 'ਹਾਂ' ਵੀ ਭਰਨ ਲੱਗਾ। ਸ. ਬੂਟਾ ਸਿੰਘ ਉਸ ਲਈ 'ਬੂਟੀ ਰਾਮ' ਬਣ ਗਿਆ, 'ਇਹ ਬੂਟੀ ਨੇ ਈ ਕੌਮ ਦਾ ਭੱਠਾ ਬਹਾਇਐ। ਆਵਦਾ ਕੋੜਮਾ ਪਾਲਿਆ...ਕੌਮ ਜਾਵੇ ਢੱਠੇ ਖੂਹ 'ਚ।' ਉਸਨੇ ਕਾਂਗਰਸੀ ਲੀਡਰਾਂ 'ਤੇ ਤਵਾ ਲਾਉਣਾ ਸ਼ੁਰੂ ਕਰ ਦਿੱਤਾ ਸੀ।

'ਗਰੀਬ-ਗੁਰਬੇ ਦਾ ਦਿਮਾਗ ਨ੍ਹੀਂ ਠੀਕ। ਰਲ਼ ਕੇ ਨ੍ਹੀਂ ਹੰਭਲਾ ਮਾਰਦੇ। ਨਈਂ ਕੀ ਨ੍ਹੀਂ ਕਰ ਸਕਦੇ? ਜੇ ਰਲ਼ ਕੇ ਹੰਭਲਾ ਮਾਰ ਲੈਣ, ਦਿੱਲੀ ਚਾਰ ਹੱਥ ਦੂਰ ਨ੍ਹੀਂ ਏਹਨਾਂ ਤੋਂ।' ਸੱਥ ਵਿਚ ਖੜ੍ਹ ਕੇ, ਉਸਦੇ ਪ੍ਰਚਾਰ ਦੀ ਸੁਰ ਤਿੱਖੀ ਹੋਣ ਲੱਗ ਪਈ ਸੀ। ਹੁਣ ਉਹ ਮੇਰੇ ਨਾਲ ਘਰ ਆਉਣ ਵਾਲੇ ਪਾਰਟੀ ਵਰਕਰਾਂ ਨੂੰ ਪੂਰੇ ਆਦਰ ਭਾਓ ਨਾਲ ਮਿਲਦਾ। ਉਨ੍ਹਾਂ ਦੀ ਸੇਵਾ ਹੋਣ ਲੱਗੀ ਸੀ। ਦਾਰੂ-ਪਿਆਲੇ ਦੇ ਸ਼ੌਕੀਨਾਂ ਦਾ ਮੂੰਹ ਵੀ ਬਾਪੂ ਦੀ ਫੌਜੀ ਰੰਮ ਨਾਲ ਕੌੜਾ ਹੋਣ ਲੱਗਾ।

ਬਾਪ ਦੀਆਂ ਇਨ੍ਹਾਂ ਗੱਲਾਂ ਨਾਲ ਵਿਧਾਇਕ ਬਾਦਸ਼ਾਹ ਸਗੋਂ ਹੋਰ ਚਿੜ੍ਹ ਗਿਆ ਸੀ। ਇਹ ਤਾਂ ਉਸਦੀ ਬਾਦਸ਼ਾਹਤ ਲਈ ਵੱਡੀ ਵੰਗਾਰ ਸੀ। ਉਹ ਬਾਪ ਨੂੰ ਨੌਕਰੀ ਤੋਂ ਕਢਾ ਦੇਣ ਦੀਆਂ ਧਮਕੀਆਂ ਦੇਣ ਲੱਗਾ ਸੀ। ਅਸੀਂ ਪਿੰਡ 'ਚ ਕਈ ਵਾਰ ਪੰਚਾਇਤ ਇਕੱਠੀ ਕਰ ਚੁੱਕੇ ਸਾਂ, ਪਰ ਵਿਧਾਇਕ ਬਾਦਸ਼ਾਹ ਤਾਂ ਪੰਚਾਇਤ ਨੂੰ ਹੀ ਟਿੱਚ ਸਮਝਦਾ ਸੀ। ਉਸਨੇ ਸਾਨੂੰ ਸਾਰੇ ਭਰਾਵਾਂ ਨੂੰ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਸਬੰਧੀ, ਥਾਣੇ ਬੰਦ ਕਰਵਾ ਦਿੱਤਾ। ਵੱਡੇ ਭਰਾ ਨੂੰ ਤਾਂ ਆਪਣੇ ਮੁਕਲਾਵੇ ਤੋਂ ਅਗਲੀ ਰਾਤ ਵੀ ਥਾਣੇ ਹੀ ਗੁਜ਼ਾਰਨੀ ਪਈ ਸੀ। ਸਾਨੂੰ ਬਾਪ 'ਤੇ ਰਹਿ-ਰਹਿ ਕੇ ਗੁੱਸਾ ਆਉਂਦਾ ਕਿ ਉਹ ਇਸ ਹੈਂਕੜਬਾਜ਼ ਨੂੰ ਲਲਕਾਰਦਾ ਕਿਉਂ ਨ੍ਹੀਂ। ਐਵੇਂ ਸਿਰ ਸੁੱਟ ਕੇ ਅੰਦਰ ਕਿਉਂ ਵੜ ਜਾਂਦਾ ਹੈ। ਉਸਨੂੰ ਅੱਗਿਓਂ ਹੋ ਕੇ ਕਿਉਂ ਨੀਂ ਟੱਕਰਦਾ।

...ਤੇ ਵਿਧਾਇਕ ਬਾਦਸ਼ਾਹ ਨੂੰ ਅੱਗਿਓਂ ਹੋ ਕੇ ਟੱਕਰਨ ਦਾ ਮੌਕਾ ਜਲਦੀ ਬਣ ਗਿਆ ਸੀ। ਪਹਿਲਾਂ ਵਾਂਗ ਹੀ ਇੱਕ ਦਿਨ ਉਸਨੇ ਸ਼ਰਾਬ ਅਤੇ ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ, ਸਾਡੇ ਘਰਦੇ ਬਾਰ ਬੂਹੇ ਮੂਹਰੇ ਆ ਲਲਕਾਰਾ ਮਾਰਿਆ। ਉਸ ਵੱਲੋਂ ਆਪਣੀ ਲਾਇਸੰਸੀ ਕਾਰਬਾਈਨ ਨਾਲ ਚਲਾਈ ਗੋਲੀ ਦਰੱਖ਼ਤ ਦੇ ਪੱਤਿਆਂ ਨਾਲ ਘਸਰਦੀ ਅਸਮਾਨ ਵੱਲ ਨਿਕਲ ਗਈ ਸੀ।

'...ਖੜ੍ਹਜਾ ਤੇਰੀ ਵੱਡੇ ਲਾਟ ਸਾਬ੍ਹ ਦੀ...।' ਬਾਪ ਨੇ ਜੰਗਾਲੀ ਜਿਹੀ ਗੰਡਾਸੀ ਕੱਢ ਲਿਆਂਦੀ ਸੀ। ਬਾਪੂ ਦਾ ਜਲੌਅ ਉਸ ਦਿਨ ਵੇਖਣ ਵਾਲਾ ਸੀ, ਜਿਵੇਂ ਉਸਨੇ ਸਾਰੀ ਸਰਕਾਰ ਨੂੰ ਹੀ ਲਲਕਾਰ ਦਿੱਤਾ ਹੋਵੇ। ਅਸੀਂ ਵੀ ਸਾਰੇ ਭਰਾ ਸੋਟੀਆਂ ਲੈ ਕੇ ਨਿਕਲ ਆਏ ਸਾਂ। ਰਾਜ ਨੇਤਾ ਨੇ ਮੇਰੇ ਗਲ੍ਹਮੇ ਵਿਚ ਹੱਥ ਪਾ ਲਿਆ... ਅੱਗਿਓਂ ਮੈਂ ਵੀ ਉਸਦਾ ਗਲਾਵਾਂ ਫੜ ਲਿਆ ਸੀ। ਛੋਟੇ-ਵੱਡੇ ਦਾ ਅਤੇ ਰਿਸ਼ਤੇਦਾਰੀ ਦਾ ਫ਼ਰਕ ਕਿਤੇ ਦੂਰ ਰਹਿ ਗਿਆ ਸੀ। ਰਾਜ ਨੇਤਾ ਦੇ ਪਸੀਨੇ ਛੁੱਟ ਗਏ। ਉਹ ਇੱਕ ਦਮ ਠਠੰਬਰ ਗਿਆ। ਇੰਨੀ ਬਗ਼ਾਵਤ ਦੀ ਤਾਂ ਉਸਨੂੰ ਆਸ ਹੀ ਨ੍ਹੀਂ ਸੀ। ਉਹ ਆਪਣੇ ਅੰਗ-ਰੱਖਿਅਕਾਂ ਸਮੇਤ ਉਨ੍ਹੀਂ-ਪੈਰੀਂ ਪੁਠਾ ਮੁੜ ਗਿਆ। ਉਸ ਦਿਨ ਤੋਂ ਬਾਅਦ ਸਾਡੀ ਕਦੇ ਉਸ ਨਾਲ ਤੂੰ ਤੂੰ—ਮੈਂ ਮੈਂ ਨਾ ਹੋਈ। ਸਾਰੀ ਲੜਾਈ ਹੀ ਮਿਟ ਗਈ ਸੀ।

'ਹੱਥਾਂ ਬਾਝ ਕਰਾਰਿਆਂ ਵੈਰੀ ਹੋਏ ਨਾ ਮਿੱਤ। ਐਦੂੰ ਬਿਨਾਂ ਕੰਮ ਲੋਟ ਨ੍ਹੀਂ ਸੀ ਆਉਣਾ। ਇਹ ਕੰਮ ਤਾਂ ਆਪਾਂ ਨੂੰ ਬਹੁਤ ਸਾਲ ਪਹਿਲਾਂ ਕਰ ਲੈਣਾ ਚਾਹੀਦਾ ਸੀ।' ਬਾਪ ਆਖਦਾ।

'ਰੋਕਿਆ ਕੀਹਨੇ ਸੀ?' ਅਸੀਂ ਸਾਰੇ ਖੁਲ੍ਹ ਕੇ ਹੱਸਣ ਲੱਗ ਜਾਂਦੇ।

ਆਰਥਕ ਤੌਰ 'ਤੇ ਥੁੜ੍ਹੇ-ਟੁੱਟੇ ਬੰਦੇ ਦੀ ਕਦੇ ਵੀ ਸਥਿਰ ਵਿਚਾਰਧਾਰਾ ਨ੍ਹੀਂ ਬਣਦੀ। ਪਾਪਾ ਜੀ ਦਾ ਸੁਭਾਅ ਵੀ ਇਕਸਾਰ ਨ੍ਹੀਂ ਸੀ ਰਹਿੰਦਾ। ਪਾਰੇ ਵਾਂਗ ਥਿਰਕਦਾ ਹੀ ਰਹਿੰਦਾ ਸੀ।

ਮੇਰੇ ਸਾਹਿਤਕ ਕਿਤਾਬਾਂ ਨਾਲ ਜੁੜੇ ਰਹਿਣ ਨੂੰ ਉਹ ਫ਼ਜ਼ੂਲ ਮਗਜ਼-ਪੱਚੀ ਵਾਲਾ ਕੰਮ ਸਮਝਦਾ। ਉਹ ਆਖਦਾ ਸੀ, 'ਜਿੰਨਾ ਟੈਮ ਨਾਵਲ-ਘਾਣੀਆਂ ਲਿਖਣ ਪੜ੍ਹਨ 'ਤੇ ਲਾਉਨੈ, ਉਹੀ ਕੋਰਸ ਦੀਆਂ ਕਿਤਾਬਾਂ 'ਤੇ ਲਾਏਂ ਤਾਂ ਕੁਛ ਦਾ ਕੁਛ ਬਣਜੇਂ।' ਉਹ ਮੈਨੂੰ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕਰਵਾ ਕੇ ਓਵਰਸੀਅਰ ਬਣਾਉਣਾ ਚਾਹੁੰਦਾ ਸੀ। ਉਹ ਆਪਣੇ ਮਹਿਕਮੇ ਦੇ ਓਵਰਸੀਅਰਾਂ ਨੂੰ ਸੀਮਿੰਟ-ਬੱਜਰੀ ਵੇਚ-ਵੇਚ ਕੇ, ਨੋਟਾਂ ਦੀਆਂ ਗੁੱਥੀਆਂ ਜੇਬਾਂ 'ਚ ਭਰਦੇ ਵੇਖਦਾ। ਬਾਪ ਆਪ ਵੀ ਇੱਕ-ਅੱਧ ਬੋਰੀ ਇਧਰ-ਉਧਰ ਕਰਕੇ ਚਾਰ ਪੈਸੇ ਕਮਾ ਲੈਂਦਾ ਸੀ। ਬਾਪ ਦੇ ਆਖੇ ਮੈਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਜਿਸਨੂੰ ਪਿੰਡਾਂ ਵਾਲੇ 'ਓਵਰਸੀਅਰੀ ਦਾ ਕੋਰਸ' ਆਖਦੇ, ਪਾਸ ਕਰ ਲਿਆ। ਬਾਪ ਮੈਨੂੰ ਡਿਪਲੋਮੇ ਤੋਂ ਬਾਅਦ ਏ. ਐਮ.ਆਈ.ਈ. (ਇੰਜਨੀਅਰਿੰਗ ਦੀ ਗਰੈਜੂਏਸ਼ਨ) ਕਰ ਲੈਣ ਵਾਸਤੇ ਜ਼ੋਰ ਪਾਉਂਦਾ ਰਹਿੰਦਾ ਪਰ ਮੈਂ ਉਸਨੂੰ ਸੱਚ ਦੱਸਣ ਤੋਂ ਹਮੇਸ਼ਾ ਪਾਸਾ ਵੱਟੀ ਰੱਖਦਾ। ਦਰਅਸਲ ਮੈਂ ਇਹ ਦੱਸ ਕੇ ਉਸਦਾ ਦਿਲ ਨ੍ਹੀਂ ਸੀ ਤੋੜਨਾ ਚਾਹੁੰਦਾ ਕਿ ਮੈਂ ਤਾਂ ਡਿਪਲੋਮਾ ਹੀ ਮਸੀਂ ਪਾਸ ਕੀਤਾ ਸੀ। ਫੇਰ ਮੇਰੀ ਇਸ ਨੌਕਰੀ ਵਿਚ ਕੋਈ ਦਿਲਚਸਪੀ ਵੀ ਨ੍ਹੀਂ ਸੀ। ਇਸ ਮਾਮਲੇ ਨੂੰ ਲੈ ਕੇ ਉਹ ਮੇਰੇ ਨਾਲ ਤੱਤਾ-ਠੰਢਾ ਵੀ ਹੁੰਦਾ ਰਹਿੰਦਾ। ਫੇਰ ਮੇਰੀਆਂ ਕਹਾਣੀਆਂ ਲੇਖ ਵਗੈਰਾ ਅਖ਼ਬਾਰਾਂ ਰਸਾਲਿਆਂ ਵਿਚ ਛਪਣ ਲੱਗੇ। ਪਿੰਡ, ਆਲੇ-ਦੁਆਲੇ ਅਤੇ ਰਿਸ਼ਤੇਦਾਰਾਂ ਵਿਚੋਂ ਕੋਈ ਮੇਰੀ ਕਹਾਣੀ ਦੀ ਚਰਚਾ ਉਸ ਕੋਲ ਛੇੜ ਲੈਂਦਾ। ਹੌਲੀ-ਹੌਲੀ ਮੈਂ ਬਾਪ ਲਈ 'ਖ਼ਾਸ' ਬੰਦਾ ਬਣ ਗਿਆ ਸਾਂ। ਮੇਰੇ ਲੇਖਕ ਹੋਣ ਦਾ ਉਸਨੂੰ ਚਾਅ ਹੋ ਗਿਆ ਸੀ। ਜਦੋਂ ਕੋਈ ਲੇਖਕ ਯਾਰ ਬੇਲੀ ਘਰ ਆਉਂਦਾ, ਉਸਨੂੰ ਚਾਅ ਚੜ੍ਹ ਜਾਂਦਾ।

'ਗੁਰਮੀਤ ਦੀ ਘਾਣੀ ਆਈ ਆ ਖਵਾਰ 'ਚ। ਕਮਾਲ ਕੀਤੀ ਪਈ ਐ। ਮੁੰਡੇ ਨੇ ਨਾਉਂ ਕੱਢਤਾ ਪਿੰਡ ਦਾ।' ਬਾਪ ਦੀ ਫ਼ੌਜੀ ਰੰਮ 'ਤੇ ਨਿਗਾਹ ਰੱਖਣ ਵਾਲੇ ਮੇਰੀਆਂ ਤਾਰੀਫ਼ਾਂ ਦੇ ਪੁਲ਼ ਬੰਨ੍ਹ ਦਿੰਦੇ।

'ਬਾਈ ਬਾਵਾ ਸਿਆਂ! ਮੁੰਡਾ ਤਾਂ ਤੇਰਾ ਢੁੱਡੀਕਿਆਂ ਆਲੇ ਜਸਵੰਤ ਸਿਹੁੰ ਕੰਵਲ ਆਂਗੂੰ ਚੋਟੀ ਦਾ ਲਿਖਾਰੀ ਬਣੂ।' ਕਈ ਤਾਂ ਲੋੜੋਂ ਵੱਧ ਪਲੇਥਣ ਲਾ ਦਿੰਦੇ। ਸਾਡੇ ਇਲਾਕੇ ਵਿਚ ਅੱਧ-ਪੜ੍ਹਿਆਂ ਲਈ ਬੂਟਾ ਸਿੰਘ ਸ਼ਾਦ ਅਤੇ ਜਸਵੰਤ ਸਿੰਘ ਕੰਵਲ ਬੜੇ ਵੱਡੇ ਨਾਂਅ ਸਨ। ਪਾਪਾ ਜੀ ਦੀਆਂ ਵਾਛਾਂ ਖਿੜ ਜਾਂਦੀਆਂ ਉਹ ਸੰਦੂਕ ਵਿਚੋਂ ਕੰਟੀਨ ਦੀ ਫ਼ੌਜੀ ਰੰਮ ਕੱਢ ਲਿਆਉਂਦਾ।

'ਮੁੰਡਾ ਤੇਰਾ ਨਾਂ ਚਮਕਾਊ। ਸੋਹਣੀ ਲਿਖਤ ਐ।' ਪਾਪਾ ਜੀ ਹੋਰ ਚੌੜੇ ਹੋ ਜਾਂਦੇ। ਮੇਰੀਆਂ ਤਾਰੀਫ਼ਾਂ ਦਾ ਸਿਲਸਿਲਾ ਉਦੋਂ ਤੱਕ ਜਾਰੀ ਰਹਿੰਦਾ ਜਦੋਂ ਤੱਕ ਬੋਤਲ ਥੱਲੇ ਨਾਲ ਨਾ ਜਾ ਲੱਗਦੀ।

'ਊਂ ਬਾਈ ਸਿਆਂ ਗੁੱਸਾ ਨਾ ਕਰੀਂ। ਮੁੰਡੇ 'ਤੇ ਨਿਗਾਹ ਰੱਖੀਂ। ਏਹ ਲਿਖਾਰੀ-ਲਖੂਰੀ ਜਏ ਹੁੰਦੇ ਅਵਾਰਾ ਈ ਐ। ਟੈਮ ਨਾਲ ਮੰਗ-ਵਿਆਹ ਲੈ। ਐਵੇਂ ਨਾ ਕੋਈ ਚੰਦ-ਚਾੜ ਦੇਵੇ।' ਪਿਆਲੇ ਦੇ ਜੁੱਟ ਜਾਣ ਲੱਗੇ ਬਾਪ ਨੂੰ ਚੁਕੰਨਾ ਕਰ ਜਾਂਦੇ।

ਜੁੱਟਾਂ ਦੀਆਂ ਉਂਗਲਾਂ ਦੀ ਕਲਾਕਾਰੀ ਰੰਗ ਲਿਆਉਣ ਲੱਗੀ ਸੀ। ਦਰਅਸਲ ਉਹ ਦੂਜਿਆਂ ਦੀਆਂ ਗੱਲਾਂ ਵਿਚ ਬੜੀ ਛੇਤੀ ਆ ਜਾਂਦਾ ਸੀ। ਉਹ ਮੈਨੂੰ ਦਿਨ-ਰਾਤ ਵਿਆਹ ਲਈ ਜ਼ੋਰ ਪਾਉਣ ਲੱਗਾ। ਨਿੱਤ ਨਵੇਂ-ਰਿਸ਼ਤਿਆਂ ਦੀ ਦੱਸ ਪੈਂਦੀ। ਫੁੱਫੜ ਜੱਗਰ ਵੱਲੋਂ ਲਿਆਂਦੇ ਰਿਸ਼ਤੇ ਨੇ ਤਾਂ ਕਈ ਦਿਨ ਘਰ 'ਚ ਰੱਫੜ ਪਾਈ ਰੱਖਿਆ ਸੀ।

'ਉਹ ਤਾਂ ਪਹੁੰਚ ਆਲੇ ਬੰਦੇ...ਐਵੇਂ ਅਵਾਰਾ ਤੁਰਿਆ ਫਿਰਦੈਂ ਓਵਰਸੀਅਰੀ ਦਾ ਕੋਰਸ ਕਰਕੇ। ਅਗਲੇ ਜ਼ਿੰਮੇਵਾਰੀ ਲੈਂਦੇ ਆ ਸੈੱਟ ਕਰਵਾਉਣ ਦੀ। ਆਪੇ ਨੌਕਰੀ 'ਤੇ ਲਵਾਉਣਗੇ। ਘਰੋਂ ਤਕੜੇ ਬੰਦੇ, ਉਨ੍ਹਾਂ ਦੀ ਤਾਂ ਇੱਕ ਰਜਾਈ 'ਚ ਨੌਂ ਮਣ ਰੂੰ ਹੋਊ...ਜਿੰਨੀ ਆਪਣੇ ਘਰ ਦੇ ਸਾਰੇ ਜੁੱਲਾਂ 'ਚ ਐ।'

'ਮੈਂ ਉਨ੍ਹਾਂ ਦੀ ਐਡੀ ਭਾਰੀ ਰਜਾਈ ਥੱਲੇ ਆ ਕੇ ਮਰਨਾ?' ਮੈਂ ਗੱਲ ਹਾਸੇ ਪਾ ਕੇ ਆਈ-ਗਈ ਕਰਨ ਦੀ ਚਾਲ ਚੱਲੀ।

'ਕਾਕਾ ਗੱਲ ਹਾਸੇ ਪਾਉਣ ਆਲੀ ਨ੍ਹੀਂ...ਅਗਲੇ ਘਰ ਭਰ ਦੇਣਗੇ ਬਾਵਾ ਸੂੰਅ ਦਾ...।' ਫੁੱਫੜ ਨੇ ਸੰਬੋਧਨ ਮੈਨੂੰ ਕੀਤਾ ਸੀ ਪਰ ਸੁਣਾਇਆ ਪਾਪਾ ਜੀ ਨੂੰ ਹੀ ਸੀ। ਉਸਦਾ ਪਾਰਾ ਚੜ੍ਹਨਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਸੀ।

'ਮੈਂ ਕੋਈ ਗਾਂ-ਮੱਝ ਥੋੜੀ ਆਂ ਜਿਹੜਾ ਮੈਨੂੰ ਮੰਡੀ 'ਚ ਲਾਉਣ ਲੱਗੇ ਓਂ।' ਮੈਂ ਅੱਧੇ ਸ਼ਬਦ ਮੂੰਹ 'ਚ ਹੀ ਘੁੱਟ ਲਏ ਸਨ।

'ਇਹਦੇ ਲਾਟ ਸਾਬ ਦੇ ਨੱਕ ਥੱਲੇ ਨ੍ਹੀਂ ਆਉਣਾ ਕੁਛ...ਇਹਦੇ ਡਮਾਕ ਨੂੰ ਕਾਮਰੇਟੀ ਚੜ੍ਹੀ ਵੀ ਐ। ਖ਼ੈਰ ਤੂੰ ਹਜੇ ਜੁਆਬ ਨਾ ਦੇਵੀਂ ਅਗਲਿਆਂ ਨੂੰ। ਰਿਸ਼ਤਾ ਹੱਥੋਂ ਨ੍ਹੀਂ ਜਾਣ ਦੇਣਾ। ਮੈਂ ਕੱਢੂੰ ਏਹਦੀ ਕਾਮਰੇਟੀ...।' ਤੇ ਮੇਰੀ ਕਾਮਰੇਟੀ ਕੱਢਣ ਲਈ ਉਸਨੇ ਘਰ ਵਿਚ ਕਈ ਦਿਨ ਝੱਜੂ ਪਾਈ ਰੱਖਿਆ ਸੀ। ਉਹ ਜਦੋਂ ਹੀ ਘਰ ਵੜਦਾ, ਮੈਂ ਕੋਈ ਨਾ ਕੋਈ ਬਹਾਨਾ ਮਾਰ ਕੇ ਖਿਸਕ ਜਾਂਦਾ। ਉਸਦੇ ਮੱਥੇ ਲੱਗਣ ਤੋਂ ਹਰ ਹੀਲੇ ਬਚਦਾ। ਮੇਰੇ ਵਾਲਾ ਗੁੱਸਾ ਬਾਕੀ ਛੋਟੇ ਭਰਾਵਾਂ 'ਤੇ ਨਿਕਲ ਜਾਂਦਾ।

ਫਿਰ ਹੌਲੀ-ਹੌਲੀ ਉਨ੍ਹਾਂ ਦਾ ਬਲੱਡ-ਪ੍ਰੈਸ਼ਰ ਥੱਲੇ ਆ ਗਿਆ। ਵਿਆਹ ਵਾਲੀ ਗੱਲ ਠੰਢੀ ਹੋ ਗਈ ਸੀ। ਉਹ ਬਹੁਤੇ ਦਿਨ ਕਿਸੇ ਨਾਲ ਗੁੱਸੇ ਰਹਿ ਹੀ ਨ੍ਹੀਂ ਸੀ ਸਕਦਾ।

'ਜੱਗਰ ਸਿਹੁੰ ਤਾਂ ਸਾਲਾ ਐਵੇਂ ਫਲੂਲੀਆਂ ਛੱਡਦਾ। ਫ਼ੌਜ 'ਚ ਏਹਦੀ ਬਹਿਣੀ-ਉਠਣੀ ਅੰਬਰਸਰੀਆਂ ਨਾਲ ਰਹੀ ਐ।' ਉਹ ਮੈਨੂੰ ਪੁਚਕਾਰਨ ਲੱਗਾ ਸੀ, 'ਐਵੇਂ ਨ੍ਹੀਂ ਦਿਲ ਨੂੰ ਲਾਈਦੀ...ਵੱਧ-ਘੱਟ ਬੋਲ ਹੋ ਜਾਂਦਾ। ਲਿਖਣ-ਪੜ੍ਹਨ ਅੱਲ ਧਿਆਨ ਰੱਖ...ਸਾਲਾ ਜੱਗਰ ਐਮੇਂ ਭੁਕਾਨਾ ਫੁਲਾ ਗਿਆ ਅਖੇ ਰਜਾਈ 'ਚ ਨੌਂ ਮਣ ਰੂੰ ਐ...ਕੰਜਰ ਦਿਆ ਉਹ ਬੰਦੇ ਆ ਕਿ ਜਿੰਨ...ਅਖੇ ਨੌਂ ਮਣ!' ਤੇ ਬਾਪ ਕਿੰਨਾ ਚਿਰ ਫੁੱਫੜ ਜੱਗਰ ਨੂੰ ਸ਼ਲੋਕ ਸੁਣਾਈ ਜਾਂਦਾ ਰਿਹਾ ਸੀ।

ਤਾਅ ਉਮਰ ਮੈਂ ਬਾਪ ਨੂੰ ਕਦੇ ਸੁੱਖ ਦਾ ਸਾਹ ਲੈਂਦੇ ਨ੍ਹੀਂ ਸੀ ਦੇਖਿਆ। ਪਹਿਲਾਂ ਗ਼ਰੀਬੀ ਨਾਲ ਘੁਲਦਾ ਰਿਹਾ, ਫਿਰ ਜਦੋਂ ਹੱਥ ਕੁਝ ਖੁਲ੍ਹਾ ਹੋਇਆ, ਘਰ ਨੂੰ ਬੀਬੀ ਦੀ ਬਿਮਾਰੀ ਨੇ ਘੇਰ ਲਿਆ। ਬੀਬੀ ਨੂੰ ਗਠੀਏ ਦੀ ਬਿਮਾਰੀ ਸੀ। ਹੱਥ ਪੈਰ ਸੁੱਜ ਕੇ ਭੜੋਲਾ ਬਣ ਜਾਂਦੇ।

ਸਰਕਾਰੀ ਨੌਕਰੀ ਅਤੇ ਫ਼ੌਜ ਦੀ ਪੈਨਸ਼ਨ ਆਸਰੇ ਦਿਨ ਸੌਖੇ ਲੰਘਣ ਲੱਗੇ ਸਨ, ਪਰ ਹੁਣ ਤਾਂ ਬਿਮਾਰੀ ਨੇ ਘਰ ਹੀ ਕੁਲੰਜ ਕੇ ਰੱਖ ਦਿੱਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਬੀਬੀ ਨੂੰ ਕੈਂਸਰ ਵੀ ਹੋ ਗਿਆ। ਬਾਪ ਉਸਨੂੰ ਇਲਾਜ ਲਈ ਜਗ੍ਹਾ-ਜਗ੍ਹਾ ਲਈ ਫਿਰਦਾ ਰਿਹਾ। ਮਹਿੰਗੇ ਅੰਗਰੇਜ਼ੀ ਤੇ ਦੇਸੀ ਡਾਕਟਰੀ ਇਲਾਜ ਤੋਂ ਇਲਾਵਾ ਟੂਣੇ-ਟਾਮਣ੍ਹੇ ਵੀ ਕਰਵਾਏ ਜਾਂਦੇ। ਮੰਦਰਾਂ, ਗੁਰਦੁਆਰਿਆਂ ਅਤੇ ਪੀਰਾਂ ਫ਼ਕੀਰਾਂ ਦੀਆਂ ਸਰਦਲਾਂ 'ਤੇ ਮੱਥੇ ਰਗੜੇ ਜਾਂਦੇ ਰਹੇ। ਸਿਆਣਿਆਂ ਭੂਪਿਆਂ ਦੇ ਡੇਰਿਆਂ 'ਤੇ ਚੌਂਕੀਆਂ ਭਰੀਆਂ ਜਾਂਦੀਆਂ। ਮੈਨੂੰ ਪਾਪਾ ਜੀ ਦੇ ਹੌਂਸਲੇ 'ਤੇ ਹੈਰਾਨੀ ਹੁੰਦੀ। ਕਿਹੋ ਜਿਹਾ ਹੌਂਸਲੇ ਵਾਲਾ ਇਨਸਾਨ ਸੀ ਜਿਹੜਾ ਕਦੇ ਅੱਕਦਾ-ਥੱਕਦਾ ਹੀ ਨ੍ਹੀਂ ਸੀ। ਦੁੱਖਾਂ ਦੇ ਪਹਾੜਾਂ 'ਚ ਘਿਰੇ ਵੇਖ, ਕਈ ਸਕੇ-ਸੋਧਰੇ ਰਿਸ਼ਤੇਦਾਰ ਸਾਥੋਂ ਮੂੰਹ ਫੇਰ ਗਏ ਸਨ। ਬੀਬੀ ਦੀਆਂ ਨੂੰਹਾਂ ਨੂੰ ਵੀ ਬੀਬੀ ਕੋਲੋਂ ਮੁਸ਼ਕ ਆਉਣ ਲੱਗਾ ਸੀ। ਪਾਪਾ ਜੀ ਅਕਸਰ ਰੋਟੀ ਵੀ ਆਪ ਹੀ ਲਾਹੁੰਦੇ। ਬੀਬੀ ਦੇ ਤੇ ਆਵਦੇ ਲੀੜੇ ਕੱਪੜੇ ਵੀ ਧੋਂਦੇ ਅਤੇ ਘਰਦਾ ਸਾਰਾ ਕੰਮ ਕਾਰ ਵੀ ਆਪ ਹੀ ਕਰਦੇ। ਅਜੀਬ ਮਨੁੱਖ ਸੀ, ਡੋਲਦਾ ਹੀ ਨ੍ਹੀਂ ਸੀ। ਉਸ ਉੱਪਰ ਤਾਂ ਬੱਸ ਜੀਵਨ ਸਾਥੀ ਨੂੰ ਬਚਾ ਲੈਣ ਦੀ ਧੁਨ ਸਵਾਰ ਸੀ।

ਸਾਲ 1993 ਦੇ ਆਜ਼ਾਦੀ ਵਾਲੇ ਦਿਹਾੜੇ ਦਿੱਲੀ ਦੀ ਗੱਦੀ 'ਤੇ ਕਾਬਜ਼ ਸਰਕਾਰ ਮੁਖੀ ਜੋ ਹਰ ਵੇਲੇ ਬੱਕਰੀ ਵਾਂਗ ਮੂੰਹ ਹਿਲਾਉਂਦਾ ਰਹਿੰਦਾ ਸੀ, ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾ ਕੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਗ਼ਰੀਬ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਦਾ ਮੁਫ਼ਤ ਇਲਾਜ ਦੇਣ ਦੀਆਂ ਡੀਂਗਾਂ ਮਾਰ ਰਿਹਾ ਸੀ, ਮਾਂ ਨੇ ਕੈਂਸਰ ਜਿਹੀ ਬਿਮਾਰੀ ਦੇ ਮਹਿੰਗੇ ਇਲਾਜ ਤੋਂ ਅਸਮਰੱਥ ਹੋਣ ਕਰਕੇ ਸਹਿਕਦਿਆਂ ਦਮ ਤੋੜ ਦਿੱਤਾ ਸੀ।

ਬੀਬੀ ਦੀ ਬਿਮਾਰੀ ਤੋਂ ਬਾਅਦ ਪਾਪਾ ਜੀ ਨੂੰ 'ਹਮਦਰਦੀ' ਦੀ ਕਿਤੇ ਵੱਧ ਜ਼ਰੂਰਤ ਸੀ ਪਰ ਘਰਦਿਆਂ ਦਾ ਵਤੀਰਾ ਤਾਂ ਸਗੋਂ ਜ਼ਲੀਲ ਕਰਨ ਵਾਲਾ ਹੁੰਦਾ। ਉਹ ਸਬਜ਼ੀਆਂ-ਭਾਜੀਆਂ ਤੇ ਘਰੇਲੂ ਵਰਤੋਂ ਵਾਲਾ ਹੋਰ ਸਾਮਾਨ ਝੋਲੇ ਭਰ-ਭਰ ਲਿਆਉਂਦਾ ਪਰ ਘਰ ਵਿਚ ਹੁੰਦੀ ਦੁਰਗਤੀ, ਮਾਨਸਿਕ ਤੌਰ 'ਤੇ ਤੋੜ ਰਹੀ ਸੀ। ਬਾਪ ਦੀ ਬਦੌਲਤ ਨੂੰਹਾਂ ਘਰ ਵਿਚ ਖੁੱਲ੍ਹਾ-ਡੁੱਲ੍ਹਾ ਖ਼ਰਚ ਕਰਦੀਆਂ ਪਰ ਫੇਰ ਵੀ ਨੱਕ ਬੁੱਲ੍ਹ ਵੱਟਦੀਆਂ। ਉਹ ਟੁੱਟਣ ਲੱਗ ਪਿਆ ਸੀ। ਇਨ੍ਹਾਂ ਦਿਨਾਂ ਵਿਚ ਹੀ ਮੁਹੱਲੇ ਦੇ ਇੱਕ ਬਜ਼ੁਰਗ ਆਦਮੀ 'ਜੀਤ ਸਿੰਘ' ਨੇ ਨਵੀਂ ਬੁੱਢੀ ਲੈ ਆਂਦੀ ਸੀ। ਉਹ ਵੀ ਪਾਪਾ ਜੀ ਵਾਂਗ ਘਰਦਿਆਂ ਦਾ ਧੱਕਿਆ ਹੋਇਆ ਸੀ। ਪਾਪਾ ਜੀ ਵੀ ਧਮਕੀਆਂ ਦੇਣ ਲੱਗੇ ਸਨ।

'ਲੱਗਦੈ, ਬੁੜ੍ਹੇ ਜੀਤ ਆਲੀ ਕਰਨੀ ਪਊ ਮੈਨੂੰ ਵੀ।'

'ਗੱਲਾਂ ਵੇਖਲਾ ਕੀ ਕਰਦਾ। ਰਾਮ ਨਾਲ ਰੋਟੀ ਨ੍ਹੀਂ ਖਾ ਹੁੰਦੀ ਤੈਥੋਂ। ਨੂੰਹਾਂ-ਪੁੱਤਾਂ ਆਲਾਂ...ਚੰਗੀ-ਭਲੀ ਸੇਵਾ ਹੁੰਦੀ ਤੇਰੀ।' ਭੂਆ ਦੇ ਜੁਆਬ ਵਿਚ ਪਾਪਾ ਜੀ ਹੋਰ ਚਿੜ੍ਹ ਜਾਂਦੇ।

'ਕੀ ਅੰਤ ਐ ਸੇਵਾ ਦਾ। ਜਿਹੜੀ ਮੇਰੇ ਨਾਲ ਹੁੰਦੀ ਐ...ਖੇਤ ਪਈ ਗੱਦੋਂ ਨਾਲ ਨਾ ਹੋਵੇ। ਆਹ ਜੂਨ ਆ ਕੋਈ?' 'ਨਾ ਕੀ ਹੋਇਆ ਤੇਰੀ ਜੂਨ ਨੂੰ?'

'ਹਜੇ ਹੋਇਆ ਈ ਨ੍ਹੀਂ ਕੁੱਛ? ਚੜ੍ਹੇ ਮਹੀਨੇ ਦਸ ਹਜ਼ਾਰ ਲਿਆ ਕੇ ਟੱਬਰ ਦੇ ਢਿੱਡ 'ਚ ਪਾਉਨਾ...ਰੋਟੀ-ਟੁੱਕ ਦੇਣ ਵੇਲੇ ਫੇਰ ਵੀ ਚਿੜ੍ਹ-ਚਿੜ੍ਹ। ਆਖ਼ਰ ਮੈਂ ਵੀ ਇਨਸਾਨ ਆਂ...।' ਗੁੱਸੇ ਦੇ ਨਾਲ-ਨਾਲ, ਜੀਵਨ ਸਾਥੀ ਦੇ ਵਿਛੋੜੇ ਦੀ ਚੀਸ ਵੀ ਉਸਦੇ ਧੁਰ ਅੰਦਰੋਂ ਨਿਕਲ ਰਹੀ ਸੀ। ਅੱਖਾਂ ਵਿਚ ਪਾਣੀ ਤੈਰਨ ਲੱਗਾ ਸੀ। 'ਕਮ-ਜ਼-ਕਮ...ਰੋਟੀ ਤਾਂ ਮਿਲੂ ਚੱਜ ਹਾਲ ਨਾਲ। ਬੁਢਾਪੇ ਦੇ ਚਾਰ ਦਿਨ ਸੌਖੇ ਕੱਟ ਜਾਣਗੇ।' 'ਸ਼ਰਮ ਨ੍ਹੀਂ ਆਉਂਦੀ ਗੱਲਾਂ ਕਰਦੇ ਨੂੰ। ਕੰਜਰ-ਚੌਰਾ ਕਹਿਣਗੇ ਲੋਕ। ਬੁੱਢੇ ਵਾਰੇ ਚੰਗੀ ਪੱਗ ਬੰਨ੍ਹਣ ਲੱਗਾਂ ਟੱਬਰ ਦੇ ਸਿਰ 'ਤੇ।'

'ਅੱਗੇ ਬੜੇ ਝੰਡੇ ਝੂਲਦੇ।'

'ਸਮਝਾਓ ਵੇ ਇਹਨੂੰ ਆਵਦੇ ਪਿਉ ਨੂੰ... ਘਰ ਪੱਟ ਦੂ।'

'ਪੱਟ ਦੇਊ ਕਿ ਵਸਾ ਦੇਊ...।' ਮੈਂ ਆਵਦੇ ਵਲੋਂ ਹੌਲੀ ਜਿਹੇ ਬੋਲਿਆ ਸੀ ਪਰ ਭੂਆ ਨੇ ਫੇਰ ਵੀ ਸੁਣ ਲਿਆ। ਪੇਕੇ ਪਿੰਡ ਰਹਿੰਦੀ ਇਹ ਭੂਆ ਰੋਟੀ ਲਾਹੁਣ ਵੇਲੇ 'ਆਹ ਸਿਆਪਾ ਜਿਆ ਨਬੇੜ ਲਵਾਂ' ਆਖਦੀ ਸੀ। ਰੋਟੀ ਨੂੰ ਸਿਆਪਾ ਆਖਣ ਕਰਕੇ ਬਾਪ ਔਖਾ-ਭਾਰਾ ਹੁੰਦਾ ਰਹਿੰਦਾ ਸੀ।

'... ਹੈਂ...ਹੈਂ! ਉੱਚੀ ਬੋਲ ਵੇ ਕੀ ਕਿਆ ਤੈਂਅ।'

'... ਏਹੀ ਕਿਹਾ ਕਿ ਵਧੀਆ ਗੱਲ ਆ, ਸਾਨੂੰ 'ਮੰਮੀ' ਮਿਲ ਜਾਊ ਦੁਬਾਰਾ। ਨਾਲੇ ਤੈਨੂੰ ਰੋਟੀ ਵਾਲਾ 'ਸਿਆਪਾ' ਜਿਆ ਨਾ ਕਰਨਾ ਪਿਆ ਕਰੂ। ਹਾਂ! ਟੱਬਰ ਵਾਸਤੇ ਆਉਂਦੇ ਰਾਸ਼ਨ ਤੇ ਫ਼ਲ ਫਰੂਟ ਦੇ ਝੋਲ੍ਹੇ ਜ਼ਰੂਰ ਬੰਦ ਹੋ ਜਾਣਗੇ।'

'ਇੱਥੇ ਤਾਂ ਸਾਰੇ ਈ ਕੰਜਰ ਹੋਗੇ। ਤੇਰਾ ਵੀ ਪਤਾ ਮੈਨੂੰ...ਤੂੰ ਤਾਂ ਚਾਹੁੰਨਾ ਕਿ ਪਿਉ ਤੀਮੀਂ ਲਿਆਵੇ ਤਾਂ ਅਗਾਂਹ ਮੈਨੂੰ ਕੋਈ ਡੱਕਣ ਆਲਾ ਨਾ ਹੋਊ। ਤੂੰ ਬਥੇਰਾ ਕਾਰੇ ਹੱਥਾਂ। ਐਮੇ ਤਾਂ ਨ੍ਹੀਂ ਢਾਕੇ-ਬੰਗਾਲੇ ਤੁਰਿਆ ਫਿਰਦੈ।' ਭੂਆ ਹੱਥਲੇ ਭਾਂਡੇ ਥਾਏਂ ਸੁੱਟ ਖਲੋਂਦੀ। ਇਨ੍ਹਾਂ ਦਿਨਾਂ ਵਿਚ ਆਂਢ-ਗੁਆਂਢ ਵਿਚ ਵੀ ਪਾਪਾ ਜੀ ਵੱਲੋਂ ਨਵੀਂ ਤੀਵੀਂ ਲਿਆਉਣ ਦੀ ਚਵਾ-ਚਵੀ ਹੋਣ ਲੱਗੀ। ਮੈਂ ਕਈ ਦਿਨ ਲਗਾਤਾਰ ਬਾਪ ਦੀ ਨਵੀਂ 'ਤੀਮੀ' ਲਿਆਉਣ ਵਾਲੀ ਸਕੀਮ ਫੜਨ ਦੀ ਗੁੱਝੀ-ਗੁੱਝੀ ਕੋਸ਼ਿਸ਼ ਕਰਦਾ ਰਿਹਾ ਪਰ ਮੇਰੇ ਪਿੜ੍ਹ ਪੱਲੇ ਕੁੱਝ ਨਾ ਪਿਆ। ਪਾਪਾ ਜੀ ਦੀ ਧਮਕੀ, ਰੰਗ ਲਿਆਈ ਸੀ। ਪਾਪਾ ਜੀ ਦੇ ਬਦਲੇ ਹੋਏ ਤੇਵਰਾਂ ਅਤੇ ਮੇਰੀ 'ਮੂਕ ਸਹਿਮਤੀ' ਨੂੰ ਦੇਖਦਿਆਂ ਘਰਦਿਆਂ ਦਾ ਰਵੱਈਆ ਬਦਲ ਗਿਆ ਸੀ। ਉਸਦੀ ਘਰ ਵਿਚ ਉਚੇਚੀ ਖਾਤਰਦਾਰੀ ਹੋਣ ਲੱਗੀ। ਇਸ ਖਾਤਰਦਾਰੀ ਦੇ ਚੱਲਦਿਆਂ 'ਮੈਨੂੰ ਨਵੀਂ ਮਾਂ' ਨਾ ਜੁੜ ਸਕੀ। ਬਾਪ ਭੁਚਲਾਵੇ 'ਚ ਆ ਗਿਆ ਸੀ। ਮੈਨੂੰ ਉਸਦੇ ਪਾਰੇ ਵਾਂਗ ਥਿਰਕਦੇ ਸੁਭਾਅ 'ਤੇ ਗੁੱਸਾ ਆਇਆ। 'ਬੰਦੇ ਦਾ ਕੋਈ ਸਟੈਂਡ ਵੀ ਹੋਣਾ ਚਾਹੀਦਾ ਹੈ' ਮੈਂ ਅੰਦਰੇ-ਅੰਦਰ ਕੁੜਦਾ ਰਿਹਾ ਸਾਂ।

'ਪਾਪਾ ਜੀ ਸਾਡੀ ਨਵੀਂ ਮੰਮੀ ਦਾ ਕੀ ਬਣਿਆ?' ਮੈਂ ਘਰ ਦੇ ਵਿਹੜੇ 'ਚ ਬੈਠਦਿਆਂ ਪੁੱਛ ਲਿਆ ਸੀ। ਭੂਆ ਤੇ ਬਾਕੀ ਜੀਅ ਆਪਣੀ ਚਾਲ ਸਫ਼ਲ ਹੋਈ ਜਾਣ ਗੁੱਝਾ-ਗੁੱਝਾ ਮੁਸਕਰਾ ਰਹੇ ਸਨ। ਪਾਪਾ ਜੀ ਕੁਝ ਨ੍ਹੀਂ ਸਨ ਬੋਲੇ। ਉਨ੍ਹਾਂ ਦੀਆਂ ਅੱਖਾਂ ਹੋਰ ਡੂੰਘੀਆਂ ਹੋ ਗਈਆਂ ਸਨ।

'ਭੂਆ ਵਰਗਿਆਂ ਦੀਆਂ ਗੱਲਾਂ 'ਚ ਆ ਗਿਐਂ।' ਮੈਂ ਹੌਲੀ ਜਿਹੇ ਆਖਿਆ ਸੀ। ਉਸਦੇ ਮਸੀਂ ਚਾਰ ਕੁ ਬੋਲ ਨਿਕਲੇ ਸਨ।

'ਹੁਣ ਰਹਿ ਕਿੰਨੀ ਕੁ ਗਈ ਐ?' ਮੈਂ ਦੇਖਿਆ, ਉਸਦੀ ਨਿਗ੍ਹਾ ਬੈਠਕ ਵਿਚ ਲਟਕਦੀ ਜੀਵਨ ਸਾਥੀ ਦੀ ਫੋਟੋ ਵੱਲ ਸੀ। ਅੱਖਾਂ ਝੀਲ ਬਣੀਆਂ ਪਈਆਂ ਸਨ।

'ਆਏਂ ਕਿਸੇ ਦੇ ਰਹਿਮ 'ਤੇ ਨ੍ਹੀਂ ਦਿਨ ਕੱਟਦਾ ਮੈਂ.. ਜਿੰਨਾ ਚਿਰ ਕੱਟੀ ਸ਼ਾਨ ਨਾਲ ਈ ਕੱਟੂੰ...ਕਿਸੇ 'ਤੇ ਬੋਝ ਨ੍ਹੀਂ ਬਣਦਾ।' ਉਸਨੇ ਸਾਰਿਆਂ ਨੂੰ ਸੁਣਾ ਕੇ ਆਖਿਆ ਅਤੇ ਛੋਟੇ ਪੋਤੇ ਨੂੰ ਉਂਗਲੀ ਲਾ ਬਾਹਰ ਤੁਰ ਗਿਆ ਸੀ।

... ਤੇ ਸੱਚਮੁੱਚ ਉਹ ਕਿਸੇ 'ਤੇ ਬੋਝ ਨ੍ਹੀਂ ਸੀ ਬਣਿਆ। ਦੋ-ਪਹੀਆ ਸਕੂਟਰ ਦੇ ਪਿੱਛੇ ਬੈਠਿਆਂ ਹੀ ਸਦਾ ਦੀ ਨੀਂਦ ਸੌਂ ਗਿਆ ਸੀ।

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-6

***ਕਾਮਰੇਡ ਹਰਭਜਨ ਸੋਹੀ ਬਾਰੇ ਆਪਣੀਆਂ ਯਾਦਾਂ ਦੀ ਚੰਗੇਰ ਦੀ ਇਸ ਕਿਸ਼ਤ ਵਿਚ ਅਤਰਜੀਤ ਨੇ ਉਨ੍ਹਾਂ ਦਿਨਾਂ ਵਿਚ ਪੰਜਾਬ ਅੰਦਰ ਵਿਆਪਕ ਲੋਕਪੱਖੀ ਸਭਿਆਚਾਰ ਦੇ ਉਭਾਰ ਦਾ ਨਕਸ਼ਾ ਖਿਚਦਿਆਂ ਆਪਣੇ ਸਾਥੀ ਸੁਰੇਂਦਰ ਦੇ 'ਹੇਮ ਜਯੋਤੀ' ਰਸਾਲੇ ਦੀ ਭੂਮਿਕਾ ਅਤੇ ਸਰਕਾਰੀ ਧਿਰ ਵਲੋਂ ਉਸ ਦੀ ਆਵਾਜ਼ ਨੂੰ ਚੁਪ ਕਰਾਉਣ ਲਈ ਉਸ ਦੀ ਨਾਜਾਇਜ਼ ਗ੍ਰਿਫਤਾਰੀ ਦੀ ਚਰਚਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਗ੍ਰਿਫਤਾਰੀ ਵਿਰੁਧ ਉਦੋਂ ਲੁਧਿਆਣਾ ਸ਼ਹਿਰ ਵਿਚ ਕਿਵੇਂ ਨੌਜਵਾਨ ਵਰਗ ਆਪ-ਮੁਹਾਰੇ ਸੜਕਾਂ 'ਤੇ ਆਇਆ ਤੇ ਕਿਵੇਂ ਉਸ ਜਲੂਸ ਦੀ ਅਗਵਾਈ ਪੰਜਾਬੀ ਸਾਹਿਤ ਦੇ 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਵਲੋਂ ਕੀਤੀ ਗਈ। ਇਸ ਦੇ ਨਾਲ ਹੀ ਉਸ ਸਮੇਂ ਉਭਰ ਰਹੇ ਆਪਣੇ ਸਮਕਾਲੀ ਕਹਾਣੀਕਾਰ ਵਰਿਆਮ ਸੰਧੂ ਦੀ ਚੜ੍ਹਤ ਦੀ ਵੀ ਅਤਰਜੀਤ ਨੇ ਬੜੇ ਮੋਹ ਭਰੇ ਅੰਦਾਜ਼ ਵਿਚ ਚਰਚਾ ਕੀਤੀ ਹੈ!-ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਸੁਰੇਂਦਰ ਹੇਮ ਜਯੋਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਹੁਤ ਫ਼ਿਕਰ ਵਾਲ਼ੀ ਗੱਲ ਸੀ। ਲੁਧਿਆਣੇ ਦੇ ਵਕੀਲਾਂ ਦੇ ਯਤਨਾਂ ਨਾਲ ਉਸ ਦੀ ਰਿਹਾਈ ਹੋਈ ਤਾਂ ਉਸ ਦੇ ਸੁਆਗਤ ਲਈ ਨੌਜੁਆਨਾਂ, ਵਿਦਿਆਰਥੀਆਂ ਦੁਆਰਾ ਬਹੁਤ ਵੱਡੇ ਪ੍ਰਦਰਸ਼ਨ ਦਾ ਆਯੋਜਨ ਕੀਤਾ ਗਿਆ। ਮੈਨੂੰ ਵੀ ਸਾਹਿਤ ਸੱਭਿਆਚਾਰ ਦਾ ਅੰਗ ਹੋਣ ਦੇ ਨਾਤੇ ਉਸ ਵਿਚ ਸ਼ਾਮਲ ਹੋਣ ਦਾ ਅਵਸਰ ਮਿਲ਼ਿਆ। ਹਜ਼ਾਰ ਤੋਂ ਉੱਪਰ ਪ੍ਰਦਰਸ਼ਨਕਾਰੀ ਨੌਜੁਆਨਾਂ ਦਾ ਕਾਫ਼ਲਾ ਨਾਅਰੇ ਗੁੰਜਾਉਂਦਾ ਲੁਧਿਆਣੇ ਦੀਆਂ ਸੜਕਾਂ 'ਤੇ ਮਾਰਚ ਕਰ ਰਿਹਾ ਸੀ। ਇਸ ਮੁਜ਼ਾਹਰੇ ਦੀ ਅਗਵਾਈ ਪੰਜਾਬੀ ਦਾ ਸਿਰਮੌਰ ਆਲੋਚਕ ਤੇ ਲੇਖਕ ਪ੍ਰਿੰਸੀਪਲ ਸੰਤ ਸਿਘ ਸੇਖੋਂ ਕਰ ਰਿਹਾ ਸੀ। ਸੋਹੀ ਲਾਈਨ ਵਿਚ ਸ਼ਾਮਲ ਸੁਰੇਂਦਰ ਆਪ ਬਹੁਤ ਅਮੀਰ ਪਰਿਵਾਰ

**ਅਤਰਜੀਤ**


ਵਿਚੋਂ ਸੀ। ਉਸ ਦੇ ਬਾਪ ਦੇ ਭਾਰਤ ਦੇ ਕਈ ਇਲਾਕਿਆਂ ਵਿਚ ਪੈਟਰੋਲ ਪੰਪ ਸਨ, ਤੇ ਉਹ ਵੱਡੇ ਵੱਡੇ ਠੇਕੇ ਲੈ ਕੇ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰਦਾ ਸੀ, ਪਰ ਸੁਰੇਂਦਰ ਨੇ ਇਸ ਅਮੀਰੀ ਨੂੰ ਪਰਵਾਨ ਨਾ ਕੀਤਾ ਤੇ ਖ਼ਰਚ ਚਲਾਉਣ ਲਈ ਆਂਡੇ ਵੇਚ ਕੇ ਗੁਜ਼ਾਰਾ ਕਰਨ ਲਈ ਆਪਣੇ ਘਰ ਵਿਚ ਕੁੱਝ ਮੁਰਗੀਆਂ ਰੱਖ ਲਈਆਂ। ਉਸ ਦੇ ਘਰ ਆਂਡੇ ਖਾਣ ਦਾ ਮੈਨੂੰ ਵੀ ਕਈ ਵਾਰ ਸੁਭਾਗ ਪ੍ਰਾਪਤ ਹੋਇਆ। ਉਸ ਦੇ ਇੱਕ ਮਿੱਤਰ ਹੋਮਿਓਪੈਥੀ ਦੇ ਡਾਕਟਰ ਹਰਬੰਸ ਸਿੰਘ ਸੰਧੂ ਦਾ ਘੁਮਾਰ ਮੰਡੀ ਦਾ ਕਲਿਨਿਕ ਹੇਮਜਯੋਤੀ ਪਰਚੇ ਦਾ ਦਫ਼ਤਰ ਸੀ। ਹਰਭਜਨ ਸੋਹੀ ਦੇ ਬਹੁਤ ਕਰੀਬੀ ਕਾਮਰੇਡ ਮਾਸਟਰ ਮੇਘ ਦੀ ਰਹਿਨੁਮਾਈ ਵਿਚ ਮੰਚ ਚਲਦਾ ਸੀ। ਮੇਰਾ ਤੇ ਵਰਿਆਮ ਸੰਧੂ ਦਾ ਕਹਾਣੀ ਦੇ ਖ਼ੇਤਰ ਵਿਚ ਨਾਂ ਚਮਕ ਰਿਹਾ ਸੀ। ਇੱਕ ਮੀਟਿੰਗ ਵਿਚ ਕਹਾਣੀ ਦੇ ਵਿਸ਼ੇ ਉੱਪਰ ਚਰਚਾ ਕਰਦਿਆਂ ਇਹ ਵਿਚਾਰ ਉਭਾਰਿਆ ਗਿਆ ਕਿ ਨਿੱਕੀ ਕਹਾਣੀ ਦੀ ਥਾਂ ਲੰਮੀਆਂ ਮਨੋ-ਵਿਗਿਆਨਕ ਕਹਾਣੀਆਂ ਲਿਖੀਆਂ ਜਾਣ। ਵਰਿਆਮ ਸੰਧੂ ਮੇਰੇ ਮੁਕਾਬਲੇ ਵੱਧ ਪ੍ਰਬੀਨ ਸੀ। ਉਸ ਦਾ ਜਿਸ ਪ੍ਰਕਾਰ ਦੇ ਮਾਹੌਲ ਵਿਚ ਪਾਲਣ-ਪੋਸ਼ਣ ਹੋਇਆ ਸੀ ਤੇ ਦੂਜੇ ਪਾਸੇ ਜਿਹੋ ਜਿਹੀਆਂ ਜੀਵਨ ਹਾਲਤਾਂ ਨਾਲ ਦੋ-ਚਾਰ ਹੁੰਦਿਆਂ ਮੈਂ ਸੁਰਤ ਸੰਭਾਲ਼ੀ ਸੀ, ਸਮਾਜਕ ਧਰਾਤਲ ਨੂੰ ਸਮਝਣ ਦੀ ਉਸ ਮੁਤਾਬਕ ਹੀ ਯੋਗਤਾ ਹਾਸਲ ਹੋਣੀ ਸੀ। ਫਿਰ ਵੀ ਹੇਮ ਜਯੋਤੀ ਵਿਚ ਛਪੀਆਂ ਮੇਰੀਆਂ ਤਿੰਨ ਕਹਾਣੀਆਂ-'ਬਠ਼ਲੂ ਚਮਿਆਰ', 'ਟੁੱਟਦੇ ਬਣਦੇ ਰਿਸ਼ਤੇ' ਅਤੇ ਸਰਪੰਚੀ ਦੀ ਚਰਚਾ ਹੋਣ ਲੱਗ ਪਈ ਸੀ। ਬੇਸ਼ੱਕ ਇਸ ਤੋਂ ਪਹਿਲਾਂ ਵੀ ਕੁੱਝ ਕਹਾਣੀਕਾਰਾਂ ਨੇ ਛੁੱਟ-ਪੁੱਟ ਲੰਮੀਆਂ ਕਹਾਣੀਆਂ ਲਿਖੀਆਂ ਸਨ, ਪਰ ਇੱਕ ਵਿਧਾ ਦੇ ਤੌਰ 'ਤੇ ਲੰਮੀ ਕਹਾਣੀ ਦਾ ਰਿਵਾਜ਼ ਸੋਹੀ ਗਰੁੱਪ ਦੀ ਲਾਈਨ ਤੋਂ ਆਰੰਭ ਹੋਇਆ। ਬਾਹਰ ਦਿਸਦੇ ਯਥਾਰਥ ਤਾਂ ਬਿਰਤਾਂਤਕ ਕਹਾਣੀ ਵਿਚ ਪੇਸ਼ ਹੋ ਹੀ ਰਿਹਾ ਸੀ ਪਰ ਪਾਤਰ ਦੇ ਅੰਦਰ ਚੱਲਦੇ ਵਿਰੋਧਾਂ-ਦੁਬਿਧਾ, ਤਿਰੁਬਿਧਾ ਨੂੰ ਪੇਸ਼ ਕਰਨਾ ਇਸ ਵਿਧਾ ਨਾਲ ਆਰੰਭ ਹੋਇਆ। ਉਸ ਵਿਚਾਰ ਚਰਚਾ ਵਿਚ ਸਾਨੂੰ ਵਿਆਖਿਆ ਸਾਹਿਤ ਸਮਝਾਇਆ ਗਿਆ ਕਿ ਜੀਵਨ ਇੱਕ ਪਰਤੀ ਨਹੀਂ। ਜਗੀਰੂ ਸਮਾਜ ਅਤੇ ਭਾਰਤੀ ਸਮਾਜ ਵਿਚ ਹੋ ਰਹੇ ਨਵੇਂ ਸਮਾਜਕ ਵਿਕਾਸ, ਨਵੇਂ ਰੂਪਾਂਤਰਨ, ਬਦਲ ਆਦਿ ਨਾਲ ਜੀਵਨ ਗੁੰਝਲ਼ਦਾਰ ਅਤੇ ਬਹੁ-ਪਰਤੀ ਯਥਾਰਥ ਵਿਚ ਢਲ਼ ਰਿਹਾ ਹੈ। ਇਸ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਯਥਾਰਥ ਨੂੰ ਪੇਸ਼ ਕਰਦਿਆਂ ਪਾਤਰਾਂ ਦੇ ਮਨ ਦੀਆਂ ਅੰਦਰਲੀਆਂ ਤਹਿਆਂ ਫਰੋਲ਼ੀਆਂ ਜਾਣ। ਇਹ ਸਿਰਫ਼ ਸੋਹੀ ਵਾਲ਼ੀ ਜਨਤਕ ਲਾਈਨ ਦਾ ਹੀ ਜਲੌਅ ਸੀ, ਜੋ ਮੈਂ ਕਹਾਣੀਕਾਰ ਦੇ ਤੌਰ 'ਤੇ ਪੈਰ ਜਮਾ ਰਿਹਾ ਸਾਂ, ਨਹੀਂ ਤਾਂ ਕਦੋਂ ਦਾ ਮੈਂ ਵੀ ਕਿਸੇ ਨਹਿਰ ਦਾ ਸ਼ਿਕਾਰ ਹੋ ਗਿਆ ਹੁੰਦਾ। ਮੈਂ ਤੇ ਵਰਿਆਮ ਸੰਧੂ ਲੰਮੀ ਕਹਾਣੀ ਲਿਖਣ ਦੇ ਮੋਢੀਆਂ ਵਿਚ ਗਿਣੇ ਜਾਣ ਲੱਗੇ। ਵਰਿਆਮ ਸੰਧੂ ਦੀ ਲੰਮੀ ਕਹਾਣੀ-ਕਲਾ ਦੇ ਝੰਡੇ ਗੱਡੇ ਗਏ। ਮੇਰੀ ਕਹਾਣੀ 'ਬਠ਼ਲੂ ਚਮਿਆਰ' ਕਹਾਣੀ ਖ਼ੇਤਰ ਵਿਚ ਵੱਡਾ ਵਿਸਫੋਟ ਸਾਬਤ ਹੋਈ, ਜਿਸ ਨੂੰ ਉਛਾਲ਼ਦਿਆਂ ਬੇਸ਼ੱਕ ਇੱਕ ਗੁੱਝੀ ਸਾਜ਼ਸ਼ ਅਧੀਨ ਮੈਨੂੰ ਕੇਵਲ ਇਸ ਕਹਾਣੀ ਤੱਕ ਸੀਮਤ ਕਰਨ ਦੇ ਯਤਨ ਆਰੰਭੇ ਗਏ। ਮੈਨੂੰ ਚਿੜਾਉਣ ਖਿਝਾਉਣ ਲਈ ਚੁਟਕਲੇ ਘੜੇ ਗਏ। ਸਮਾਗਮਾਂ ਵਿਚ ਮੈਨੂੰ ਛੁਟਿਆਇਆ ਜਾਂਦਾ ਰਿਹਾ।

ਸੱਟਾਂ ਵੱਜੀਆਂ ਹੋਣ ਕਾਰਨ ਮੈਨੂੰ ਸਰਵਾਈਕਲ ਅਤੇ ਕਮਰ ਦਰਦ ਦੀ ਬਹੁਤ ਤਕਲੀਫ ਰਹਿਣ ਲੱਗੀ ਸੀ। ਹਰਭਜਨ ਹਲਵਾਰਵੀ ਦੇ ਛੋਟੇ ਭਾਈ ਮਰਹੂਮ ਡਾ. ਸੰਤੋਖ ਸਿੰਘ ਨੇ ਜੋ ਉਹ੍ਹੀਂ ਦਿਨੀਂ ਹੱਡੀਆਂ ਦੇ ਇਲਾਜ਼ ਦੀ ਐਮ.ਡੀ. ਕਰ ਰਹੇ ਸਨ, ਨੇ 1971-72 ਵਿਚ ਰਾਜਿੰਦਰਾ ਹਸਪਤਾਲ ਵਿਚ ਆਪਣੇ ਕੋਲ਼ ਰੱਖ ਕੇ, ਹੱਡੀਆਂ ਦੇ ਡਾਕਟਰ ਪ੍ਰੋ. ਹਰਦਾਸ ਸਿੰਘ ਤੋਂ ਮੇਰਾ ਇਲਾਜ਼ ਕਰਵਾਇਆ। ਉਨ੍ਹਾਂ ਮੈਨੂੰ ਕਹਿ ਛੱਡਿਆ ਸੀ ਕਿ ਡਾ. ਹਰਦਾਸ ਦੇ ਦੌਰੇ ਉਪਰੰਤ ਮੈਂ ਉਸ ਦੇ ਕਮਰੇ ਵਿਚ ਆ ਜਾਇਆ ਕਰਾਂ। ਡਾ. ਸੰਤੋਖ ਦੇ ਕਮਰੇ ਵਿਚ ਤਕਰੀਬਨ ਹਰ ਰੋਜ਼ ਹੀ ਡਾਕਟਰ ਪਿਆਰਾ ਲਾਲ ਗਰਗ, ਡਾਕਟਰ ਅਮਰ ਸਿੰਘ ਆਜ਼ਾਦ ਤੇ ਡਾਕਟਰ ਜਗਮੋਹਨ ਸਿੰਘ ਆਉਂਦੇ ਰਹਿੰਦੇ ਸਨ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਇਸ ਲਾਈਨ ਨਾਲ ਪੰਜਾਬ ਦੀ ਕਰੀਮ ਜੁੜ ਰਹੀ ਸੀ। ਵਿਚਾਰਧਾਰਕ ਪਕਿਆਈ ਨੂੰ ਤਰਜੀਹ ਦਿੰਦਿਆਂ ਬੌਧਿਕ ਕਿਸਮ ਦਾ ਕਾਡਰ ਇੱਧਰ ਖਿੱਚਿਆ ਆ ਰਿਹਾ ਸੀ। ਇਹ ਸਾਰੇ ਮੈਡੀਕਲ ਦੇ ਵਿਦਿਆਰਥੀ ਸਨ, ਯੂਕਰੀ ਭਾਵ ਬਠਿੰਡਾ ਨਾਗੀ ਰੈਡੀ ਗਰੁੱਪ ਮੈਡੀਕਲ ਦੇ ਵਿਦਿਅਰਥੀਆਂ ਦੀ ਯੂਨੀਅਨ ਬਣਾਉਣ ਵਿਚ ਸਫ਼ਲ ਹੋਈ ਸੀ। ਇਹ ਟੀਮ ਦੀਆਂ ਇਹ ਸ਼ਖ਼ਸੀਅਤਾਂ ਬਾਅਦ ਦੇ ਆਪਣੇ ਜੀਵਨ ਵਿਚ ਵੱਖ-ਵੱਖ ਖ਼ੇਤਰਾਂ ਵਿਚ ਆਪਣੀ ਸ਼ਾਨਦਾਰ ਭੂਮਿਕਾ ਨਿਭਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ।

ਗੁਰਸ਼ਰਨ ਭਾਅ ਜੀ ਨੇ ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਮਾਸ ਖੋਰੇ' ਛਾਪ ਦਿੱਤਾ। ਬਠਿੰਡਾ ਗਰੁੱਪ ਵਿਚ ਇਸ ਦਾ ਵਿਆਪਕ ਸੁਆਗਤ ਹੋਇਆ। ਇਨਕਲਾਬੀ ਖੇਮੇ ਵਿਚ ਮੇਰੀ ਥਾਂ ਬਣ ਗਈ। ਇਸ ਤੋਂ ਪਹਿਲਾਂ ਜੇ ਮੈਂ ਕਿਸੇ ਮੈਗਜ਼ੀਨ ਨੂੰ ਆਪਣੀ ਰਚਨਾ ਭੇਜਦਾ ਤਾਂ ਇੱਕ ਪਰਚੀ ਨਾਲ ਨੱਥੀ ਹੋ ਕੇ ਵਾਪਸ ਆ ਜਾਂਦੀ-'ਛਾਪ ਨਹੀਂ ਸਕਦੇ, ਵਾਪਸ ਭੇਜ ਰਹੇ ਹਾਂ ਤਾਂ ਜੋ ਕਿਤੇ ਹੋਰ ਕੰਮ ਆ ਸਕੇ।' ਇਸ ਕਹਾਣੀ ਸੰਗ੍ਰਹਿ ਦਾ ਨਿਰੰਜਣ ਸਿੰਘ ਢੇਸੀ ਨੇ ਬੜਾ ਹੀ ਪ੍ਰਭਾਵਸ਼ਾਲੀ ਰੀਵੀਊ ਕੀਤਾ। ਇਹ ਕਹਾਣੀ ਸੰਗ੍ਰਹਿ ਇਨ੍ਹਾਂ ਡਾਕਟਰਾਂ ਕੋਲ਼ ਵੀ ਪਹੁੰਚ ਗਿਆ। ਮੈਂ ਇਨ੍ਹਾਂ ਲੋਕਾਂ ਵਿਚ ਵਿਚਰਦਿਆਂ ਬਹੁਤ ਕੁੱਝ ਨਵਾਂ ਸਿੱਖ ਰਿਹਾ ਸਾਂ ਤੇ ਬੀਮਾਰੀ ਦੇ ਬਾਵਜੂਦ ਆਪਣੇ ਆਪ ਨੂੰ ਤਕੜਾ ਕਰ ਰਿਹਾ ਸਾਂ। ਡਾ. ਸੰਤੋਖ ਸਿੰਘ ਨੇ ਆਪਣੇ ਵਿਭਾਗ ਦੀ ਵਰਕਸ਼ਾਪ ਵਿਚੋਂ ਮੇਰੇ ਲਈ ਸਰਵਾਈਕਲ ਕਾਲਰ ਅਤੇ ਲੰਬਰ ਬੈਲਟ (ਕਮਰ 'ਤੇ ਲਗਾਉਣ ਵਾਲ਼ੀ ਸਟੀਲ ਦੀ ਪੇਟੀ') ਲਗਵਾ ਦਿੱਤੀ। ਨੌਜੁਆਨ ਭਾਰਤ ਸਭਾ ਦੀਆਂ ਵਧੀਆਂ ਸਰਗਰਮੀਆਂ ਕਾਰਨ ਮੈਨੂੰ ਥਾਂ-ਥਾਂ ਜਾਣਾ ਪੈਂਦਾ ਸੀ। ਸਾਡਾ ਢਾਡੀ ਜੱਥਾ ਇਸ ਵਿਚ ਪੂਰਾ ਟਿੱਲ ਲਾ ਕੇ ਯੋਗਦਾਨ ਪਾ ਰਿਹਾ ਸੀ। ਇਸ ਭੱਜ-ਦੌੜ ਕਾਰਨ ਆਰਾਮ ਦਾ ਸਮਾਂ ਨਾ ਮਿਲ਼ਦਾ, ਜਿਸ ਕਾਰਨ ਰੀੜ੍ਹ ਦੀ ਇਹ ਬੀਮਾਰੀ ਠੀਕ ਹੋਣ ਦਾ ਨਾਂ ਨਹੀਂ ਸੀ ਲੈਂਦੀ।

ਜਦੋਂ 'ਹੇਮ ਜਯੋਤੀ' ਵਿਚ 'ਬਠ਼ਲੂ ਚਮਿਆਰ' ਕਹਾਣੀ ਛਪੀ ਤਾਂ ਲੁੱਧਿਆਣੇ ਖੇਤੀ ਬਾੜੀ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਵਿਸ਼ਾਲ ਸਮਾਗਮ ਕਰਵਾਇਆ ਗਿਆ, ਜਿੱਥੇ ਇਸ ਕਹਾਣੀ ਦੀਆਂ ਮੀਢੀਆਂ ਗੁੰਦ ਕੇ ਸੱਗੀ-ਫੁੱਲ ਵੀ ਪਾਏ ਗਏ। ਇਹ ਮਾਣ ਜੇਕਰ ਮੈਨੂੰ ਹਾਸਲ ਹੋਇਆ ਤਾਂ ਇਸ ਲਾਈਨ ਦੀ ਵਿਗਿਆਨਕ ਸਮਝ ਕਰਕੇ ਹੀ, ਕਿਉਂਕਿ ਲੀਡਰਸ਼ਿੱਪ ਸਾਹਿਤ ਅਤੇ ਜੀਵਨ ਦੇ ਆਪਸੀ ਸਬੰਧਾਂ ਅਤੇ ਸਾਹਿਤ ਅਤੇ ਕਲਾ ਦੇ ਜ਼ਿੰਦਗੀ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਯੋਗਦਾਨ ਨੂੰ ਮਹੱਤਤਾ ਦੇ ਰਹੀ ਸੀ।

ਸਾਹਿਤ ਸੱਭਿਆਚਾਰ ਮੰਚ ਦੀਆਂ ਜ਼ਿਆਦਾਤਰ ਮੀਟਿੰਗਾਂ ਲੁਧਿਆਣੇ ਹੁੰਦੀਆਂ। ਇੱਕ ਮੀਟਿੰਗ ਮੇਰੇ ਕੋਲ਼ ਭੁੱਚੋ ਕਲਾਂ ਮੇਰੀ ਰਿਹਾਇਸ਼ 'ਤੇ ਵੀ ਹੋਈ, ਜਿੱਥੇ ਮੈਂ ਇੱਕ ਜ਼ਿਮੀਦਾਰ ਲਾਭ ਸਿੰਘ ਕਲਾਰ ਦੇ ਘਰ ਪਰਿਵਾਰ ਦਾ ਜੀਅ ਬਣ ਕੇ ਰਹਿ ਰਿਹਾ ਸਾਂ। ਇਸ ਮੀਟਿੰਗ ਵਿਚ ਸਾਹਿਤ ਸੱਭਿਆਅਚਾਰ ਮੰਚ ਦੀ ਵਰਿਆਮ ਸੰਧੂ ਅਤੇ ਸ਼ਵਿੰਦਰਜੀਤ ਸਾਗਰ ਨੂੰ ਛੱਡ ਕੇ ਸਾਰੀ ਹੀ ਟੀਮ ਪਹੁੰਚੀ ਹੋਈ ਸੀ। ਹਰਭਜਨ ਹਲਵਾਰਵੀ, ਡਾ. ਸੁਰਿੰਦਰ ਦੁਸਾਂਝ, ਸੁਰੇਂਦਰ ਹੇਮ ਜਯੋਤੀ, ਮਾਸਟਰ ਮੇਘ, ਅਜਮੇਰ ਔਲਖ, ਚਮਨ ਲਾਲ, ਅਮਰਜੀਤ ਚੰਦਨ, ਪਾਸ਼, ਬੂਟਾ ਰਾਮ 'ਗਹਿਰੀ ਅੱਖ' (ਉਸ ਦਾ ਪਹਿਲਾ ਤੇ ਆਖ਼ਰੀ ਕਾਵਿ ਸੰਗ੍ਰਹਿ 'ਗਹਿਰੀ ਅੱਖ' ਛਪਿਆ ਸੀ, ਜਿਸ ਨਾਲ ਗਹਿਰੀ ਅੱਖ ਉਸ ਦਾ ਤਖ਼ੱਲਸ ਹੀ ਬਣ ਗਿਆ) ਸੀ. ਮਾਰਕੰਡਾ ਵਗੈਰਾ। ਜ਼ਿਮੀਦਾਰ ਪਰਿਵਾਰ ਦਾ ਚਾਅ ਚੁੱਕਿਆ ਨਹੀਂ ਸੀ ਜਾ ਰਿਹਾ। ਆਖ਼ਰ ਉਨ੍ਹਾਂ ਦੇ ਖ਼ਿਆਲ ਵਿਚ ਇਸ ਘਰ ਏਡੇ ਵੱਡੇ 'ਅਫ਼ਸਰ' ਆਏ ਹੋਏ ਸਨ। ਸਾਹਿਤ ਜਾਂ ਲੇਖਕ ਸ਼ਬਦ ਤਾਂ ਉਨ੍ਹਾਂ ਦੇ ਜ਼ਿਹਨ ਦਾ ਹਿੱਸਾ ਨਹੀਂ ਸੀ ਬਣੇ, ਪਰ



ਸੰਤ ਸਿੰਘ ਸੇਖੋਂ



ਵਰਿਆਮ ਸਿੰਘ ਸੰਧੂ

ਕੋਟ-ਪੈਂਟ ਵਾਲੇ ਬਾਬੂ ਉਨ੍ਹਾਂ ਲਈ ਵੱਡੇ ਅਫ਼ਸਰ ਤਾਂ ਲੱਗ ਹੀ ਸਕਦੇ ਸਨ। ਏਨੇ ਜਣਿਆਂ ਦੇ ਲੰਗਰ-ਪਾਣੀ ਦਾ ਪ੍ਰਬੰਧ ਆਪਣੇ ਜ਼ਿੰਮੇ ਲੈ ਕੇ ਉਸ ਪਰਿਵਾਰ ਨੇ ਚਾਅ ਹੀ ਮਨਾਇਆ ਸੀ। ਪੇਂਡੂ ਰਹਿਤਲ 'ਤੇ ਇਹ ਵੀ ਇੱਕ ਨਵਾਂ ਤਜਰਬਾ ਹੀ ਸੀ।

ਦੂਜੇ ਪਾਸੇ ਦਾ ਵਰਤਾਰਾ ਤਾਂ ਮੈਂ ਆਪਣੀਆਂ ਅੱਖਾਂ ਨਾਲ ਵੇਖ ਹੀ ਆਇਆ ਸਾਂ ਕਿ ਜਿਸ ਘਰ ਵੀ ਕਿਸੇ ਹਮਦਰਦ ਨੇ ਕਾਮਰੇਡਾਂ ਨੂੰ ਰਾਤ ਕਟਾ ਦਿੱਤੀ, ਚੰਗੀ ਰੋਟੀ ਖਵਾ ਦਿੱਤੀ, ਉਸ ਨੂੰ ਗੁਰੀਲਾ ਬਣਾਉਣ ਦਾ ਯਤਨ ਕੀਤਾ ਜਾਂਦਾ ਸੀ। ਇਸ ਦੀ ਉਸ ਨਿਰੇ ਜੋਸ਼ ਵਾਲ਼ੀ ਲਹਿਰ ਨੂੰ ਜ਼ਰੂਰਤ ਵੀ ਸੀ। ਆਖ਼ਰ ਲੋਕ-ਯੁੱਧ ਤਾਂ ਭੂਮੀਗਤ ਵਿਅਕਤੀਆਂ ਨੇ ਹੀ ਭਖਾਉਣਾ ਸੀ। ਇੱਧਰ ਭਾਵੇਂ ਲਹਿਰ ਕੀੜੀ ਦੀ ਤੋਰ ਤੁਰ ਰਹੀ ਸੀ ਪਰ ਸਿੱਕੇਬੰਦ ਤਰੀਕਾ ਅਪਣਾਇਆ ਜਾ ਰਿਹਾ ਸੀ। ਲਿਆਕਤ ਦੀ ਕਰੀਮ ਹੀ ਇਸ ਪਾਸੇ ਖਿੱਚੀ ਆ ਰਹੀ ਸੀ।

ਅਮਰਜੀਤ ਚੰਦਨ ਵਿਹੜੇ ਤੋਂ ਬਾਹਰ ਬਣਾਈ ਗਰਕੀ ਤੋਂ ਉੱਠ ਬਾਹਰ ਆ ਹੀ ਨਹੀਂ ਸੀ ਰਿਹਾ, ਜਦੋਂ ਕਿ ਹੋਰ ਜਣਿਆ ਨੇ ਵੀ ਫ਼ਾਰਗ਼ ਹੋਣਾ ਸੀ। ਜਦ ਵੀ ਮੈਂ ਉੱਧਰ ਜਾ ਕੇ ਵੇਖਦਾ ਕਿ ਉਹ ਉਠਦਾ ਕਿਉਂ ਨਹੀਂ, ਦੋ ਇੱਟਾਂ ਦੀ ਸੀਟ ਉੱਪਰ ਬੈਠਾ ਮਸਤ ਹੋਇਆ, ਵਾਰ-ਵਾਰ ਨੀਲੇ ਲਫ਼ਾਫ਼ੇ ਦਾ ਖ਼ਤ ਪੜ੍ਹੀ ਜਾ ਰਿਹਾ ਸੀ। ਜਦ ਬਾਹਰ ਆ ਕੇ ਉਸ ਨਾਲ ਮੇਰੀਆਂ ਨਿਗਾਹਾਂ ਮਿਲ਼ੀਆਂ ਤਾਂ ਉਹ ਕਹਿ ਰਿਹਾ ਸੀ-'ਐਵੇਂ ਭਾਵੁਕ ਹੋ ਕੇ ਕੋਈ ਕਦਮ ਨਾ ਚੁੱਕੀਂ। ਇਨ੍ਹਾਂ ਵਿਚ ਵੀ ਕੱਢਣ ਪਾਉਣ ਨੂੰ ਕੁੱਝ ਨਹੀਂ। ਮੈਂ ਹੈਰਾਨ ਸਾਂ ਕਿ ਫਿਰ ਉਹ ਇਸ ਮੀਟਿੰਗ ਵਿਚ ਸ਼ਾਮਲ ਹੀ ਕਿਉਂ ਹੋਇਆ, ਜੇ ਕੱਢਣ-ਪਾਉਣ ਨੂੰ ਕੁੱਝ ਨਹੀਂ ਤਾਂ। ਮੈਨੂੰ ਅਮਰਜੀਤ ਚੰਦਨ ਉੱਪਰ ਅਫ਼ਸੋਸ ਹੋ ਰਿਹਾ ਸੀ ਕਿ ਇਹ ਉਹੋ ਅਮਰਜੀਤ ਚੰਦਨ ਸੀ ਜੋ ਗੁਰਸ਼ਰਨ ਸਿੰਘ ਭਾਅ ਜੀ ਦੇ ਦਫ਼ਤਰ ਵਿਚ ਮੇਜ਼ ਉੱਪਰ ਹੈਂਡ ਗਰਨੇਡ ਘੁਮਾ ਰਿਹਾ ਸੀ।

'ਹੇਮ ਜਯੋਤੀ' ਮੈਗਜ਼ੀਨ ਦੀ ਏਨੀ ਚੜ੍ਹਤ ਹੋ ਗਈ ਕਿ ਮਹੀਨਾ ਖ਼ਤਮ ਹੁੰਦਿਆਂ ਹੀ ਪਾਠਕ ਇਸ ਦੀ ਉਡੀਕ ਕਰਨ ਲੱਗਦੇ। ਸਟਾਲਾਂ 'ਤੇ ਪਹੁੰਚਦੇ ਸਾਰ ਹੱਥੋ-ਹੱਥ ਵਿਕ ਜਾਂਦਾ। ਇਹ ਵੀ ਪਤਾ ਲੱਗਦਾ ਸੀ ਕਿ ਦੁਕਾਨਦਾਰ ਪਰਚਾ ਬਲੈਕ ਵਿਚ ਵੇਚਣ ਤੱਕ ਜਾਂਦੇ ਸਨ। 'ਚਿੱਟੇ ਵਾਲਾਂ ਵਾਲ਼ੀ ਕੁੜੀ' ਚੀਨੀ ਨਾਟਕ ਛਪਣ ਨਾਲ ਪਰਚੇ ਦੀ ਦਿੱਖ ਉੱਪਰ ਨਾਂਹ-ਪੱਖੀ ਅਸਰ ਹੋਇਆ। ਪਾਠਕ ਦਾ ਬੌਧਿਕ ਪੱਧਰ ਅਜੇ ਏਨਾ ਵਿਕਸਤ ਨਹੀਂ ਸੀ ਹੋਇਆ ਕਿ ਉਹ ਇੱਕ ਬਹੁਤ ਹੀ ਕਲਾਤਮਕ ਨਾਟਕ ਦੇ ਤੱਤ ਦੀ ਗਹਿਰਾਈ ਨੂੰ ਮਾਪ ਸਕਦੇ, ਜੋ ਇੱਕ ਕੁੜੀ ਸਾਮੰਤਸ਼ਾਹੀ ਦੇ ਖ਼ਿਲਾਫ਼ ਜੂਝ ਰਹੀ ਦਿਖਾਈ ਗਈ ਸੀ। ਫਿਰ ਇੱਕ ਚੀਨੀ ਨਾਵਲ 'ਚਿੜੀਆਂ ਦੀ ਮੌਤ' ਛਾਪਣ ਨਾਲ ਇਹ ਪਰਚਾ ਹਮੇਸ਼ ਲਈ ਬੇਹੋਸ਼ੀ ਦੀ ਅਵੱਸਥਾ ਵਿਚ ਚਲਾ ਗਿਆ।

ਫ਼ਖ਼ਰ ਹੁੰਦਾ ਹੈ, ਉਨ੍ਹਾਂ ਸਮਿਆਂ 'ਤੇ ਜਦੋਂ ਨਰਮਾ ਅੰਦੋਲਨ ਦੌਰਾਨ, ਕਿਸਾਨ ਰੋਸ ਵਜੋਂ ਸੜਕਾਂ ਉੱਪਰ ਨਰਮੇ ਨੂੰ ਅਗਨ ਭੇਟ ਕਰ ਰਹੇ ਸਨ, ਤਾਂ ਸੱਤਰਵਿਆਂ ਦੇ ਸ਼ੁਰੂਆਤੀ ਸਾਲ ਵਾਹੀਕਾਰਾ ਯੂਨੀਅਨ ਦਾ ਗਠਨ ਕਰ ਕੇ ਬਠਿੰਡੇ ਕਚਹਿਰੀਆਂ ਦਾ ਕਾਂਡ ਰਚਾਇਆ ਗਿਆ ਸੀ। ਖਾੜਕੂ ਗੁਰੀਲਾ ਲੋਕ ਯੁੱਧ ਦੇ ਬਦਲ ਵਜੋਂ ਇਹ ਦਰਸਾਇਆ ਗਿਆ ਸੀ ਕਿ ਵਿਅਕਤੀਗਤ ਖਾੜਕੂ ਐਕਸ਼ਨ ਇਨਕਲਾਬ ਦਾ ਸੰਦ ਨਹੀਂ, ਲੋਕ ਸ਼ਕਤੀ ਹੀ ਵਿਚਾਰਧਾਰਕ ਅਤੇ ਫੌਜੀ ਤਾਕਤ ਬਣਨੀ ਹੈ। ਸਾਡੇ ਜੱਥੇ ਨੂੰ ਹੁਕਮ ਹੋਇਆ ਸੀ ਕਿ ਅਸੀਂ ਢੱਡ-ਬੈਂਜੋ ਲੈ ਕੇ ਬਠਿੰਡਾ ਦਾਣਾ ਮੰਡੀ ਵਿਚ ਪਹੁੰਚੀਏ। ਸਾਡੇ ਜਾਂਦਿਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਇਕੱਠੇ ਹੋ ਚੁੱਕੇ ਸਨ। ਜਿਉਂ ਹੀ ਸਟੇਜੀ ਕਾਰਵਾਈ ਆਰੰਭ ਹੋਈ ਆਪਣੀ ਕਲਾ ਦਿਖਾਉਣ ਦਾ ਸੱਦਾ ਆਇਆ। ਅਸੀਂ ਪੰਦਰਾਂ ਵੀਹ ਮਿੰਟ ਲੋਕ ਗਾਇਨ ਦਾ ਰੰਗ ਦਿਖਾ ਹਟੇ ਤਾਂ ਹਰਭਜਨ ਮੈਨੂੰ ਇੱਕ ਪਾਸੇ ਲਿਜਾ ਕੇ ਮੋਢਾ ਥਾਪੜ ਕੇ ਬੋਲਿਆ-'ਹੁਣ ਥੋਡਾ ਕੰਮ ਖ਼ਤਮ, ਉੱਡ ਜੋ। ਇੱਥੇ ਹੁਣ ਦਿਖਾਈ ਨਹੀਂ ਦੇਣੇ ਚਾਹੀਦੇ।' ਉਸ ਦੇ ਉਹ ਬੋਲ ਅੱਜੇ ਵੀ ਯਾਦ ਆ ਜਾਂਦੇ। ਸ਼ਾਮ ਨੂੰ ਪਤਾ ਲੱਗਿਆ ਕਿ ਬਠਿੰਡੇ ਦੀਆਂ ਕਚਹਿਰੀਆਂ ਵਿਚ ਵਾਹੀਕਾਰਾ ਯੂਨੀਅਨ ਨੇ ਨੰਦ ਸਿੰਘ ਮਹਿਤਾ ਦੀ ਅਗਵਾਈ ਵਿਚ ਬਹੁਤ ਵੱਡਾ ਕਾਂਡ ਸਿਰਜਿਆ ਸੀ।

ਕਿਸਾਨਾਂ ਦੀ ਪੁਲਸ ਨਾਲ ਬੜੀ ਹੀ ਜ਼ਬਰਦਸਤ ਟੱਕਰ ਹੋਈ ਸੀ। ਕਿਸਾਨਾਂ ਨੇ ਕਚਹਿਰੀਆਂ ਦੀਆਂ ਕੰਧਾਂ ਤੋੜ ਕੇ ਰੋੜਿਆਂ ਦਾ ਮੀਂਹ ਵਰ੍ਹਾ ਕੇ ਪੁਲਸ ਨੂੰ ਲੁਕਣ ਲਈ ਮਜਬੂਰ ਕਰ ਦਿੱਤਾ ਸੀ। ਇਸ ਟਕਰਾ ਨੂੰ ਸਮੇਟ ਕੇ ਜਦ ਕਿਸਾਨ ਪਿੱਛੇ ਹਟੇ ਸਨ ਤਾਂ ਪੁਲਸ ਨੇ ਆਮ ਲੋਕਾਂ ਇੱਥੋਂ ਤੱਕ ਕਿ ਬੱਸ ਅੱਡੇ ਦੀਆਂ ਸਵਾਰੀਆਂ ਉੱਪਰ ਵੀ ਵਹਿਸ਼ੀ ਹਮਲਾ ਕਰ ਦਿੱਤਾ ਸੀ। ਜੋ ਟਰੈਕਟਰ ਟਰਾਲੀ ਨਿਗ੍ਹਾ ਚੜ੍ਹਿਆ, ਭੰਨ-ਤੋੜ ਕਰਕੇ ਨਕਾਰਾ ਕਰ ਦਿੱਤਾ ਕਰ ਦਿੱਤਾ ਗਿਆ। ਇਸ ਸੰਘਰਸ਼ ਨੇ ਇਹ ਸਾਬਤ ਕਰ ਦਿੱਤਾ, ਲੋਕ ਤਾਕਤ ਮੂਹਰੇ ਕੋਈ ਜ਼ੁਲਮ-ਜ਼ਬਰ ਠਹਿਰ ਨਹੀਂ ਸਕਦਾ। ਤੇ ਇਹ ਵੀ ਸਰਕਾਰੀ ਮਸ਼ੀਨਰੀ ਦੇ ਅੱਖਾਂ ਨਹੀਂ ਹੁੰਦੀਆਂ, ਜੋ ਬਗੈਰ ਦੇਖੇ ਆਪਣੇ ਜ਼ੁਲਮ ਦਾ ਅੰਨ੍ਹੇਵਾਹ ਕੁਹਾੜਾ ਚਲਾਉਣਾ ਜਾਣਦੀ ਹੈ, ਜਿਸ ਨੂੰ ਵਿਅਕਤੀਗਤ ਸਫ਼ਾਏ ਦੀ ਲਾਈਨ ਨਾਲ ਨਹੀਂ, ਜੱਥੇਬੰਦਕ ਤਾਕਤ ਨਾਲ ਹੀ ਭਾਂਜ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਨੌਜੁਆਨਾਂ ਦੀ ਮੋਗਾ ਰੈਲੀ ਅਤੇ ਖਾਲੜਾ ਮੰਡੀ ਵਿਚ ਜਸਵੰਤ ਖਾਲੜਾ ਦੀ ਅਗਵਾਈ ਵਿਚ ਹੋਇਆ ਨੌਜੁਆਨ ਭਾਰਤ ਸਭਾ ਦਾ ਇਜਲਾਸ, ਜਿੱਥੇ ਸਾਡੇ ਜੱਥੇ ਨੇ ਆਪਣੀ ਕਲਾ ਨਾਲ ਰੰਗ ਬੰਨ੍ਹਿਆ ਸੀ।

ਕੁੱਝ ਨਾ-ਖ਼ੁਸ਼ਗਵਾਰ ਘਟਨਾਵਾਂ, ਜਿਨ੍ਹਾਂ ਸਾਡੇ ਘਰ ਵਿਚ ਝੱਖੜ ਝੁਲਾ ਦਿੱਤਾ, ਤੋਂ ਔਖ ਮੰਨ ਕੇ ਮੈਂ ਘਰ ਬੈਠ ਗਿਆ। ਜਥੇਬੰਦੀ ਨਾਲ ਕੁੱਝ ਕੁੜੱਤਣ ਵੀ ਪੈਦਾ ਹੋ ਗਈ। ਮੈਂ ਇਹ ਨਹੀਂ ਕਹਾਂਗਾ ਕਿ ਅਜਿਹਾ ਸਾਡੇ ਸਮਾਜ ਵਿਚ ਨਹੀਂ ਹੁੰਦਾ, ਮੈਂ ਵੀ ਆਪਣੇ ਆਪ ਨੂੰ ਗ਼ਲਤੀਆਂ ਤੋਂ ਬਿੱਲਕੁੱਲ ਅਣਭਿੱਜ ਨਹੀਂ ਸਮਝਦਾ, ਆਪਣੀ ਆਤਮ ਕਥਾ 'ਅੱਕ ਦਾ ਦੁੱਧ' ਵਿਚ ਸਵੀਕਾਰ ਵੀ ਕੀਤੀਆਂ ਹਨ, ਪਰ ਤਾਂ ਵੀ ਉਹ ਗ਼ਲਤੀਆਂ ਬੱਜਰ ਗ਼ਲਤੀਆਂ ਸਨ, ਜਿਨ੍ਹਾਂ ਨੂੰ ਮੇਰੀ ਮਾਨਸਿਕਤਾ ਨੇ ਸਵੀਕਾਰ ਨਾ ਕੀਤਾ। ਮੈਂ ਵਿਆਹੁਤਾ ਜੀਵਨ ਜਿਉਣ ਦਾ ਫ਼ੈਸਲਾ ਕਰ ਲਿਆ। ਅਹਿਮਦਗੜ੍ਹ ਤੋਂ ਅਧਿਆਪਕਾ ਦਾ ਰਿਸ਼ਤਾ ਵੀ ਆ ਗਿਆ। ਬਜ਼ੁਰਗ ਆ ਕੇ ਰੋਕ ਰੁਕਾਈ ਵੀ ਕਰ ਗਿਆ।

25 ਜੂਨ 1975 ਨੂੰ ਮੈਂ ਧੂਰੀ ਵਾਲ਼ੀ ਭੂਆ ਨਾਲ ਕੁੜੀ ਨੂੰ ਮਿਲ਼ਣ ਦੀ ਵਿਉਂਤ ਬਣਾਈ ਤਾਂ ਮੈਂ ਪੁਲਸ ਦੇ ਅੜਿੱਕੇ ਚੜ੍ਹ ਗਿਆ। ਦਸ ਬਾਰਾਂ ਸਾਈਕਲਾਂ ਵਾਲੇ ਪੁਲਸੀਆਂ ਨੇ ਘੇਰੇ ਵਿਚ ਲੈ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ। ਮੁਆਫ਼ੀਨਾਮਾ ਲਿਖਣ ਦਾ ਦਬਾਅ ਪੈਣ ਲੱਗਿਆ। ਡਿਊਟੀ ਦੇ ਰਿਹਾ ਡੀ.ਐੱਸ.ਪੀ. ਕਾਗਜ਼ ਉੱਪਰ ਲਿਖਾਉਣਾ ਚਾਹੁੰਦਾ ਸੀ ਕਿ ਮੈਂ ਇਹ ਲਿਖ ਕੇ ਦਿਆਂ ਕਿ ਮੈਂ ਨਕਸਲਬਾੜੀ ਪਾਰਟੀ ਵਿਚ ਗ਼ਲਤੀ ਨਾਲ ਸ਼ਾਮਲ ਹੋ ਗਿਆ ਸਾਂ, ਅੱਗੋਂ ਤੋਂ ਇਸ ਪਾਰਟੀ ਵਿਚ ਨਹੀਂ ਜਾਵਾਂਗਾ।' ਮੈਂ ਇਹ ਲਿਖ ਕੇ ਦੇਣ ਲਈ ਤਿਆਰ ਸਾਂ ਕਿ ਮੈਂ ਨਕਸਲਬਾੜੀ ਪਾਰਟੀ ਵਿਚ ਸ਼ਾਮਲ ਨਹੀਂ ਹੋਇਆ, ਚਾਰੂ ਮੌਜੂਮਦਾਰ ਵਾਲ਼ੀ ਨਕਸਲਬਾੜੀ ਪਾਰਟੀ ਨਾਲ ਉਦੋਂ ਤੱਕ ਮੇਰਾ ਵਾਸਤਾ ਨਹੀਂ ਸੀ ਰਿਹਾ। ਪਰ ਪੁਲਸ ਅਫ਼ਸਰ ਇਸ ਨਾਲ ਸਹਿਮਤ ਨਹੀਂ ਸੀ ਹੋ ਰਿਹਾ। ਤਿੰਨ ਚਾਰ ਦਿਨ ਫੂਲ ਦੇ ਕਿਲੇ ਦੀ ਉੱਕਾ ਹਨ੍ਹੇਰੀ ਗੁਫ਼ਾ ਵਿਚ ਬਹੁਤ ਡਰਾਇਆ ਗਿਆ। ਰਾਤ ਨੂੰ ਚੂਹੇ ਲੱਤਾਂ 'ਤੇ ਦੰਦੀਆਂ ਵੱਢੀ ਜਾਂਦੇ। ਅਖ਼ੀਰ ਚਲਾਨ ਪੇਸ਼ ਕਰ ਕੇ ਸੈਂਟਰਲ ਜੇਲ੍ਹ ਬਠਿੰਡਾ ਭੇਜ ਦਿੱਤਾ। ਲੰਮੀ ਚੌੜੀ ਜਿਸ ਬੈਰਕ ਵਿਚ ਮੈਨੂੰ ਥਾਂ ਦਿੱਤੀ ਗਈ, ਉਸ ਵਿਚ ਸਾਰੇ ਹੀ ਚਾਰੂ ਗਰੁੱਪ ਨਾਲ ਸਬੰਧਤ ਸਾਥੀ ਸਨ, ਜਿਨ੍ਹਾਂ ਨਾਲ ਮੇਰਾ ਕਰੂਰਾ ਨਹੀਂ ਸੀ ਰਲ਼ਦਾ। ਫਿਰ ਵੀ ਆਪਣੇ ਆਪ ਨੂੰ ਉਨ੍ਹਾਂ ਅਨੁਸਾਰ ਢਾਲਣਾ ਹੀ ਪੈਣਾ ਸੀ। ਪਤਾ ਲੱਗਿਆ ਕਿ ਮੇਰੇ ਆਉਣ ਤੋਂ ਪਹਿਲਾਂ ਹੀ ਹਰਭਜਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਦੇ ਨਾਲ ਹੀ ਉਸ ਨੂੰ ਮਿਲ਼ਣ ਆਇਆ ਚਮਨ ਲਾਲ ਪ੍ਰਭਾਕਰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਤਕਰੀਬਨ ਸਾਰੀ ਹੀ ਇਨਕਲਾਬੀ ਕਰੀਮ ਜੇਲ੍ਹ ਵਿਚ ਹਾਜ਼ਰ ਸੀ। ਇੱਕਾ-ਦੁੱਕਾ ਨੂੰ ਛੱਡ ਕੇ ਸਾਰੇ ਹੀ ਮੇਰੇ ਵਾਕਫ਼ ਸਨ।

ਕਿਸੇ ਮੁੰਡੇ ਰਾਹੀਂ ਸੁਨੇਹਾ ਦੇ ਹਰਭਜਨ ਨੇ ਮੈਨੂੰ ਆਪਣੀ ਬੈਰਕ ਵਿਚ ਬੁਲਾਇਆ। ਉਸ ਬੈਰਕ ਵਿਚ ਕੁੱਝ ਅਕਾਲੀ ਅਤੇ ਬਾਕੀ ਸਾਰੇ ਨਾਗੀ ਰੈਡੀ ਗਰੁੱਪ ਦੇ ਸਾਥੀ ਹੀ ਸਨ। ਸੋਹੀ ਨੇ ਮੁਸਕਰਾ ਕੇ ਮੇਰਾ ਸੁਆਗਤ ਕੀਤਾ। ਉਹ ਮੁਸਕ੍ਰਾਹਟ ਤੇ ਉਸ ਵਿਚੋਂ ਲਿਸ਼ਕਦੇ ਉਸ ਦੇ ਚਿੱਟੇ ਦੰਦ ਮੈਨੂੰ ਅੱਜ ਵੀ ਉਸੇ ਤਰ੍ਹਾਂ ਦਿਖਾਈ ਦੇ ਰਹੇ ਹਨ। 'ਅੱਛਾ ਇਹ ਦੱਸ ਅਤਰਜੀਤ ਹੁਣ ਜੇਲ੍ਹ ਵਿਚ ਆ ਕੇ ਕਿਵੇਂ ਸੋਚਦੈਂ। ਉਸ ਨੂੰ ਪਤਾ ਸੀ ਕਿ ਮੈਂ ਉਨ੍ਹਾਂ ਦੀ ਲਾਈਨ ਨਾਲੋਂ ਵੱਖ ਹੋਣ ਦਾ ਫ਼ੈਸਲਾ ਕਰ ਲਿਆ ਸੀ। ਫਿਰ ਵੀ ਉਹ ਮੈਨੂੰ ਟੋਹਣਾ ਚਾਹੁੰਦਾ ਸੀ।

'ਦੇਖੋ ਮੈਂ ਤੁਹਾਡੀ ਲਾਈਨ ਨੂੰ ਛੱਡ ਦਿੱਤਾ ਸੀ। ਮੈਂ ਪਰਿਵਾਰਕ ਜੀਵਨ ਜਿਉਣ ਦਾ ਫ਼ੈਸਲਾ ਕਰ ਲਿਆ ਸੀ। ਪੁਲਸ ਅਫ਼ਸਰ ਮੇਰੇ ਕੋਲ਼ੋਂ ਜੋ ਲਿਖਵਾਉਣਾ ਚਾਹੁੰਦਾ ਸੀ, ਮੈਂ ਲਿਖ ਕੇ ਨਹੀਂ ਦਿੱਤਾ। ਹੁਣ ਮੇਰਾ ਨਕਸਲੀ ਹੋਣ ਦਾ ਦੋਸ਼ ਲਾ ਕੇ ਚਲਾਣ ਪੇਸ਼ ਕੀਤਾ ਗਿਆ ਹੈ ਤੇ ਮੈਂ ਇਹ ਸਵੀਕਾਰ ਕਰਦਾ ਹਾਂ ਕਿ ਮੈਂ ਨਕਸਲੀਆ ਹਾਂ। ਜੋ ਵੀ ਸੰਕਟ ਝੱਲਣਾ ਪਊ, ਝੱਲੂੰਗਾ।' ਮੇਰਾ ਜਵਾਬ ਸੁਣ ਕੇ ਉਸ ਨੇ ਮੁਸਕਰਾ ਕੇ ਮੈਨੂੰ ਆਪਣੀਆਂ ਬਾਂਹਾਂ ਵਿਚ ਲੈ ਲਿਆ। ਮੈਨੂੰ ਜੇਲ੍ਹ ਵਿਚ ਉਸ ਦਾ ਇਹ ਵਤੀਰਾ ਇੱਕ ਵੱਡੇ ਪੁਰਸਕਾਰ ਵਾਂਗ ਜਾਪਿਆ।

ਕੁੱਝ ਦਿਨਾਂ ਬਾਅਦ ਹਰਭਜਨ ਨੇ ਸਾਡੀ ਮੀਟਿੰਗ ਬੁਲਾਈ। ਦੂਜੀ ਬੈਰਕ ਵਿਚ ਮੈਨੂੰ ਵੀ ਸੁਨੇਹਾਂ ਮਿਲ਼ ਗਿਆ। ਉਹ ਪੂਰੀ ਤਰ੍ਹਾਂ ਬੁਲੰਦ ਇਰਾਦੇ ਦਾ ਪ੍ਰਗਟਾਵਾ ਕਰਦਾ ਸਭ ਨੂੰ ਆਪਣੇ ਦੁਆਲ਼ੇ ਬਿਠਾ ਕੇ ਥੜ੍ਹੇ 'ਤੇ ਬੈਠਾ ਹੋਇਆ ਸੀ। ਮੈਨੂੰ ਇਹ ਤਾਂ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਸੁਪਰਿਨਟੈਂਡ ਨੇ ਉਸ ਨੂੰ ਦਫ਼ਤਰ ਵਿਚ ਬੁਲਾ ਕੇ ਕਲਾਸ ਵੰਨ ਦੇਣ ਦੀ ਪੇਸ਼ਕਸ਼ ਕੀਤੀ ਸੀ, ਜੋ ਉਸ ਨੇ ਸਵੀਕਾਰ ਨਹੀਂ ਸੀ ਕੀਤੀ। ਬਰਾੜ ਨਾਂ ਦਾ ਸੁਪਰਿਨਟੈਂਡੈਂਟ ਸ਼ਾਇਦ ਜੇਲ੍ਹ ਵਿਚ ਅਮਨ-ਅਮਾਨ ਰੱਖਣ ਦੀ ਮਨਸ਼ਾ ਨਾਲ ਹਰਭਜਨ ਦਾ ਰੁਹਬ ਵੀ ਮੰਨਦਾ ਸੀ। ਉਸ ਨੂੰ ਦਫ਼ਤਰ ਵਿਚ ਬੁਲਾ ਆਦਰ ਨਾਲ ਪੇਸ਼ ਆਉਂਦਾ। ਹਾਲਾਤ ਦੇ ਮੱਦੇ ਨਜ਼ਰ ਅਫ਼ਸਰਸ਼ਾਹੀ ਇਹ ਵੀ ਸਮਝਣ ਲੱਗਦੀ ਹੈ ਕਿ ਕੱਲ੍ਹ-ਕਲੋਤਰ ਨੂੰ ਹਾਲਾਤ ਪਤਾ ਨਹੀਂ ਕਿਹੋ ਜਿਹੇ ਬਣਨੇ ਹਨ। ਵੱਡੇ ਲੀਡਰਾਂ ਨਾਲ ਭਾਵੇਂ ਦਿਖਾਵੇ ਲਈ ਹੀ ਸਹੀ, ਨਰਮ ਰਵੱਈਆ ਰੱਖਦੀ ਹੈ। ਉਂਝ ਭੁੱਲਰ

*(ਬਾਕੀ ਅਗਲੇ ਸਫੇ 'ਤੇ)*




*(ਪਿਛਲੇ ਸਫੇ ਦਾ ਬਾਕੀ)*

ਬਾਰੇ ਮਸ਼ਹੂਰ ਸੀ ਕਿ ਬਹੁਤ ਖ਼ੂੰ-ਖਾਰ ਅਫ਼ਸਰ ਹੈ। ਹਰਭਜਨ ਨੇ ਬੋਲਣਾ ਸ਼ੁਰੂ ਕੀਤਾ-'ਦੇਖੋ ਸਾਡੇ ਵਿਚੋਂ ਕੁੱਝ ਜ਼ਿਆਦਾ ਪੜ੍ਹੇ-ਲਿਖੇ ਬੰਦਿਆਂ ਨੂੰ ਉੱਪਰਲੇ ਦਰਜ਼ੇ ਦੀਆਂ ਸਹੂਲਤਾਂ ਮਿਲ਼ ਸਕਦੀਆਂ ਹਨ। ਦਫ਼ਤਰ ਵੱਲੋਂ ਮੈਨੂੰ ਕਲਾਸ ਵੰਨ ਲੈਣ ਅਤੇ ਕੈਦੀਆਂ ਵਿਚੋਂ ਇੱਕ ਲਾਂਗਰੀ ਦੇਣ ਲਈ ਕਿਹਾ ਗਿਆ ਹੈ, ਮੈਂ ਇਨਕਾਰ ਕਰ ਆਇਆ ਹਾਂ। ਪਰ ਆਪਾਂ ਸਮਾਜਵਾਦੀ ਪਾਰਟੀ ਦੇ ਲੀਡਰਾਂ ਵਾਂਗ ਕੋਈ ਵੱਖਰੀ ਸਹੂਲਤ ਨਹੀਂ ਲੈਣੀ। ਆਪਾਂ ਸਾਰੇ ਇੱਕੋ ਤਰ੍ਹਾਂ ਇਕੱਠੇ ਰਹਾਂਗੇ ਤੇ ਸੀਮਿੰਟ ਦੇ ਇਨ੍ਹਾਂ ਖੱਡਿਆਂ 'ਤੇ ਹੀ ਸੌਂਇਆ ਕਰਾਂਗੇ।'

ਹਰਭਜਨ ਦੀ ਗੱਲ ਜਾਰੀ ਸੀ-'ਕੁੱਛ ਅਕਾਲੀ ਤੇ ਸਮਾਜਵਾਦੀ ਪਾਰਟੀ ਦੇ ਬੰਦਿਆਂ ਨੇ ਜ਼ਮਾਨਤ ਕਰਾਉਣ ਦਾ ਯਤਨ ਕੀਤਾ ਹੈ। ਇਸ ਹਾਲਤ ਵਿਚ, ਖ਼ਾਸ ਹਾਲਤਾਂ ਨੂੰ ਛੱਡ ਕੇ ਆਪਾਂ ਜ਼ਮਾਨਤਾਂ ਵੀ ਨਹੀਂ ਕਰਾਵਾਂਗੇ। ਜ਼ਮਾਨਤਾਂ ਕਰਾਉਣ ਦਾ ਕੋਈ ਲਾਭ ਨਹੀਂ, ਕਿਉਂਕਿ ਆਪਾਂ ਵੇਖ ਰਹੇ ਹਾਂ ਕਿ ਦੂਜੀਆਂ ਪਾਰਟੀ ਦੇ ਜਿਸ ਬੰਦੇ ਨੇ ਵੀ ਜ਼ਮਾਨਤ ਕਰਾਈ, ਪੁਲਸ ਪਹਿਲਾਂ ਹੀ ਗੇਟ 'ਤੇ ਖੜ੍ਹੀ ਹੁੰਦੀ ਹੈ, ਬੰਦਾ ਕਿਸੇ ਨਵੇਂ ਕੇਸ ਵਿਚ ਫਿਰ ਜੇਲ੍ਹ ਅੰਦਰ ਪਹੁੰਚ ਜਾਂਦਾ ਹੈ। ਦੂਜੀ ਗੱਲ ਜ਼ਮਾਨਤ ਕਰਾਉਣ ਦਾ ਮਤਲਬ ਹੋਵੇਗਾ ਕਿ ਅਸੀਂ ਔਖਾਂ ਤੋਂ ਘਬਰਾ ਗਏ ਹਾਂ। ਦੂਜੀ ਧਿਰ ਦੇ ਦੋ-ਤਿੰਨ ਜਣਿਆਂ ਦੇ ਮਾਮਲੇ ਵਿਚ ਆਪਾਂ ਦੇਖ ਹੀ ਚੁੱਕੇ ਹਾਂ। ਸਾਡਾ ਇਮਤਿਹਾਨ ਲਿਆ ਜਾ ਰਿਹਾ। ਡੋਲਣਾ ਨਹੀਂ। ਐਮਰਜੈਂਸੀ ਲੰਮਾ ਸਮਾਂ ਵੀ ਰਹਿ ਸਕਦੀ ਹੈ। ਇੰਦਰਾ ਗਾਂਧੀ ਦਾ 'ਗਰੀਬੀ ਹਟਾਓ ਸਮਾਜਵਾਦ ਲਿਆਓ' ਦਾ ਲਾਰਾ ਥੋਥਾ ਹੀ ਸੀ। ਭਾਰਤੀ ਸਟੇਟ ਹੱਥੋਂ ਸੱਤਾ ਜਾਂਦੀ ਵੇਖ ਕੇ ਫ਼ਾਸ਼ੀਵਾਦ ਦੇ ਰਾਹ ਪੈ ਚੁੱਕੀ ਹੈ। ਆਪਣੇ ਹੌਸਲੇ ਨੂੰ ਬਣਾਈ ਰੱਖਣਾ ਹੈ। ਹਰ ਮੁਸ਼ਕਲ ਦਾ ਮਿਲ਼ ਕੇ ਟਾਕਰਾ ਕਰਨਾ ਹੈ। ਜੇਲ੍ਹ ਵਿਚ ਲੰਮੇ ਸੰਘਰਸ਼ ਕਰਨੇ ਪੈ ਸਕਦੇ ਹਨ।'


ਉਸ ਨੇ ਸਾਂਝ ਦੀ ਭਾਵਨਾ ਪੈਦਾ ਕਰਨ ਬਾਰੇ ਵੀ ਬੜੀਆਂ ਨਿੱਗਰ ਗੱਲਾਂ ਕੀਤੀਆਂ-'ਅਸੀਂ ਕਮਿਊਨਿਸਟ ਜੇਲ੍ਹ ਵਿਚ ਵੀ ਕਮਿਊਨ ਸਥਾਪਤ ਕਰ ਕੇ ਰਹਾਂਗੇ। ਕਈ ਸਾਥੀਆਂ ਨੂੰ ਘਰਦਿਆਂ ਵੱਲੋਂ ਖਾਣ-ਪੀਣ ਦੀਆਂ ਚੀਜ਼ਾਂ ਵੀ ਆਉਣਗੀਆਂ। ਜੋ ਕੁੱਝ ਵੀ ਬਾਹਰੋਂ ਆਵੇ, ਉਹ ਸਭ ਦਾ ਸਾਂਝਾ ਹੋਊਗਾ। ਜੋ ਰੋਟੀ ਹੋਰਨਾਂ ਕੈਦੀਆਂ ਨੂੰ ਮਿਲ਼ਦੀ ਹੈ, ਆਪਾਂ ਉਹੀ ਖਾਣੀ ਹੈ। ਆਪਾਂ ਸਿਰਫ਼ ਇੱਕ ਗੱਲ ਕਰ ਸਕਦੇ ਹਾਂ ਕਿ ਦਾਲ਼-ਸਬਜ਼ੀ ਜਿਹੜੀ ਕੱਚਾ ਤੇਲ ਪਾ ਕੇ ਬਣਾਈ ਜਾਂਦੀ ਹੈ, ਆਪਾਂ ਕੋਈ ਇਹੋ ਜਿਹਾ ਪ੍ਰਬੰਧ ਕਰੀਏ ਜਿਸ ਨਾਲ ਉਸ ਨੂੰ ਦੁਬਾਰਾ ਤੜਕਾ ਲਾਇਆ ਜਾ ਸਕੇ।'

ਰਸੋਈ ਵਿਚ ਸਾਡੇ ਪਿੰਡ ਦਾ ਬਿੱਲੂ ਨਾਂ ਦਾ ਵੀਹ ਸਾਲੀ ਸਜ਼ਾ-ਯਾਫ਼ਤਾ ਕੈਦੀ ਸੀ। ਮੇਰੀ ਡਿਊਟੀ ਲਾਈ ਗਈ ਕਿ ਮੈਂ ਉਹਦੇ ਨਾਲ ਗੱਲ ਕਰਕੇ ਅੰਗੀਠੀ, ਕੋਲਿਆਂ ਤੇ ਅੱਗ ਦਾ ਪ੍ਰਬੰਧ ਕਰਾਂ। ਉਸ ਨੇ ਇਹ ਮੰਗ ਪੂਰੀ ਕਰ ਦਿੱਤੀ। ਰਸੋਈ ਵਿਚੋਂ ਕੋਲੇ ਮਿਲ਼ਣ ਲੱਗ ਪਏ। ਅੱਗ ਬਾਲਣ ਦਾ ਉਸ ਨੇ ਸਾਨੂੰ ਢੰਗ ਸਮਝਾ ਦਿੱਤਾ। ਕਿਉਂਕਿ ਮਾਚਸ ਜੇਲ੍ਹ ਦੇ ਕਾਨੂੰਨ ਅਨੁਸਾਰ ਅਸੀਂ ਰੱਖ ਨਹੀਂ ਸੀ ਸਕਦੇ। ਉਸ ਨੇ ਇੱਕ ਛੋਟੀ ਜਿਹੀ ਲੋਹੇ ਦੀ ਡੱਬੀ ਵਿਚ ਘਰ ਦਾ ਕੱਤਿਆ ਸੂਤ, ਇੱਕ ਪੱਥਰ ਤੇ ਇੱਕ ਲੋਹੇ ਦੀ ਪੱਤਰੀ ਦੇ ਕੇ ਅੱਗ ਬਾਲਣ ਦਾ ਢੰਗ ਸਮਝਾ ਦਿੱਤਾ। ਆਦਿ ਮਾਨਵ ਜੰਗਲੀ ਜੀਵਨ ਵਿਚ ਇਸ ਤਰ੍ਹਾਂ ਹੀ ਪੱਥਰ 'ਤੇ ਪੱਥਰ ਮਾਰ ਕੇ ਅੱਗ ਬਾਲਦਾ ਰਿਹਾ ਹੋਏਗਾ। ਅਸੀਂ ਸੂਤ ਵਾਲ਼ੀ ਡੱਬੀ ਦੇ ਨੇੜੇ ਕਰ ਕੇ ਪੱਤਰੀ ਪੱਥਰ 'ਤੇ ਮਾਰ ਕੇ ਅੱਗ ਬਾਲਣੀ ਸਿੱਖ ਗਏ। ਪੱਤਰੀ ਤੇ ਪੱਥਰ ਦੀ ਰਗੜ ਨਾਲ ਚੰਗਿਆੜੀ ਸੂਤ ਉੱਪਰ ਡਿੱਗਦੀ ਜਿਸ ਨੂੰ ਫੂਕਾਂ ਮਾਰ ਮਾਰ ਕੇ ਮਘਾ ਲਿਆ ਜਾਂਦਾ ਤੇ ਸਾਡੀ ਅੰਗੀਠੀ ਮਘਣ ਲੱਗਦੀ।

ਪਿੰਡੋਂ ਕਿਸੇ ਨਾ ਕਿਸੇ ਨੂੰ ਘਿਉ, ਕਿਸੇ ਨੂੰ ਖੋਆ, ਕਿਸੇ ਨੂੰ ਪੰਜੀਰੀ ਆਉਣ ਲੱਗੀ। ਸਾਰੇ ਰਲ਼-ਮਿਲ਼ ਕੇ ਛਕਦੇ। ਹਰਭਜਨ ਦੀ ਹਾਜ਼ਰੀ ਵਿਚ ਸਾਨੂੰ ਜੇਲ੍ਹ, ਜੇਲ੍ਹ ਤਾਂ ਲੱਗਦੀ ਹੀ ਨਹੀਂ ਸੀ। ਤਕਰੀਬਨ ਹਰ ਰੋਜ਼ ਹੀ ਸਾਹਿਤਕ ਜਾਂ ਸੱਭਿਆਚਾਰਕ ਪ੍ਰੋਗਰਾਮ ਹੋਣ ਲੱਗੇ। ਇਸ ਨਾਲ ਹੋਰ ਵੀ ਰੰਗ ਖਿੜ ਗਏ। ਮੈਨੂੰ ਸੁਖਮਣਾ ਨਾੜੀ (ਰੀੜ੍ਹ) ਦੀ ਤਕਲੀਫ਼ ਤਾਂ ਪਹਿਲਾਂ ਤੋਂ ਹੀ ਰਹਿੰਦੀ ਸੀ। ਇੱਥੇ ਤਕਲੀਫ਼ ਵਧਣੀ ਸ਼ੁਰੂ ਹੋ ਗਈ ਤਾਂ ਹਰਭਜਨ ਨੇ ਨੰਦ ਸਿੰਘ ਮਹਿਤਾ ਦੀ ਡਿਊਟੀ ਲਾਈ ਕਿ ਉਹ ਮੇਰਾ ਹਰ ਤਰ੍ਹਾਂ ਖ਼ਿਆਲ ਰੱਖੇ।

# ਸਿੱਖੀ ਸਿਧਾਂਤਾਂ ਦਾ ਪਰਿਪੱਕ ਪ੍ਰਚਾਰ ਕੇਂਦਰ ਸਿਡਨੀ ਦਾ ਗੁਰਦੁਆਰਾ ਗਲੈਨਵੁੱਡ

ਸਿਡਨੀ ਆਸਟ੍ਰੇਲੀਆ ਦਾ ਪੂਰਬ ਸਾਗਰ ਤਟ 'ਤੇ ਵੱਸਿਆ ਸਭ ਤੋਂ ਵੱਧ ਆਬਾਦੀ ਵਾਲਾ ਖੂਬਸੂਰਤ ਸ਼ਹਿਰ ਹੈ। ਇਹ ਨਿਊ ਸਾਊਥ ਵੇਲਸ ਪ੍ਰਾਂਤ ਦੀ ਰਾਜਧਾਨੀ ਵੀ ਹੈ। ਆਬਾਦੀ 55 ਲੱਖ ਤੋਂ ਵੱਧ ਹੈ। ਮਿਲੀ-ਜੁਲੀ ਸਭਿਅਤਾ ਵਾਲੇ ਇਸ ਸ਼ਹਿਰ ਵਿਚ ਸਿੱਖਾਂ ਦੀ ਆਬਾਦੀ ਸੰਨ 2022 ਦੇ ਅੰਕੜਿਆਂ ਅਨੁਸਾਰ 38 ਹਜ਼ਾਰ ਤੋਂ ਜ਼ਿਆਦਾ ਸੀ, ਜਿਸ ਵਿਚ ਨਿਰੰਤਰ ਵਾਧਾ ਹੋਇਆ ਹੈ। ਸਿੱਖ ਜਿੱਥੇ ਵੀ ਗਏ, ਗੁਰੂ ਦਾ ਓਟ ਆਸਰਾ ਨਾਲ ਗਿਆ ਤੇ ਗੁਰੂ ਦਰਬਾਰ ਸਜਾਉਣ ਨੂੰ ਤਰਜੀਹ ਦਿੱਤੀ। ਪੰਜਾਬ ਗੁਰੂਆਂ ਦੀ ਧਰਤੀ ਮੰਨੀ ਜਾਂਦੀ ਹੈ ਪਰ ਗੁਰੂਆਂ ਦਾ ਸੁਨੇਹਾ ਸਾਰੀ ਮਨੁੱਖਤਾ ਦੇ ਭਲੇ ਦਾ ਸੀ। ਇਹ ਮਿਸ਼ਨ ਅੱਜ ਵੀ ਜਾਰੀ ਹੈ। ਸਿਡਨੀ ਦਾ ਗੁਰਦੁਆਰਾ ਗਲੈਨਵੁੱਡ ਇਸ ਵਿਚ



**ਡਾ. ਸਤਿੰਦਰ ਪਾਲ ਸਿੰਘ**
**ਫੋਨ: 94159-60533**

ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਦੇ ਪ੍ਰਬੰਧ ਹੇਠ ਚੱਲ ਰਹੇ ਇਸ ਗੁਰਦੁਆਰੇ ਦਾ ਭਵਨ ਆਪਣੇ ਖੂਬਸੂਰਤ ਆਰਕੀਟੈਕਚਰ ਨਾਲ ਦੂਰੋਂ ਹੀ ਮਨ ਮੋਹ ਲੈਂਦਾ ਹੈ। ਉੱਚਾ ਝੂਲਦਾ ਨਿਸ਼ਾਨ ਸਾਹਿਬ, ਪੰਜਾਬ ਤੋਂ ਹਜ਼ਾਰਾਂ ਮੀਲ ਦੂਰ, ਮਨ ਅੰਦਰ ਸਿੱਖ ਹੋਣ ਦਾ ਮਾਣ ਪੈਦਾ ਕਰ ਦਿੰਦਾ ਹੈ। ਦਰਬਾਰ ਹਾਲ ਪੌੜੀਆਂ ਚੜ੍ਹ ਕੇ ਉੱਪਰ ਬਣਿਆ ਹੋਇਆ ਹੈ। ਬੀਬੀਆਂ ਤੇ ਪੁਰਸ਼ਾਂ ਲਈ ਵੱਖ-ਵੱਖ ਜੋੜੇ ਘਰ ਹਨ। ਦਰਬਾਰ ਹਾਲ ਦੇ ਮੁੱਖ ਦੁਆਰ ਦੇ ਦੋਵੇਂ ਪਾਸੇ ਵੱਡੀਆਂ ਸਕਰੀਨਾਂ ਲੱਗੀਆਂ ਹਨ, ਜਿਨ੍ਹਾਂ ਵਿਚ ਨਿਤ ਦਾ ਹੁਕਮਨਾਮਾ ਪੜ੍ਹਿਆ ਜਾ ਸਕਦਾ ਹੈ। ਗੁਰਦੁਆਰੇ ਦੇ ਪ੍ਰੋਗਰਾਮ ਲਾਈਵ ਚਲਾਏ ਜਾਂਦੇ ਹਨ। 1970 ਵਿਚ ਗੁਰਦੁਆਰੇ ਦੀ ਉਸਾਰੀ ਦੇ ਆਰੰਭ ਤੋਂ ਹੀ ਇਸ ਨੂੰ ਵਿਆਪਕ ਰੂਪ ਦੇਣ ਦਾ ਵਿਚਾਰ ਦ੍ਰਿੜ੍ਹ ਕਰ ਲਿਆ ਗਿਆ ਸੀ। ਗੁਰਦੁਆਰੇ ਨੂੰ ਆਮ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਸਥਾਨ ਅਤੇ ਸਾਧ ਸੰਗਤ ਦੇ ਜੁੜਨ ਦਾ ਕੇਂਦਰ ਮੰਨਿਆ ਜਾਂਦਾ ਹੈ। ਉਘੇ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਵਿਆਪਕ ਅਰਥ ਦਿੰਦਿਆਂ ਕਿਹਾ ਸੀ ਕਿ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਿਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤਿ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਗਲੈਨਵੁੱਡ ਦਾ ਗੁਰਦੁਆਰਾ ਇਸ ਭਾਵਨਾ ਤੋਂ ਪ੍ਰੇਰਿਤ ਵਿਖਾਈ ਦਿੰਦਾ ਹੈ। ਗੁਰਦੁਆਰੇ ਵਿਚ ਜਿੱਥੇ ਨਿਤ ਦੀ ਮਰਿਆਦਾ ਦੇ ਨਾਲ ਵਿਸ਼ੇਸ਼ ਕਥਾ, ਕੀਰਤਨ ਸਮਾਗਮ ਚੱਲਦੇ ਰਹਿੰਦੇ ਹਨ, ਉਥੇ ਨਵੀਂ ਪੀੜ੍ਹੀ ਨੂੰ ਗੁਰਸਿੱਖੀ ਤੇ ਗੁਰਬਾਣੀ ਨਾਲ ਜੋੜਨ ਲਈ ਗੰਭੀਰ ਉਪਰਾਲੇ ਵੀ ਕੀਤੇ ਜਾ ਰਹੇ ਹਨ।

ਆਪਣੇ ਵਿਰਸੇ ਨਾਲ ਜੋੜਨ ਵਿਚ ਸਭ ਤੋਂ ਵੱਡਾ ਅੜਿੱਕਾ ਭਾਸ਼ਾ ਦਾ ਹੈ। ਸਥਾਨਕ ਭਾਸ਼ਾ ਅੰਗਰੇਜ਼ੀ ਹੋਣ ਕਰ ਕੇ ਪੰਜਾਬੀ ਦਾ ਗਿਆਨ ਦੇਣ ਲਈ ਗੁਰਦੁਆਰਾ ਸਾਹਿਬ ਦੇ ਪਰਿਸਰ ਵਿਚ ਹੀ ਪੰਜਾਬੀ ਸਕੂਲ ਸਥਾਪਿਤ ਕੀਤਾ ਗਿਆ ਹੈ ਜਿਸ ਵਿਚ ਪੰਜਾਬੀ ਤੇ ਗੁਰਸਿੱਖੀ ਦੀਆਂ ਫ੍ਰੀ ਕਲਾਸਾਂ ਚਲਾਈਆਂ ਜਾਂਦੀਆਂ ਹਨ। ਇਹ ਕਲਾਸਾਂ ਸ਼ਨਿਚਰਵਾਰ-ਐਤਵਾਰ ਹੁੰਦੀਆਂ ਹਨ। ਸਾਹਿਤ ਨੂੰ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿਚ ਅਹਿਮ ਮੰਨਦਿਆਂ ਭਾਈ ਗੁਰਦਾਸ ਜੀ ਦੇ ਨਾਮ 'ਤੇ ਇੱਕ ਲਾਇਬ੍ਰੇਰੀ ਵੀ ਕਾਇਮ ਕੀਤੀ ਗਈ ਹੈ, ਜਿਸ ਵਿਚ ਸਿੱਖ ਧਰਮ, ਦਰਸ਼ਨ ਤੇ ਇਤਿਹਾਸ ਬਾਰੇ ਸਬੰਧਤ ਪੁਸਤਕਾਂ, ਪੱਤਰਕਾਵਾਂ ਦੇ ਨਾਲ ਹੀ ਵੀਡੀਓ ਆਦਿਕ ਵੀ ਉਪਲਬਧ ਕਰਾਏ ਗਏ ਹਨ। ਇਹ ਲਾਇਬ੍ਰੇਰੀ ਸ਼ਨਿਚਰਵਾਰ ਤੇ ਐਤਵਾਰ ਖੁੱਲ੍ਹਦੀ ਹੈ।

ਗੁਰਦੁਆਰੇ ਦੀ ਮੀਡੀਆ ਇੰਚਾਰਚ ਬੀਬੀ ਹਰਕਿਰਨ ਕੌਰ ਨੇ ਦੱਸਿਆ ਕਿ ਦਸਤਾਰ, ਦੁਮਾਲਾ ਸਿਖਲਾਈ ਦੇ ਕੈਂਪ ਵੀ ਸਮੇਂ-ਸਮੇਂ 'ਤੇ ਲਗਾਏ ਜਾਂਦੇ ਹਨ। ਗੁਰਬਾਣੀ ਦੇ ਨਾਲ ਹੀ ਗੁਰ ਇਤਿਹਾਸ, ਸਭਿਆਚਾਰ ਤੇ ਸਿੱਖ ਇਤਿਹਾਸ ਨਾਲ ਜੋੜਨ ਵਿਚ ਵੀ ਗੁਰਦੁਆਰਾ ਪ੍ਰਬੰਧਕਾਂ ਦੀ ਵਿਸ਼ੇਸ਼ ਰੁਚੀ ਰਹਿੰਦੀ ਹੈ। ਗਲੈਨਵੁੱਡ ਤੋਂ ਇਲਾਵਾ ਸ਼ਾਇਦ ਵਿਰਲਾ ਹੀ ਗੁਰਦੁਆਰਾ ਹੋਵੇਗਾ, ਜਿੱਥੇ ਬਾਕੀ ਸਿੱਖ ਸ਼ਖਸ਼ੀਅਤਾਂ ਦੇ ਨਾਲ ਆਪਣੇ ਸਮੇਂ ਦੇ ਉਘੇ ਵਿਦਵਾਨ, ਲੇਖਕ, ਪੰਥਕ ਆਗੂ ਗਿਆਨੀ ਦਿੱਤ ਸਿੰਘ ਜੀ ਦੀ ਫੋਟੋ ਵੀ ਲੱਗੀ ਹੋਵੇ, ਜਦੋਂਕਿ ਆਪਣੀ ਹੀ ਧਰਤੀ 'ਤੇ ਸਿੱਖ ਇਨ੍ਹਾਂ ਬਾਰੇ ਜ਼ਿਆਦਾ ਨਹੀਂ ਜਾਣਦੇ। ਇਹ ਹੀ ਨਹੀਂ ਗੁਰਦੁਆਰੇ ਅੰਦਰ ਮੁੱਖ ਅਸਥਾਨ 'ਤੇ ਪੂਰੀ ਸਿੱਖ ਰਹਿਤ ਮਰਿਆਦਾ ਦਾ ਬੋਰਡ ਲੱਗਿਆ ਹੋਇਆ ਹੈ, ਜਿਸ ਤੋਂ ਆਮ ਸਿੱਖ ਅਣਜਾਣ ਰਹਿੰਦੇ ਹਨ।

ਸਿੱਖ ਕੌਮ ਅੰਦਰ ਸ਼ਰਧਾ ਭਾਵਨਾ ਗੁਰੂ ਦੀ ਬਖਸ਼ੀ ਹੋਈ ਹੈ ਜਿਸ ਕਾਰਨ ਗੁਰੂ ਦੇ ਸਾਰੇ ਕਾਰਜ ਸ਼ੋਭਨੀਕ ਢੰਗ ਨਾਲ ਪੂਰਨ ਹੁੰਦੇ ਹਨ। ਬੇਸਮੇਂਟ ਵਿਚ ਬਣਿਆ ਵਿਸ਼ਾਲ ਲੰਗਰ ਹਾਲ ਇਸ ਦਾ ਪ੍ਰਤੀਕ ਹੈ। ਹਰ ਦਿਨ ਲੰਗਰ ਚੱਲਦਾ ਹੈ ਤੇ ਖੁੱਲਾ ਵਰਤਾਇਆ ਜਾਂਦਾ ਹੈ। ਸੰਗਤ ਆਪ ਹੀ ਲੰਗਰ ਤਿਆਰ




ਕਰਨ ਤੇ ਵਰਤਾਉਣ ਦੀ ਸੇਵਾ ਕਰਦੀ ਹੈ। ਵਰਤਾਉਣ ਦੇ ਨਾਲ ਹੀ ਇੱਕ ਅਸਥਾਨ ਤੇ ਰੱਖੀਆਂ ਲੰਗਰ ਦੀਆਂ ਬਾਲਟੀਆਂ ਵਿਚੋਂ ਆਪ ਵੀ ਲੰਗਰ ਲਿਆ ਜਾ ਸਕਦਾ ਹੈ। ਸੰਗਤ ਦੇ ਲਿਆਏ ਫਲ ਤੇ ਮਠਿਆਈਆਂ ਵੀ ਲਗਾਤਾਰ ਵਰਤਦਿਆਂ ਰਹਿੰਦੀਆਂ ਹਨ। ਚਾਹ ਦਾ ਲੰਗਰ ਵੀ ਨਾਲ ਹੀ ਚੱਲਦਾ ਹੈ।

ਆਸਟ੍ਰੇਲੀਆ ਚੋਣਵੇਂ ਦੇਸ਼ਾਂ ਵਿਚੋਂ ਇੱਕ ਹੈ ਜਿੱਥੇ ਸਿਹਤ, ਫਿਟਨੈਸ 'ਤੇ ਬਹੁਤ ਜ਼ੋਰ ਹੈ। ਸਿੱਖ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਇਸ ਭਾਵਨਾ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਵੱਲੋਂ ਹਰ ਸਾਲ ਸਪੋਰਟਸ ਕਾਰਨੀਵਾਲ ਦਾ ਉਪਰਾਲਾ ਕੀਤਾ ਜਾਂਦਾ ਹੈ ਜਿਸ ਵਿਚ ਵੱਖ-ਵੱਖ ਇਵੈਂਟਸ, ਖੇਡਾਂ ਹੁੰਦੀਆਂ ਹਨ। ਇਨ੍ਹਾਂ ਵਿਚ ਵਾਲੀਬਾਲ, ਰੱਸਾਕਸ਼ੀ, ਸ਼ੂਟਿੰਗ ਆਦਿਕ ਵੀ ਸ਼ਾਮਿਲ ਹਨ। ਇਸ ਵਿਚ ਸ਼ਾਮਿਲ ਹੋਣ ਲਈ ਸੰਗਤ ਅੰਦਰ ਖਾਸ ਉਤਸ਼ਾਹ ਹੁੰਦਾ ਹੈ। ਹਾਲ 'ਚ ਹੀ ਹੋਏ ਸਪੋਰਟਸ ਕਾਰਨੀਵਾਲ ਵਿਚ ਵੱਡੀ ਗਿਣਤੀ ਵਿਚ ਬੱਚੇ ਸ਼ਾਮਿਲ ਹੋਏ, ਜਿਸ ਦਾ ਦਿਨ ਭਰ ਲਾਈਵ ਪ੍ਰਸਾਰਣ ਵੀ ਹੋਇਆ।

ਨਗਰ ਕੀਰਤਨ ਗੁਰਸਿੱਖੀ ਦਾ ਅਨਿੱਖੜਵਾਂ ਹਿੱਸਾ ਬਣ ਗਏ ਹਨ। ਨਗਰ ਕੀਰਤਨ ਰਾਹੀਂ ਪੰਥ ਦੇ ਜਾਹੋ-ਜਲਾਲ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਹ ਚੜ੍ਹਦੀਕਲਾ ਦੀ ਭਾਵਨਾ ਜੀਵਤ ਰੱਖਣ ਲਈ ਸਹਾਇਕ ਮੰਨਿਆ ਗਿਆ ਹੈ। ਨਗਰ ਕੀਰਤਨ ਗੁਰਪੁਰਬ, ਖਾਸ ਇਤਿਹਾਸਕ ਦਿਵਸ ਮਨਾਉਣ ਲਈ ਕੱਢੇ ਜਾਂਦੇ ਹਨ। ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਮਹਿੰਗਾ ਸਿੰਘ ਖੱਕ ਅਨੁਸਾਰ ਸਾਡੇ ਲਈ ਨਗਰ ਕੀਰਤਨ ਦਾ ਅਰਥ ਗੁਰਬਾਣੀ ਦਾ ਪ੍ਰਚਾਰ ਕਰਨਾ, ਸ਼ਹਿਰ, ਪਿੰਡ ਦੀ ਗਲੀ ਗਲੀ ਵਿਚ ਗੁਰਬਾਣੀ ਦਾ ਸੰਗੀਤਮਈ ਉਚਾਰਨ, ਸੰਗਤ ਵਿਚ ਚੇਤਨਾ ਜਗਾਉਣਾ, ਇਨਸਾਨੀਅਤ, ਨਿਮਰਤਾ, ਸੇਵਾ ਤੇ ਸਿਮਰਨ ਲਈ ਪ੍ਰੇਰਿਤ ਕਰਨਾ ਹੈ। ਇਸ ਸਾਲ ਦਾ ਨਗਰ ਕੀਰਤਨ 5 ਅਕਤੂਬਰ ਨੂੰ ਨਿਕਲੇਗਾ ਜਿਸ ਰਾਹੀਂ ਸਾਰੇ ਮਨੁੱਖੀ ਸਮਾਜ ਨੂੰ ਸੱਦਾ ਦਿੱਤਾ ਜਾਵੇਗਾ ਕਿ ਗੁਰਬਾਣੀ ਪੂਰੀ ਮਨੁੱਖਤਾ ਲਈ ਪ੍ਰੇਮ ਦਾ ਸੰਦੇਸ਼ ਹੈ। ਪੂਰੇ ਨਗਰ ਕੀਰਤਨ ਵਿਚ ਨਾ ਕੋਈ ਲੰਗਰ ਵਰਤਾਇਆ ਜਾਂਦਾ ਹੈ ਨਾ ਹੀ ਕੋਈ ਵਿਖਾਵਾ ਕੀਤਾ ਜਾਂਦਾ ਹੈ। ਪੂਰਾ ਧਿਆਨ ਗੁਰਬਾਣੀ ਗਾਇਨ, ਸਿਮਰਨ 'ਤੇ ਹੁੰਦਾ ਹੈ। ਨਗਰ ਕੀਰਤਨ ਦੀ ਇਹ ਦ੍ਰਿਸ਼ਟੀ ਪੂਰੇ ਪੰਥ ਲਈ ਪ੍ਰੇਰਕ ਹੈ।

ਗੁਰੂ ਨਾਨਕ ਸਾਹਿਬ ਦਾ ਪੰਥ ਗੁਰ ਸ਼ਬਦ ਦੀ ਅਗਵਾਈ ਵਿਚ ਚੱਲਣ ਵਾਲਾ ਹੈ। ਗੁਰ ਸ਼ਬਦ ਲਈ ਸਮਰਪਣ ਤੇ ਪ੍ਰਤੀਬੱਧਤਾ ਹੀ ਗੁਰਸਿੱਖੀ ਹੈ। ਗੁਰਦੁਆਰਾ ਗਲੈਨਵੁੱਡ ਵਿਚ ਇਸ ਸਮਰਪਣ ਤੇ ਪ੍ਰਤੀਬੱਧਤਾ ਦੇ ਦਰਸ਼ਨ ਹੁੰਦੇ ਹਨ। ਇਸ ਦੇ ਨਾਲ ਹੀ ਪੰਥਕ, ਸਮਾਜਿਕ ਸਰੋਕਾਰ ਵੀ ਬਰਾਬਰ ਪ੍ਰਗਟ ਹੁੰਦੇ ਹਨ। ਪੰਜਾਬ ਵਿਚ ਆਏ ਹੜ੍ਹ ਕਾਰਨ ਹੋਈ ਤਬਾਹੀ ਗਲੈਨਵੁੱਡ ਗੁਰਦੁਆਰੇ ਦੀ ਤੁਰੰਤ ਚਿੰਤਾ ਦਾ ਵਿਸ਼ਾ ਬਣੀ ਤੇ ਬਿਨਾ ਦੇਰ ਕੀਤੀਆਂ ਸਹਾਇਤਾ ਲਈ ਫ਼ੰਡ ਇਕੱਠਾ ਕਰਨ ਦਾ ਐਲਾਨ ਕਰ ਦਿੱਤਾ ਗਿਆ। ਪ੍ਰਬੰਧਕਾਂ ਦੀ ਅਪੀਲ 'ਤੇ ਸੰਗਤ ਨੇ ਅੱਗੇ ਵਧ ਕੇ ਹਿੱਸਾ ਪਾਇਆ। ਸਿਡਨੀ ਦੇ ਗੁਰਦੁਆਰੇ ਗਲੈਨਵੁੱਡ ਦਾ ਵਿਸ਼ਵ ਵਿਚ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਦਾ ਪ੍ਰਮੁੱਖ ਕੇਂਦਰ ਬਣ ਕੇ ਉਭਰਨਾ ਇਸ ਦੇ ਪ੍ਰਬੰਧ ਵਿਚ ਪੜ੍ਹੇ-ਲਿਖੇ, ਸੂਝਵਾਨ ਸਿੱਖਾਂ ਦੇ ਦਖਲ ਕਾਰਨ ਸੰਭਵ ਹੋ ਸਕਿਆ ਹੈ, ਜੋ ਨਿਸ਼ਕਾਮ ਸੇਵਾ ਕਰ ਰਹੇ ਹਨ।

---

## ਵਿਅੰਗ

# 'ਨਰਕਾਂ ਦੀ ਨਵਾਬੀ'

ਅੰਗਰੇਜ਼ੀ ਦਾ ਮਹਾਨ ਕਵੀ ਜੌਹਨ ਮਿਲਟਨ (1608-1674) ਆਪਣੇ ਸ਼ਾਹਕਾਰ ਮਹਾਂ-ਕਾਵਿ 'ਦਿ ਪੈਰਾਡਾਈਜ਼ ਲੌਸਟ' (ਗੁਆਚਾ ਸਵਰਗ) ਵਿਚ ਆਪਣੇ ਅਭੁੱਲ ਪਾਤਰ 'ਸੇਟਨ' (ਸ਼ੈਤਾਨ), ਜਿਸ ਨੇ ਤੇਰ-ਮੇਰ ਨਾਲ ਨਹੀਂ ਸਗੋਂ ਸਰਬ-ਸ਼ਕਤੀਮਾਨ ਰੱਬ ਨਾਲ ਪੰਗਾ ਲਿਆ ਸੀ, ਦੁਆਰਾ ਨਰਕ ਵਿਚ ਆਪਣੇ ਸਾਥੀ ਸ਼ੈਤਾਨਾਂ ਨੂੰ ਇਕ ਯਾਦਗਾਰ ਲੰਮਾ ਲੈਕਚਰ ਦਿੰਦਿਆਂ ਪੇਸ਼ ਕੀਤਾ ਹੈ। ਇਸ ਗੁਸੈਲੇ ਸੰਬੋਧਨ ਦੀਆਂ ਕਈ ਸਤਰਾਂ ਕੁਟੇਸ਼ਨਾਂ ਬਣ ਚੁੱਕੀਆਂ ਹਨ। ਇਕ ਉਦਾਹਰਣ ਦੇਖੋ-

'ਸਵਰਗ ਦੀ ਗੁਲਾਮੀ ਨਾਲੋਂ ਨਰਕ ਵਿਚ ਰਾਜ ਕਰਨਾ ਬਿਹਤਰ ਹੈ'!

ਉਸ ਅਨੁਸਾਰ ਸਭ ਖੇਡ ਮਨੋਅਵਸਥਾ ਦੀ ਹੈ-

'ਮਨ ਆਪਣਾ ਮਾਲਿਕ ਆਪ ਹੈ, ਇਹ ਨਰਕ ਨੂੰ ਸੁਰਗ ਤੇ ਸੁਰਗ ਨੂੰ ਨਰਕ ਬਣਾ ਸਕਦੈ'!

ਇਸ ਲਈ ਉਹ ਸਾਥੀਆਂ ਨੂੰ ਲਲਕਾਰਦਾ ਹੈ-'ਜਾਗੋ, ਉਠੋ ਜਾਂ ਫਿਰ ਸਦਾ ਲਈ ਢੱਠੇ ਰਹੋ'!

ਮਿਲਟਨ ਦਾ ਇਹ ਸ਼ਾਹਕਾਰ ਬਾਈਬਲ ਦੀ ਉਸ ਕਹਾਣੀ ਉਪਰ ਆਧਾਰਤ ਹੈ ਜਿਸ ਵਿਚ ਸ਼ੈਤਾਨ ਦੀ ਚੁੱਕ ਵਿਚ ਆਏ ਪਹਿਲੇ ਆਦਮੀ (ਐਡਮ) ਅਤੇ ਔਰਤ (ਈਵ/ਹਵਾ) ਨੂੰ ਸੁਰਗ ਦੇ ਬਹਿਸ਼ਤੀ ਬਾਗ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

(ਗਾਰਡਨ ਆਫ ਈਡਨ) 'ਚੋਂ ਬਾਹਰ ਕੱਢ ਕੇ ਹੇਠਾਂ ਧਕੇਲ ਦਿੱਤਾ ਗਿਆ ਸੀ। ਸ਼ੈਤਾਨ ਨੂੰ ਵੀ ਬਲਦੀ ਦੇ ਬੁੱਥੇ 'ਚ ਝੋਕ ਦਿਤਾ ਗਿਆ ਸੀ ਤੇ ਇਸ ਲਈ ਉਹ ਆਪਣੇ ਸਾਥੀਆਂ ਨੂੰ ਰੱਬ ਵਿਰੁੱਧ ਲਾਮਬੰਦ ਕਰਦਾ ਹੈ।

ਉਰਦੂ ਦਾ ਨਾਮੀ-ਕਰਾਮੀ ਸ਼ਾਇਰ ਮਿਰਜ਼ਾ ਗਾਲਿਬ (1797-1869) ਬੰਦੇ ਦੀ ਬੇ-ਬਹਿਸ਼ਤੀ ਬਾਰੇ ਬਹੁਤ ਸੁੰਦਰ ਲਿਖਦੈ-

'ਨਿਕਲਨਾ *ਖੁਲਦ ਸੇ ਆਦਮ ਕਾ ਸੁਨਤੇ ਆਏ ਹੈਂ ਲੇਕਿਨ
ਬੜੇ ਬੇ-ਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ'।
(*ਸੁਰਗ)

ਇਕ ਹੋਰ ਮਹਾਨ ਸ਼ਾਇਰ ਡਾ. ਇਕਬਾਲ (1877-1938) ਤਾਂ ਡਟ ਕੇ ਕਹਿੰਦੈ-

'ਪਹਿਲੇ ਹੁਕਮ-ਏ-ਰੁਖਸਤ ਕਿਉਂ ਦੀਆ ਥਾ ਜੰਨਤ ਸੇ
ਕਾਰ-ਏ-ਜਹਾਂ ਦਰਾਜ਼ ਹੈ ਅਬ ਮੇਰਾ ਇੰਤਜ਼ਾਰ ਕਰ'।

ਗੁਰਬਾਣੀ ਵਿਚ ਵੀ ਸੁਰਗ-ਨਰਕ ਬਾਰੇ ਬੜੀ ਚਰਚਾ ਕੀਤੀ ਗਈ ਹੈ, ਪਰ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਕੁਝ ਕੁ ਟੂਕਾਂ ਦਾ ਹਵਾਲਾ ਦਿੰਦੇ ਹਾਂ-

-'ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ'॥(ਅੰਗ-337)

-'ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ'॥(ਅੰਗ-471)

-'ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ'॥(ਅੰਗ-969)

ਸੁਰਗ-ਨਰਕ ਬਾਰੇ ਕੁਝ ਮੁਹਾਵਰੇ/ਅਖਾਣ ਵੀ ਪੜ੍ਹ ਲਓ-

'ਆਪ ਨਾ ਮਰੀਏ ਸੁਰਗ ਨਾ ਜਾਈਏ, ਹਿਰਖ ਦਾ ਮਾਰਿਆ ਬੰਦਾ ਨਰਕਾਂ ਨੂੰ ਚਲਾ ਜਾਂਦੈ ਜਾਂ ਹਿਰਖ ਦੀ ਮਾਰੀ ਨਰਕਾਂ ਨੂੰ ਚਲੀ ਗਈ, ਨਰਕ ਭੋਗਣਾ, ਜ਼ਿੰਦਗੀ ਜਹੰਨੁਮ ਬਣਨਾ, ਜੰਨਤ ਵਰਗੀ ਮਾਂ-ਭੋਇੰ, 'ਰਣ ਜਦੋਂ ਪ੍ਰੇਮ ਦਾ ਜਿਤਿਆ ਜਾਏਗਾ/ਸਾਹਮਣੇ ਸੁਰਗ ਦਾ ਦਵਾਰ ਫਿਰ ਆਏਗਾ''(ਚੰ.ਵਾ.) ਆਦਿ।

ਖੈਰ, ਵਿਸ਼ੇ ਵੱਲ ਪਰਤਦੇ ਹਾਂ।

ਸ਼ੈਤਾਨ ਤੋਂ ਪ੍ਰੇਰਤ ਹੋ ਕੇ ਸਾਡੇ ਖੁਰਾਫਾਤੀ ਮਨ ਵਿਚ ਵੀ ਫੁਰਨਾ ਫੁਰਿਆ ਕਿ ਕਿਉਂ ਨਾ ਨਰਕ ਦੀ ਨਵਾਬੀ ਕੀਤੀ ਜਾਵੇ। ਸਾਡੇ ਵਰਗੇ 'ਭਲੇ-ਲੋਕਾਂ' ਨੂੰ ਸੁਰਗ ਤਾਂ ਮਿਲਣਾ ਨਹੀਂ, ਕਿਉਂਕਿ ਓਥੇ ਪਹਿਲਾਂ ਹੀ 'ਭੱਦਰ-ਪੁਰਸ਼ਾਂ' ਦੀ ਭਰਮਾਰ ਹੋਵੇਗੀ। ਇਸ ਪ੍ਰਜਾਤੀ ਨੇ ਸਾਨੂੰ ਧਰਤੀ 'ਤੇ ਰਹਿੰਦਿਆਂ ਤਾਂ ਕਿਸੇ ਵੀ 'ਅਹੁਦੇ' ਦੇ ਨੇੜੇ ਨਹੀਂ ਫਟਕਣ ਦਿਤਾ, ਸੁਰਗ 'ਚ ਤਾਂ ਇਹ ਸਾਨੂੰ ਖੰਘਣ ਵੀ ਨਹੀਂ ਦੇਣਗੇ। ਇਥੇ ਤਾਂ ਇਨ੍ਹਾਂ ਨੇ ਹਰ ਸੰਸਥਾ/ ਸੰਗਠਨ ਵਿਚ ਆਪਣੀ ਟੰਗ ਅੜਾਈ ਹੋਈ ਹੈ। ਮੜ੍ਹੀਆਂ ਦੀ ਮੁਹਤਬਰੀ ਤਕ ਵੀ ਨਹੀਂ ਛਡਦੇ ਇਹ ਭਲੇ ਲੋਕ!

ਸੋ, ਆਪਾਂ ਨਰਕ ਦੀ ਨਵਾਬੀ ਲੈਣ ਦਾ ਜੁਗਾੜ ਕੀਤਾ। ਚੌਧਰ ਤਾਂ ਆਖਿਰ ਚੌਧਰ ਹੁੰਦੀ ਐ, ਕੀ ਨਰਕ ਤੇ ਕੀ ਸਵਰਗ। ਚੌਧਰ ਲਈ ਜੁਗਾੜ ਤਾਂ ਕਰਨਾ ਹੀ ਪੈਂਦੈ, ਕੀ ਇਥੇ ਤੇ ਕੀ ਓਥੇ। ਇਥੇ ਤਾਂ ਸਾਥੋਂ ਮਣਾਂ-ਮੂੰਹੀਂ ਵਧੇਰੇ ਤਗੜੇ ਜੁਗਾੜੂ ਸਨ, ਜਿਨ੍ਹਾਂ ਨੇ ਸਾਨੂੰ 'ਕੁਰਸੀ' ਦੇ 'ਕ' ਤੋਂ ਵੀ ਐਂ ਦੂਰ ਹੀ ਰਖਿਆ ਜਿੰਦਾਂ ਗੋਕਾ ਪਾਣੀ ਤੋਂ ਦੂਰ ਰਹਿੰਦੈ।

ਅਸੀਂ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਨਰਕ ਵਿਚ ਵੀ ਵੱਖ-ਵੱਖ ਧੜੇ/ਗਰੁੱਪ ਹਨ। ਮਾਫੀਆ ਵੀ ਹੈ, 'ਮਸਲ' ਅਤੇ 'ਮਨੀ ਪਾਵਰ' ਵੀ ਹਨ (ਬਾਹੂਬਲ ਅਤੇ ਪੈਸਾ-ਸ਼ਕਤੀ)!

ਰਾਜਭਾਗ ਕਿਸੇ ਦਾ ਵੀ ਹੋਵੇ, ਚਲਦੀ ਮਾਫੀਆ ਦੀ ਹੀ ਹੈ! ਇਸ 'ਮ' ਨਾਲ ਬਾਕੀ ਦੋ 'ਮ' ਆਪ ਹੀ ਜੁੜ ਜਾਂਦੇ ਹਨ। ਇਸ ਗੱਲ ਦਾ ਤਜਰਬਾ ਸਾਨੂੰ ਧਰਤੀ ਉਪਰ ਆਪਣੇ ਵਾਸ ਦੌਰਾਨ ਚੋਖਾ ਹੋ ਚੁੱਕਾ ਸੀ। ਇਨ੍ਹਾਂ 3 'ਐਮਾਂ' ਦੀਆਂ ਸ਼ਕਤੀਆਂ ਨੂੰ ਵਸ ਵਿਚ ਕਰਨ ਦੇ ਦੋ ਹੀ ਢੰਗ ਹਨ-ਜਾਂ ਤਾਂ ਇਨ੍ਹਾਂ ਨੂੰ ਗਲੇ ਲਗਾ ਲਵੋ ਤੇ ਜਾਂ ਇਨ੍ਹਾਂ ਦੇ ਗਲੇ ਪੈ ਜਾਵੋ। ਗਲੇ ਪੈਣ ਜੋਗੇ ਤਾਂ ਅਸੀਂ ਹਾਂ/ਸੀ ਨਹੀਂ, ਸੋ ਅਸੀਂ ਇਨ੍ਹਾਂ ਨੂੰ ਗਲੇ ਲਗਾਉਣ ਵਿਚ ਹੀ ਆਪਣੇ ਗਲੇ ਦੀ ਸੁਰੱਖਿਆ ਸਮਝੀ ਤੇ ਉਹ ਸਾਡੇ ਗਲੇ ਦੀ ਹੱਡੀ ਨਹੀਂ ਬਣੇ।

ਸਮਝੌਤਾ ਇਹ ਹੋਇਆ ਕਿ ਮਾਫੀਆ ਆਪਣਾ ਸਮਾਨੰਤਰ ਰਾਜ ਚਲਾਈ ਚਲੇ ਪਰ ਸਡੀ 'ਨਰਕਾਂ ਦੇ ਨਵਾਬ' ਦੀ ਗੱਦੀ ਲਈ ਕੋਈ ਖਤਰਾ ਨਾ ਬਣੇ। ਮਾਫੀਆ ਵਾਲਿਆਂ ਕੋਲ ਗੈਂਗਸਟਰ ਵੀ ਹੁੰਦੇ ਹੀ ਹਨ, ਸੋ ਅਸੀਂ ਉਨ੍ਹਾਂ ਵੱਲ ਵੀ



ਅਟੀ-ਸਟੀ ਕਰ ਲਈ।

ਸਾਨੂੰ ਇਹ ਦੇਖ ਵੀ ਹੈਰਾਨੀ ਹੋਈ ਕਿ ਮਾਫੀਆ ਤੋਂ ਇਲਾਵਾ ਇਥੇ ਇਕ ਪ੍ਰਜਾਤੀ ਹੋਰ ਵੀ ਹੈ ਜਿਸ ਦਾ ਕੰਮ ਹੀ ਕੰਮ 'ਚ ਘੜੰਮ ਪਾਉਣਾ ਹੈ! ਇਸ ਦੇ ਮੈਂਬਰ ਹਰ ਰਾਜ-ਭਾਗ ਮਾਨਣ ਵਾਲਿਆਂ ਦਾ ਵਿਰੋਧ ਕਰਦੇ ਹਨ। ਇਹ ਉਦੋਂ ਵੀ ਵਿਰੋਧ ਕਰਦੇ ਹਨ ਜਦ ਵਿਰੋਧ ਕਰਨ ਲਈ ਕੁਝ ਵੀ ਨਹੀਂ ਹੁੰਦਾ-ਅਖੇ ਆਟਾ ਗੁੰਨਦਿਆਂ ਹਿਲਦੀ ਕਿਉਂ ਐਂ? ਦਰਅਸਲ ਇਹ ਵਿਰੋਧੀ ਇਸ ਤਾਕ ਵਿਚ ਰਹਿੰਦੇ ਹਨ ਕਿ 'ਉਤਰ ਕਾਟੋ ਮੈਂ ਚੜ੍ਹਾਂ' ਨਹੀਂ ਤਾਂ ਉਦੋਂ ਤੀਕ ਮੈਂ 'ਕਾਟੋ-ਕਲੇਸ਼' ਕਰਾਂ!

ਸੱਤਾਧਾਰੀਆਂ ਦੀਆਂ ਤਾਂ ਹਰ ਥਾਂ ਚੰਮ ਦੀਆਂ ਚਲਦੀਆਂ ਹੀ ਹਨ, ਸੋ ਇਥੇ ਵੀ ਖ਼ੂਬ ਚੱਲ ਰਹੀਆਂ ਸਨ!

ਨਰਕ ਵਿਚ ਭੂਤ, ਪ੍ਰੇਤ, ਚੁੜੇਲਾਂ, ਭੂਤਨੀਆਂ, ਜਿੰਨ, ਡੈਣਾਂ, ਜਿੰਨਣੀਆਂ ਇਤਆਦਿਕ ਦੀ ਐਨੀ ਭਰਮਾਰ ਹੁੰਦੀ ਹੈ ਜਿੰਨੀ ਛੱਪੜਾਂ, ਨਦੀਆਂ, ਦਰਿਆਵਾਂ 'ਚ ਡੱਡੂਆਂ, ਮੱਛੀਆਂ, ਮਗਰਮੱਛਾਂ ਤੇ ਹੋਰ ਪਾਣੀ ਨਾਲ ਸਬੰਧਤ ਜੀਵਾਂ ਦੀ। 'ਕੁੰਭੀ ਨਰਕ' ਦੀ 'ਟੇਰਿਟਰੀ' (ਰਾਜ ਖੇਤਰ/ਸਲਤਨਤ) ਤਾਂ ਘਾਗ ਸਿਆਸਤਦਾਨਾਂ ਅਤੇ ਉਨ੍ਹਾਂ ਦੇ ਚਮਚਿਆਂ ਨੇ ਮੱਲੀ ਹੋਈ ਸੀ। ਓਥੇ ਤਾਂ ਬਸ ਹਰ ਵੇਲੇ 'ਜ਼ਿੰਦਾਬਾਦ-ਮੁਰਦਾਬਾਦ' ਹੁੰਦੀ ਰਹਿੰਦੀ ਐ। ਰੈਲੀਆਂ, ਭਾਸ਼ਨ ਤੇ ਰਾਸ਼ਨ ਵਾਧੂ! ਅਸੀਂ ਧਰਤ-ਵਾਸ ਵੇਲੇ ਵੀ ਘਾਗਾਂ ਤੋਂ ਦੂਰ ਹੀ ਰਹੇ (ਜਾਂ ਉਨ੍ਹਾਂ ਨੇੜੇ ਨਹੀਂ ਫਟਕਣ ਦਿਤਾ) ਤੇ ਹੁਣ ਨਰਕ-ਵਾਸ ਵੇਲੇ ਵੀ ਇਨ੍ਹਾਂ ਨੂੰ ਦੂਰੋਂ ਹੀ ਸਲਾਮ ਕਰਤੀ (ਹੋਰ ਕਰ ਵੀ ਕੀ ਸਕਦੇ ਸੀ?)।

ਨਰਕਸਤਾਨ ਦਾ ਕੁਝ 'ਖਿੱਤਾ' ਅਸੀਂ ਉਪਰੋਕਤ 3 ਐਮਾਂ ਵਾਲੀਆਂ ਤਾਕਤਾਂ ਨੂੰ 'ਬਖਸ਼' ਦਿਤਾ (ਉਂਝ ਵੀ ਤਾਂ ਉਨ੍ਹਾਂ ਧੱਕੇ ਨਾਲ ਕਬਜ਼ਾ ਕਰਨਾ ਹੀ ਸੀ)। ਤੇ ਬਾਕੀ ਸਾਰੇ ਇਲਾਕੇ ਦੇ ਨਾਢੂ ਖਾਂ ਅਸੀਂ ਬਣ ਬੈਠੇ!

ਜਿਵੇਂ ਗਾਹਕਾਂ ਦੇ ਆਕਰਸ਼ਣ ਲਈ ਬਾਜ਼ਾਰ ਵਿਚ ਵਸਤਾਂ ਦੇ ਬਰਾਂਡ 'ਤੇ 'ਟੈਗਲਾਈਨਾਂ' ਹੁੰਦੇ ਹਨ, ਅਸੀਂ ਵੀ ਆਪਣੀ 'ਗੱਦੀ' ਦੀ ਖਿੱਚ ਵਧਾਉਣ ਲਈ ਇਹ ਟੈਗਲਾਈਨ ਬਣਾ ਲਈ-'ਨਰਕ ਨਿਵਾਸੀ, ਬੰਦ ਖਲਾਸੀ'!

ਸਾਨੂੰ ਤਜਰਬੇ ਤੋਂ ਪਤਾ ਲੱਗਾ ਕਿ ਬਹੁਤ ਸਮੇਂ ਤੋਂ ਨਰਕ-ਨਿਵਾਸੀ ਭੂਤ-ਚੁੜੇਲਾਂ ਦੀ ਓਨੀ ਹੀ ਟੌਹਰ ਹੁੰਦੀ ਹੈ ਜਿੰਨੀ ਜੇਲ੍ਹ ਵਿਚ ਲੰਮੇ ਸਮੇਂ ਤੋਂ ਵਸਦੇ 'ਲੰਬੜਦਾਰਾਂ' ਦੀ। ਮੁਆਫ ਕਰਨਾ, ਇਹ ਲੰਬੜਦਾਰ ਉਹ ਨਹੀਂ ਜੋ ਪਿੰਡਾਂ ਵਿਚ ਸਤਿਕਾਰਿਤ ਰੈਵਿਨਿਊ ਅਧਿਕਾਰੀ ਪੁਸ਼ਤੈਨੀ ਤੌਰ 'ਤੇ ਮਾਲੀਆ ਉਗਰਾਹੁਣ ਲਈ ਥਾਪੇ ਜਾਂਦੇ ਹਨ, ਸਗੋਂ ਇਹ ਉਹ ਹੁੰਦੇ ਹਨ ਜੋ ਗੁੰਡਿਆਂ ਨੂੰ ਵਧੇਰੇ ਗੁੰਡਾਗਰਦੀ/ਡੰਡਾਗਰਦੀ ਨਾਲ 'ਬੰਦੇ' ਬਣਾ ਕੇ ਰੱਖਣ ਲਈ ਪਾਲੇ ਜਾਂਦੇ ਹਨ।

ਅਸੀਂ ਇਨ੍ਹਾਂ ਨਾਲ ਵੀ 'ਸੈਟਿੰਗ' ਕਰ ਲਈ! ਨਸ਼ਾ-ਪੱਤਾ ਤੇ ਕੁਝ 'ਹੋਰ ਰਿਆਇਤਾਂ' ਦੇ ਕੇ।

ਚੁੜੇਲਾਂ ਨੂੰ ਆਪਣੇ ਨਾਲ 'ਚੰਬੜਨ' ਤੋਂ ਪਰਾਂ ਰੱਖਣ ਲਈ ਵੀ ਕਈ ਪਾਪੜ ਵੇਲਣੇ ਪਏ! ਚਾਂਬਲੀਆਂ ਚੁੜੇਲਾਂ ਨੂੰ ਤਾਂ ਲਗਭਗ ਭੂਤਾਂ ਵਰਗੀਆਂ ਸਹੂਲਤਾਂ ਦੇਣੀਆਂ ਪਈਆਂ, ਬਸ 'ਜੈਂਡਰ' ਦੇ ਫਰਕ ਕਰਕੇ ਕੁਝ ਕੁ ਫਰਕ ਨਾਲ। ਸੱਸ-ਸਹੁਰੇ ਤੋਂ ਤੰਗ ਚੁੜੇਲਾਂ ਕੋਲੋਂ ਸਦਾ ਹੀ ਡਰਨਾ ਪਿਆ ਕਿ ਕਿਧਰੇ ਧਰਤੀ ਵਾਲੀ ਵਧੀਕੀ ਦਾ ਬਦਲਾ ਸਾਥੋਂ ਨਾ ਲੈ ਲੈਣ, ਕਿਉਂਕਿ ਅਸੀਂ ਵੀ ਤਾਂ ਆਖਿਰ ਉਸ ਸ਼੍ਰੇਣੀ ਦੇ ਅਰਧ-ਅੰਗ ਹਾਂ।

ਪ੍ਰੇਮ-ਰੋਗ ਦੀ ਮਾਰੀ ਇਕ ਚੁੜੇਲ ਇਹ ਦੱਸਣ 'ਤੇ ਸਾਨੂੰ ਚੰਬੜ ਈ ਚਲੀ ਸੀ ਕਿ ਅਸੀਂ ਵੀ 'ਇਛਕ ਜਿੰਨਾ ਦੀ ਹੱਡੀਂ ਰਚਿਆ' ਵਾਲੀ ਕੈਟੇਗਰੀ 'ਚੋਂ ਹਾਂ। ਭਾਵੇਂ ਜੁੜੀ ਇਕ ਵੀ ਨਹੀਂ, ਜੁਗਾੜ ਬਥੇਰੇ ਤੇ ਬਥੇਰੀਆਂ ਲਈ ਕੀਤੇ। ਆਦਤ ਤੋਂ

*(ਬਾਕੀ ਅਗਲੇ ਸਫੇ 'ਤੇ)*

# ਗੋਲਫ਼ ਦਾ ਗਲੋਬਲ ਸਟਾਰ ਟਾਈਗਰ ਵੁਡਜ਼

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਟਾਈਗਰ ਵੁਡਜ਼ ਦਾ ਜਮਾਂਦਰੂ ਨਾਂ ਐਲਡ੍ਰਿਕ ਟੌਂਟ ਵੁਡਜ਼ ਸੀ। 'ਟਾਈਗਰ' ਉਸ ਦਾ ਨਿੱਕ ਨੇਮ ਹੈ ਜੋ ਉਸ ਨੇ ਆਪ ਰਜਿਸਟਰਡ ਕਰਵਾਇਆ। ਉਹ ਕੇਵਲ ਦੋ ਸਾਲਾਂ ਦਾ ਸੀ ਜਦੋਂ ਉਸ ਨੇ ਗੋਲਫ਼ ਦੀ ਛੜੀ ਫੜੀ। ਤਿੰਨ ਸਾਲਾਂ ਦਾ ਹੋਇਆ ਤਾਂ ਟੀਵੀ 'ਤੇ ਆਪਣੀ ਖੇਡ ਵਿਖਾਉਣ ਲੱਗਾ। ਦੁਨੀਆ ਉਸ ਨੂੰ ਗੋਲਫ਼ ਦਾ ਮਹਾਨਤਮ ਖਿਡਾਰੀ ਮੰਨਦੀ ਹੈ। ਉਸ ਦੀਆਂ ਕਈ ਗੱਲਾਂ ਅਦਭੁੱਤ ਹਨ। ਗੋਲਫ਼ ਦੀ ਖੇਡ 'ਚ ਜਿਥੇ ਉਸ ਨੇ ਗਲੋਬਲ ਪੱਧਰ 'ਤੇ ਨਾਮਣਾ ਖੱਟਿਆ ਉਥੇ ਨਾਵਾਂ ਵੀ ਏਨਾ ਕਮਾਇਆ ਕਿ ਉਹਦੀ ਆਮਦਨ ਜਾਣ ਕੇ ਹੈਰਤ ਹੁੰਦੀ ਹੈ! 2025 ਤਕ ਉਹ 1.3 ਬਿਲੀਅਨ ਅਮਰੀਕਨ ਡਾਲਰ ਕਮਾ ਚੁੱਕਾ ਹੈ। ਭਾਰਤੀ ਅੰਕੜਿਆਂ ਮੁਤਾਬਿਕ 1 ਅਰਬ 30 ਕਰੋੜ ਡਾਲਰ! ਜਿਵੇਂ 100 ਕਰੋੜ ਦੇ ਜੋੜ ਨਾਲ 1 ਅਰਬ ਬਣਦਾ ਹੈ ਉਵੇਂ 1000 ਮਿਲੀਅਨਜ਼ ਦੇ ਜੋੜ ਨਾਲ 1 ਬਿਲੀਅਨ ਬਣਦੈ। ਇਉਂ ਅੰਗਰੇਜ਼ੀ ਦਾ ਇਕ ਬਿਲੀਅਨ ਪੰਜਾਬੀ ਦਾ ਇਕ ਅਰਬ ਹੈ। ਆਪੇ ਹਿਸਾਬ ਲਾ ਲਓ ਕਿ ਟਾਈਗਰ ਵੁਡਜ਼ ਦੀ 1.3 ਬਿਲੀਅਨ ਦੀ ਖੇਡ ਕਮਾਈ ਕਿੰਨੇ ਡਾਲਰਾਂ ਤੇ ਕਿੰਨੇ ਰੁਪਈਆਂ ਦੀ ਹੋਈ?

ਗੋਲਫ਼ ਖੇਡ ਦਾ ਜਨਮ 15ਵੀਂ ਸਦੀ ਵਿਚ ਸਕਾਟਲੈਂਡ ਦੇ ਲਾਰਡਾਂ ਦੀ ਟਾਈਮ ਪਾਸ ਖੇਡ ਵਜੋਂ ਹੋਇਆ ਸੀ। ਸਮੇਂ ਨਾਲ ਇਹ ਖੇਡ ਵਿਸ਼ਵ ਦੇ ਸਾਰੇ ਮਹਾਂਦੀਪਾਂ ਵਿਚ ਫੈਲ ਗਈ। ਇਹ ਓਲੰਪਿਕ ਖੇਡਾਂ ਦਾ ਵੀ ਅੰਗ ਬਣੀ। ਦੁਨੀਆ ਭਰ 'ਚ ਇਹਦੇ ਸੈਂਕੜੇ ਟੂਰਨਾਮੈਂਟ ਹੁੰਦੇ ਹਨ। ਸਭ ਤੋਂ ਵੱਡਾ ਹੁੰਦਾ ਹੈ ਮਾਸਟਰਜ਼ ਟੂਰਨਾਮੈਂਟ। ਮਾਸਟਰਜ਼ ਟੂਰਨਾਮੈਂਟਾਂ ਦੀ ਆਪਣੀ ਆਣ ਹੈ ਤੇ ਆਪਣੀ ਸ਼ਾਨ।

ਇਸ ਖੇਡ 'ਚ ਤੇਜ਼ ਦੌੜਨਾ, ਘੁਲਣਾ, ਟੱਪਣਾ, ਭਾਰ ਚੁੱਕਣਾ ਜਾਂ ਸਾਹੋ ਸਾਹ ਨਹੀਂ ਹੋਣਾ ਪੈਂਦਾ ਜਿਸ ਕਰਕੇ ਨਬਜ਼ ਦੀ ਗਤੀ ਪ੍ਰਤੀ ਮਿੰਟ ਸੌ ਤੋਂ ਵੀ ਨਹੀਂ ਟੱਪਦੀ। ਆਖਿਆ ਜਾਂਦੈ ਕਿ ਜੀਹਨੂੰ ਗੌਲਫ਼ ਖੇਡਣ ਦਾ ਭੁੱਸ ਪੈ ਜਾਵੇ ਉਹ ਛੇਤੀ ਕੀਤਿਆਂ ਨਹੀਂ ਛੱਡਦਾ। ਉਹਦਾ ਬਹੁਤਾ ਸਮਾਂ ਗੌਲਫ਼ ਕੋਰਸਾਂ ਦੀ ਚਹਿਲ ਕਦਮੀਂ ਕਰਦਿਆਂ ਹੀ ਬੀਤਦੈ। ਇਸੇ ਕਾਰਨ ਹੋਰ ਖੇਡਾਂ ਖੇਡਣ ਵਾਲੇ ਕਈ ਨਾਮਵਰ ਖਿਡਾਰੀ ਹੋਰਨਾਂ ਖੇਡਾਂ ਤੋਂ ਰਿਟਾਇਰ ਹੋਣ ਮਗਰੋਂ ਹੀ ਗੌਲਫ਼ ਖੇਡਣ ਲੱਗਦੇ ਹਨ ਜਿਵੇਂ 'ਫਲਾਈਂਗ ਸਿੱਖ' ਮਿਲਖਾ ਸਿੰਘ ਖੇਡਣ ਲੱਗਾ ਸੀ। ਮਿਲਖਾ ਸਿੰਘ ਦੇ ਗੋਲਫ਼ ਖੇਡਣ ਕਰਕੇ ਹੀ ਉਹਦੇ ਪੁੱਤਰ ਜੀਵ ਮਿਲਖਾ ਸਿੰਘ ਨੇ ਗੋਲਫ਼ ਦੀ ਖੇਡ ਅਪਨਾਈ। ਉਸ ਨੇ ਵੀ ਗੋਲਫ਼ ਦੇ ਟੂਰਨਾਮੈਂਟਾਂ 'ਚ ਕਾਫੀ ਮੱਲਾਂ ਮਾਰੀਆਂ ਤੇ ਕਈ ਮਾਣ-ਸਨਮਾਨ ਹਾਸਲ ਕੀਤੇ। ਟਾਈਗਰ ਵੁਡਜ਼ ਦਾ ਪਿਓ ਅਰਲ ਵੁਡਜ਼ ਵੀ ਗੌਲਫ਼ ਖੇਡਦਾ ਸੀ। ਉਹਦੇ ਪ੍ਰਭਾਵ ਤੇ ਕੋਚਿੰਗ ਨਾਲ ਟਾਈਗਰ ਵੀ ਦੋ-ਤਿੰਨ ਸਾਲ ਦੀ ਉਮਰ ਵਿਚ ਹੀ ਗੋਲਫ਼ ਖੇਡਣ ਲੱਗ ਪਿਆ ਸੀ।

ਟਾਈਗਰ ਦਾ ਜਨਮ 30 ਦਸੰਬਰ 1975 ਨੂੰ ਸਾਈਪਰਸ, ਕੈਲੀਫੋਰਨੀਆ ਦੇ ਇਕ ਪੇਸ਼ਾਵਰ ਗੋਲਫ਼ਰ ਅਰਲ ਵੁਡਜ਼ ਦੇ ਘਰ ਹੋਇਆ ਸੀ। ਅਰਲ ਵੁਡਜ਼ ਅਮਰੀਕਾ ਦੀ ਫੌਜ ਵਿਚ ਨੌਕਰੀ ਕਰਦਾ ਰਿਹਾ ਸੀ। ਉਹ ਵੀਅਤਨਾਮ ਦੇ ਯੁੱਧ ਵਿਚ ਲੜਿਆ ਰਿਟਾਇਰਡ ਫੌਜੀ ਸੀ। ਟਾਈਗਰ ਦੀ ਮਾਂ ਕੁਲਟੀਡਾ 'ਟੀਡਾ' ਵੁਡਜ਼ ਥਾਈਲੈਂਡ ਵੱਲ ਦੀ ਬੋਧੀ ਸੀ। ਟਾਈਗਰ ਵੁਡਜ਼ 'ਤੇ ਪਏ ਨਸਲੀ ਪ੍ਰਭਾਵਾਂ ਦੇ ਪਿਛੋਕੜ ਦੀ ਖੋਜ ਕਰਨ ਵਾਲਿਆਂ ਨੇ ਉਸ ਨੂੰ ਅਮਰੀਕੀ, ਏਸ਼ਿਆਈ ਅਤੇ ਅਫਰੀਕੀ-ਅਮਰੀਕੀ ਸਭਿਆਚਾਰਾਂ ਦਾ ਮਿਲਾਪ ਦੱਸਿਆ ਹੈ। ਇਸੇ ਲਈ ਟਾਈਗਰ ਦਾ ਰੰਗ ਰੂਪ ਗੋਰੇ/ਕਾਲਿਆਂ ਦਾ ਮਿਲਗੋਭਾ ਹੈ। ਨੈਣ ਨਕਸ਼ ਕਿਸੇ ਇਕੋ ਨਸਲ ਨਾਲ ਨਹੀਂ ਮਿਲਦੇ। ਅਮਰੀਕਾ ਦੇ ਸਾਬਕਾ ਪ੍ਰਧਾਨ ਬਰਾਕ ਓਬਾਮਾ ਨਾਲ ਖੜ੍ਹਾ ਟਾਈਗਰ ਉਹਦਾ ਛੋਟਾ ਭਰਾ ਹੀ ਲੱਗਦੈ। ਅਸਲ ਵਿਚ ਉਹ ਦੋ-ਤਿੰਨ ਪੀੜ੍ਹੀਆਂ ਤੋਂ ਕਈ ਨਸਲਾਂ ਦੇ ਮਿਲਗੋਭੇ ਦੀ ਔਲਾਦ ਹੈ। ਖੋਜ ਤਾਂ ਇਹ ਵੀ ਇਸ਼ਾਰਾ ਕਰਦੀ ਹੈ ਕਿ ਮਿਲਗੋਭਾ ਨਸਲਾਂ ਭਾਵੇਂ ਫਸਲਾਂ ਦੀਆਂ ਹੋਣ, ਭਾਵੇਂ ਜੜ੍ਹੀਆਂ ਬੂਟੀਆਂ ਦੀਆਂ ਹੋਣ ਤੇ ਭਾਵੇਂ ਜੀਵ ਜੰਤੂਆਂ ਦੀਆਂ, ਉਹ ਵਧੇਰੇ ਗੁਣਾਂ ਨਾਲ ਭਰਪੂਰ ਹੁੰਦੀਆਂ ਹਨ। ਖ਼ੈਰ ਇਹ ਡਾਕਟਰੀ ਖੋਜ ਵਿਸ਼ਾ ਹੈ।

ਟਾਈਗਰ ਦੇ ਪਿਛੋਕੜ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਉਹਦਾ ਬਾਪ ਅਰਲ ਵੁਡਜ਼ ਪਹਿਲਾਂ ਇਕ ਹੋਰ ਔਰਤ ਨਾਲ ਵਿਆਹਿਆ ਹੋਇਆ ਸੀ। ਉਸ ਔਰਤ ਦੀ ਕੁੱਖੋਂ ਅਰਲ ਦੇ ਦੋ ਲੜਕੇ ਤੇ ਇਕ ਲੜਕੀ ਪੈਦਾ ਹੋਏ ਸਨ। ਅਰਲ ਆਪ ਅਫਰੀਕਨ-ਅਮਰੀਕਨ ਜੋੜੇ ਦੀ ਔਲਾਦ ਸੀ ਜੋ ਪਿੱਛੋਂ ਨੇਟਿਵ ਅਮਰੀਕਨ ਸਨ। ਅਰਲ ਵੁਡਜ਼, ਟਾਈਗਰ ਦੀ ਬਣਨ ਵਾਲੀ ਮਾਂ ਕੁਲਟੀਡਾ ਨੂੰ 1968 ਵਿਚ ਫੌਜ ਦੇ ਡਿਊਟੀ ਟੂਰ ਉਤੇ ਥਾਈਲੈਂਡ ਵਿਚ ਮਿਲਿਆ ਸੀ। ਉਹ ਪਿੱਛੋਂ ਥਾਈ, ਚੀਨੀ ਤੇ ਡੱਚ ਮਾਪਿਆਂ ਦੀ ਮਿਲੀ-ਜੁਲੀ ਨਸਲ ਵਿਚੋਂ ਸੀ। 2002 ਵਿਚ ਈਐੱਸਪੀਐੱਨ ਨੇ ਨਿਚੋੜ ਕੱਢਿਆ ਕਿ ਟਾਈਗਰ ਦੀ ਨਸਲ ਚੌਥਾ ਹਿੱਸਾ ਥਾਈ, ਚੌਥਾ ਹਿੱਸਾ ਚੀਨੀ, ਚੌਥਾ ਹਿੱਸਾ ਕਾਕੇਸ਼ੀਅਨ, ਅੱਠਵਾਂ ਹਿੱਸਾ ਅਫਰੀਕਨ-ਅਮਰੀਕਨ ਤੇ ਅੱਠਵਾਂ ਹਿੱਸਾ ਨੇਟਿਵ ਅਮਰੀਕਨ ਹੈ। ਇੰਜ ਟਾਈਗਰ 'ਕੈਬਲੀਨੇਸ਼ੀਅਨ' ਭਾਵ ਕਾਕੇਸ਼ੀਅਨ, ਕਾਲਾ, ਅਮਰੀਕਨ ਇੰਡੀਅਨ ਤੇ ਏਸ਼ੀਅਨ ਹੈ।

ਟਾਈਗਰ ਦੀ ਮਾਂ ਦਾ ਜਮਾਂਦਰੂ ਨਾਂ ਕੁਲਟੀਡਾ 'ਟੀਡਾ' ਸੀ ਜੋ ਵਿਆਹ ਉਪਰੰਤ ਵੁਡਜ਼ ਬਣ ਗਈ ਸੀ। ਉਹਦੀ ਕੁੱਖੋਂ ਇਕੋ ਬੱਚਾ ਪੈਦਾ ਹੋਇਆ ਜਿਸ ਦਾ ਨਿੱਕ ਨੇਮ 'ਟਾਈਗਰ' ਪੱਕਿਆ ਤੇ ਉਹ ਗੋਲਫ਼ ਦਾ ਸ਼ਹਿਨਸ਼ਾਹ ਬਣਿਆ। ਟਾਈਗਰ ਦੇ ਦੋ ਪਤਰੇਏ ਭਰਾ ਤੇ ਇਕ ਭੈਣ ਵੀ ਹੈ ਜੋ ਉਸ ਦੇ ਬਾਪ ਦੀ ਪਹਿਲੀ ਪਤਨੀ ਦੀ ਉਲਾਦ ਹਨ। ਟਾਈਗਰ ਦੇ ਅਸਲੀ ਨਾਂ ਐਲਡ੍ਰਿਕ ਦਾ ਪਹਿਲਾ ਅੱਖਰ 'ਈ' ਉਹਦੇ ਪਿਓ ਦੇ ਨਾਂ ਅਰਲ ਦਾ ਪਹਿਲਾ ਅੱਖਰ ਹੈ ਜਦਕਿ ਐਲਡ੍ਰਿਕ ਦਾ ਅਖੀਰਲਾ 'ਕੇ' ਕੁਲਟੀਡਾ ਦੇ ਨਾਂ ਦਾ ਪਹਿਲਾ ਅੱਖਰ ਹੈ। ਵਿਚਕਾਰਲਾ 'ਟੌਂਟ' ਥਾਈ ਨਾਮ ਹੈ।

ਪੁੱਤਰ ਦਾ ਨਾਂ 'ਟਾਈਗਰ' ਦਰਅਸਲ ਅਰਲ ਦੇ ਵੀਅਤਨਾਮੀਏ ਦੋਸਤ ਕਰਨਲ ਵੁਆਂਗ ਡੈਂਗ ਫੋਂਗ ਦੇ ਨਿੱਕ ਨੇਮ 'ਟਾਈਗਰ' ਦੀ ਰੀਸ ਨਾਲ ਟਾਈਗਰ ਰੱਖਿਆ ਗਿਆ ਸੀ। ਟਾਈਗਰ ਦੇ ਪਿਤਾ ਅਰਲ ਵੁਡਜ਼ ਦੀ ਮ੍ਰਿਤੂ 3 ਮਈ 2006 ਨੂੰ ਹੋ ਗਈ ਸੀ ਤੇ ਮਾਤਾ ਕੁਲਟੀਡਾ ਵੁਡਜ਼ ਦੀ ਮੌਤ 4 ਫਰਵਰੀ 2025 ਨੂੰ ਹੋਈ। ਟਾਈਗਰ ਨੇ ਆਪਣੇ ਮਾਪਿਆਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਸੀ ਕਿ ਮੈਂ ਮਾਪਿਆਂ ਦੀ ਅਗਵਾਈ ਤੇ ਸਹਿਯੋਗ ਬਿਨਾਂ ਕੋਈ ਪ੍ਰਾਪਤੀ ਨਹੀਂ ਸੀ ਕਰ ਸਕਦਾ।



ਟਾਈਗਰ ਦਾ ਬਚਪਨ ਕੈਲੇਫੋਰਨੀਆ ਦੀ ਔਰਿੰਜ ਕਾਊਂਟੀ ਵਿਚ ਬੀਤਿਆ। ਉਹ ਮਸੀਂ ਦੋ ਸਾਲਾਂ ਦਾ ਹੋਇਆ ਸੀ ਕਿ ਪਿਤਾ ਨੇ ਉਹਦੇ ਹੱਥ ਛੜੀ ਫੜਾ ਦਿੱਤੀ। ਪਿਤਾ ਖ਼ੁਦ ਗੋਲਫ਼ਰ ਸੀ ਜੋ ਲਾਸ ਏਂਜਲਸ ਦੇ ਲੌਂਗ ਵੀਕ 'ਤੇ ਗੌਲਫ਼ ਖੇਡਿਆ ਕਰਦਾ ਸੀ। 1978 ਵਿਚ ਜਦੋਂ ਟਾਈਗਰ 3 ਸਾਲਾਂ ਦਾ ਹੀ ਹੋਇਆ ਸੀ ਤਾਂ ਉਸ ਨੇ ਪੁੱਤਰ ਨੂੰ ਇਕ ਟੀਵੀ ਸ਼ੋਅ 'ਤੇ ਗੋਲਫ਼ ਖੇਡਦਾ ਵਿਖਾਇਆ। 5 ਸਾਲ ਦੀ ਉਮਰੇ ਉਹ 'ਗੋਲਫ਼ ਡਾਈਜੈਸਟ' ਵਿਚ ਆ ਗਿਆ। 7 ਸਾਲ ਦੀ ਉਮਰੇ 10 ਸਾਲ ਦੀ ਉਮਰ ਵਾਲਿਆਂ 'ਚ ਗੋਲਫ਼ ਮੁਕਾਬਲਾ ਜਿੱਤ ਗਿਆ ਤੇ 9-10 ਸਾਲ ਦੀ ਉਮਰੇ ਜੂਨੀਅਰ ਵਰਲਡ ਗੋਲਫ਼ ਚੈਂਪੀਅਨ ਬਣ ਗਿਆ!

ਬਚਪਨ ਵਿਚ ਟਾਈਗਰ ਦਾ ਧਿਆਨ ਗੋਲਫ਼ 'ਤੇ ਹੀ ਕੇਂਦ੍ਰਿਤ ਰਿਹਾ। ਉਸ ਦੇ ਪਿਤਾ ਨੇ ਪੁੱਤਰ ਨੂੰ ਸਰੀਰਕ ਤਾਕਤ ਦੇ ਨਾਲ ਮਾਨਸਿਕ ਤਾਕਤ ਦੇ ਪਾਠ ਵੀ ਪੜ੍ਹਾਏ। ਉਹ ਭਲੀਭਾਂਤ ਸਮਝਦਾ ਸੀ ਕਿ ਗੋਲਫ਼ ਸਮਰੱਥ ਸਰੀਰ ਦੀ ਹੀ ਨਹੀਂ ਸਗੋਂ ਟਿਕਾਊ ਮਨ ਦੀ ਖੇਡ ਹੈ। ਬਾਅਦ ਵਿਚ ਟਾਈਗਰ ਦੀ ਖੇਡ ਬਾਰੇ ਉਹਦੇ ਪ੍ਰਸ਼ੰਸਕਾਂ ਨੇ ਬੜੀਆਂ ਦਿਲਚਸਪ ਟਿੱਪਣੀਆਂ ਕੀਤੀਆਂ। ਅਖੇ ਟਾਈਗਰ ਦਾ ਨਾਂ ਸੁਣਦੇ ਹੀ ਦੁਨੀਆ ਭਰ 'ਚ ਗੋਲਫ਼ ਪ੍ਰੇਮੀਆਂ ਦੇ ਮਨਾਂ ਵਿਚ ਇਕ ਮਹਾਨ ਖਿਡਾਰੀ ਦੀ ਤਸਵੀਰ ਉਭਰਦੀ ਹੈ। ਉਹ ਕੇਵਲ ਇਕ ਗੋਲਫ਼ਰ ਹੀ ਨਹੀਂ ਸਗੋਂ ਇਕ 'ਬ੍ਰਾਂਡ' ਇਕ 'ਵਿਰਾਸਤ' ਤੇ ਇਕ 'ਪ੍ਰੇਰਨਾ' ਹੈ। ਉਸ ਨੇ ਨਾ ਸਿਰਫ਼ ਗੋਲਫ਼ ਦੀ ਖੇਡ ਨੂੰ ਹੋਰ ਪਸੰਦੀਦਾ ਬਣਾਇਆ ਬਲਕਿ ਖੇਡ ਦੇ ਮਿਆਰ ਨੂੰ ਹੋਰ ਵੀ ਬੁਲੰਦੀਆਂ 'ਤੇ ਪੁਚਾਇਆ। ਟਾਈਗਰ ਦੀ ਜ਼ੋਰਦਾਰ ਡਰਾਈਵ, ਸਟੀਕ ਪੁੱਟਿੰਗ, ਧੀਰਜ ਤੇ ਮਨੋਵਿਗਿਆਨਕ ਪਹੁੰਚ ਨੇ ਉਸ ਨੂੰ ਹੋਰ ਵੀ ਮਸ਼ਹੂਰੀ ਬਖ਼ਸ਼ੀ।

ਟਾਈਗਰ ਨੇ ਕੈਲੀਫੋਰਨੀਆ ਦੇ ਵੈਸਟਰਨ ਹਾਈ ਸਕੂਲ ਐਨਾਹਾਈਮ ਤੋਂ ਸਕੂਲੀ ਪੜ੍ਹਾਈ ਕੀਤੀ। ਉਹ ਜਮਾਤਾਂ ਵੀ ਚੜ੍ਹਦਾ ਗਿਆ ਤੇ ਜੂਨੀਅਰ ਪੱਧਰ 'ਤੇ ਗੋਲਫ਼ ਮੁਕਾਬਲਿਆਂ ਦੀਆਂ ਜਿੱਤਾਂ ਵੀ ਜਿੱਤਦਾ ਗਿਆ। ਉਸ ਨੇ ਯੂਐੱਸਏ ਜੂਨੀਅਰ ਐਮੇਚਿਓਰ ਚੈਂਪੀਅਨਸ਼ਿਪ 1991, 92, 93 ਤਿੰਨ ਸਾਲ ਲਗਾਤਾਰ ਜਿੱਤੀ। ਉਦੋਂ ਉਹ ਯੂਐੱਸ ਐਮੇਚਿਓਰ ਗੋਲਫ਼ ਚੈਂਪੀਅਨਸ਼ਿਪ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਖਿਡਾਰੀ ਸੀ। ਉਸ ਦੇ ਐਮੇਚਿਓਰ ਕੈਰੀਅਰ ਨੇ ਹੀ ਸੰਭਾਵਨਾ ਦਰਸਾਅ ਦਿੱਤੀ ਸੀ ਕਿ ਇਹ ਨੌਜੁਆਨ ਭਵਿੱਖ ਵਿਚ ਗੋਲਫ਼ ਦੀ ਦੁਨੀਆ ਦਾ ਸ਼ਹਿਨਸ਼ਾਹ ਬਣੇਗਾ। ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਹ ਸਟੈਨਫੋਰਡ ਯੂਨੀਵਰਸਿਟੀ ਦੇ ਕਾਲਜ ਵਿਚ ਦਾਖਲ ਹੋਇਆ। ਉਥੇ 1996 ਵਿਚ ਐੱਨਸੀਏਏ ਵਿਅਕਤੀਗਤ ਗੋਲਫ਼ ਚੈਂਪੀਅਨਸ਼ਿਪ ਜਿੱਤੀ।

ਅਗਸਤ 1996 'ਚ ਉਸ ਨੇ ਪ੍ਰੋਫ਼ੈਸ਼ਨਲ ਗੋਲਫ਼ ਵਿਚ ਐਂਟਰੀ ਕੀਤੀ। ਕੁਝ ਸਮੇਂ ਬਾਅਦ ਟਾਈਗਰ ਨਾਲ ਨਾਈਕ ਤੇ ਟਾਈਟਲਿਸਟ ਕੰਪਨੀਆਂ ਨੇ ਐਡ ਦੇ ਵੱਡੇ ਇਕਰਾਰਨਾਮੇ ਕੀਤੇ। 21ਵੇਂ ਸਾਲ ਦੀ ਉਮਰੇ ਉਹਨੇ ਵਿਸ਼ਵ ਪੱਧਰੀ ਸੁਰਖੀਆਂ ਬਟੋਰਨੀਆਂ ਸ਼ੁਰੂ ਕਰ ਦਿੱਤੀਆਂ। 1997 ਵਿਚ ਉਸ ਨੇ ਔਗੁਸਤਾ 'ਚ ਆਪਣਾ ਪਹਿਲਾ ਮਹਾਨ ਖ਼ਿਤਾਬ ਮੇਜਰ ਮਾਸਟਰਜ਼ ਟੂਰਨਾਮੈਂਟ ਜਿੱਤਿਆ। ਵਿਸ਼ਵ ਦਾ ਸਭ ਤੋਂ ਵੱਡਾ ਖ਼ਿਤਾਬ ਜਿੱਤਣ ਵਾਲਾ ਉਦੋਂ ਉਹ ਸਭ ਤੋਂ ਛੋਟੀ ਉਮਰ ਦਾ ਗੌਲਫ਼ਰ ਸੀ। ਉਹਦੀ ਜਿੱਤ ਵੀ 12 ਸਟ੍ਰੋਕਾਂ ਦੇ ਫਰਕ ਵਾਲੀ ਰਿਕਾਰਡ ਜਿੱਤ ਸੀ। ਫਿਰ ਜਿੱਤਾਂ ਦੀ ਚੱਲ ਸੋ ਚੱਲ ਹੋ ਗਈ। 1997 ਤੋਂ 2008 ਤਕ ਟਾਈਗਰ ਦੀਆਂ ਜਿੱਤਾਂ ਦਾ ਸੁਨਹਿਰੀ ਦੌਰ ਰਿਹਾ।

ਉਸ ਨੇ 14 ਮੇਜਰ ਖ਼ਿਤਾਬ ਜਿੱਤੇ ਤੇ 81 ਪੀਜੀਏ ਟੂਰ ਜਿੱਤਾਂ ਹਾਸਲ ਕੀਤੀਆਂ। 2000 ਵਿਚ ਉਸ ਨੇ ਲਗਾਤਾਰ 6 ਟੂਰਨਾਮੈਂਟ ਜਿੱਤੇ ਜਿਨ੍ਹਾਂ 'ਚ ਯੂ.ਐੱਸ. ਓਪਨ ਵੀ ਸ਼ਾਮਲ ਸੀ। ਉਹ ਉਸ ਨੇ 15 ਸਟ੍ਰੋਕਾਂ ਦੇ ਵੱਡੇ ਫਰਕ ਨਾਲ ਜਿੱਤਿਆ ਜੋ ਗੋਲਫ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਮੰਨੀ ਜਾਂਦੀ ਹੈ। 2000-2001 ਵਿਚ ਉਸ ਨੇ 4 ਮੇਜਰ ਟੂਰਨਾਮੈਂਟ ਜਿੱਤ ਕੇ ਕਮਾਲਾਂ ਕਰ ਦਿੱਤੀਆਂ। ਇੰਜ ਉਸ ਨੇ ਟਾਈਗਰ ਸਲੈਮ ਨਾਂ ਦਾ ਨਵਾਂ ਇਤਿਹਾਸ ਸਿਰਜਿਆ। 25-26 ਸਾਲ ਦੀ ਉਮਰੇ ਉਸ ਨੂੰ ਵਿਸ਼ਵ ਦਾ ਮਹਾਨ ਖਿਡਾਰੀ ਮੰਨਿਆ ਗਿਆ।

2001 ਤੋਂ ਬਾਅਦ ਉਹ ਲਗਾਤਾਰ ਪ੍ਰੈਸ਼ਰ ਹੇਠ ਰਿਹਾ ਕਿਤੇ ਹਾਰ ਨਾ ਜਾਵੇ! ਆਖ਼ਰ ਦਬਾਅ ਏਨਾ ਵਧ ਗਿਆ ਕਿ ਟਾਈਗਰ ਵੁਡਜ਼ ਵੀ ਬਚ ਨਾ ਸਕਿਆ। 2008 ਵਿਚ ਉਸ ਨੂੰ ਗੋਡੇ ਦੀ ਤਕਲੀਫ਼ ਹੋਈ। ਉਸ ਨੇ ਯੂ.ਐੱਸ. ਓਪਨ ਟੂਰਨਾਮੈਂਟ 2008 ਪੀੜਤ ਗੋਡੇ ਨਾਲ ਖੇਡ ਕੇ ਜਿੱਤਿਆ। ਪਰ ਜਿੱਤਣ ਸਾਰ ਗੋਡੇ ਦੀ ਸਰਜਰੀ ਕਰਾਉਣੀ ਪਈ। ਤਦ ਤਕ ਉਸ ਦੀ ਉਮਰ 33 ਸਾਲਾਂ ਦੀ ਹੋ ਗਈ ਸੀ। 2010 ਵਿਚ ਉਸ ਨੂੰ ਚੂਲ਼ੇ ਦੀ ਪੀੜ ਲੈ ਬੈਠੀ। ਉਸ ਦੀਆਂ ਕਈ ਸਰਜਰੀਆਂ ਹੋਈਆਂ। ਸੱਟਾਂ, ਫੇਟਾਂ ਗਾਹੇ-ਬਗਾਹੇ ਉਸ ਦੇ ਖੇਡ ਕੈਰੀਅਰ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ। ਚੂਲ਼ੇ ਦੀ ਸਮੱਸਿਆ ਕਾਰਨ ਉਸ ਨੂੰ ਕਈ ਵਾਰ ਸਾਰਾ ਸਾਰਾ ਸਾਲ ਖੇਡ ਮੁਕਾਬਲਿਆਂ ਤੋਂ ਲਾਂਭੇ ਰਹਿਣਾ ਪਿਆ। 2015-17 ਵਿਚ ਉਹਦੇ ਪ੍ਰਸ਼ੰਸਕਾਂ ਨੂੰ ਲੱਗਣ ਲੱਗ ਪਿਆ ਕਿ ਹੁਣ ਉਹਦੇ ਹੋਰ ਗੋਲਫ਼ ਖੇਡਣ ਦੇ ਦਿਨ ਪੁੱਗ ਚੁੱਕੇ ਹਨ।

ਪਰ ਟਾਈਗਰ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ ਕਿ ਸੱਟਾਂ/ਚੋਟਾਂ ਖਾ ਕੇ ਵੀ ਮੁੜ ਮੁਕਾਬਲਿਆਂ 'ਚ ਵਾਪਸੀ ਕਰ ਲੈਂਦਾ ਸੀ। ਉਹ ਕਦੇ ਵੀ ਢੇਰੀ ਢਾਹੁਣ ਜਾਂ ਹਾਰ ਮੰਨਣ ਵਾਲਾ ਖਿਡਾਰੀ ਨਹੀਂ ਸੀ। ਉਸ ਦਾ ਜਜ਼ਬਾ 'ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਣ ਮੈ ਤਬ ਜੂਝ ਮਰੋਂ' ਵਾਲਾ ਸੀ। 2019 ਵਿਚ ਉਸ ਨੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ ਜਦੋਂ ਮਾਸਟਰਜ਼ ਟੂਰਨਾਮੈਂਟ (ਔਗੁਸਤਾ) ਵਿਚ ਜਿੱਤ ਦਰਜ ਕੀਤੀ। ਇਹ ਉਹਦਾ 15ਵਾਂ ਮਹਾਨ (ਮੇਜਰ) ਖ਼ਿਤਾਬ ਸੀ। ਇਸ ਜਿੱਤ ਨੇ ਲੋਕਾਂ ਨੂੰ ਯਾਦ ਕਰਾਇਆ ਕਿ 'ਟਾਈਗਰ' ਖਿਡਾਰੀ ਦਾ ਹੀ ਨਾਂ ਨਹੀਂ ਸਗੋਂ ਹਿੰਮਤ, ਹੌਂਸਲੇ ਤੇ ਜੁਝਾਰੂ ਜਜ਼ਬੇ ਦਾ ਨਾਂ ਹੈ।

2021 ਵਿਚ ਟਾਈਗਰ ਕਾਰ ਹਾਦਸੇ ਦਾ ਸ਼ਿਕਾਰ ਹੋ ਗਿਆ। ਉਹਦੀ ਇਕ ਲੱਤ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਉਸ ਦੇ ਪ੍ਰਸ਼ੰਸਕਾਂ ਨੂੰ ਲੱਗਣ ਲੱਗਾ ਕਿ ਹੁਣ ਉਹ ਕਦੇ ਗੋਲਫ਼ ਨਹੀਂ ਖੇਡ ਸਕੇਗਾ। ਪਰ ਉਹ ਰਾਖ 'ਚੋਂ ਉੱਗਣ ਵਾਂਗ ਉਠਿਆ ਅਤੇ ਆਪਣਾ ਖੇਡ ਸਫਰ ਜਾਰੀ ਰੱਖਿਆ। ਜਿਵੇਂ ਨਾਮੀ ਖਿਡਾਰੀਆਂ ਨਾਲ ਅਕਸਰ ਹੁੰਦਾ, ਉਹਦੇ ਸ਼ਾਨਦਾਰ ਖੇਡ ਕੈਰੀਅਰ ਨਾਲ ਉਸ ਦਾ ਨਿੱਜੀ ਜੀਵਨ ਵੀ ਕਾਫੀ ਚਰਚਾ ਵਿਚ ਰਿਹਾ। ਉਹ ਚਰਚਾ ਹਾਲੇ ਵੀ ਉਹਦਾ ਖਹਿੜਾ ਨਹੀਂ ਛੱਡ ਰਹੀ। ਉਹਦਾ ਵਿਆਹ ਗੋਰੀ ਨਸਲ ਦੀ ਐਲਨ ਨਾਰਡੈਗਰਨ ਨਾਲ 2004 ਵਿਚ ਹੋ ਗਿਆ ਸੀ ਜੋ 2010 ਤਕ ਨਿਭ ਸਕਿਆ ਤੇ ਤਲਾਕ ਹੋ ਗਿਆ। ਇਸ ਦੌਰਾਨ ਵੁਡਜ਼ ਜੋੜੇ ਦੇ ਇਕ ਧੀ ਤੇ ਇਕ ਪੁੱਤਰ ਪੈਦਾ ਹੋ ਗਏ ਸਨ।

2009 ਵਿਚ ਉਸ ਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਸਕੈਂਡਲ ਸਾਹਮਣੇ ਆਏ ਸਨ ਜਿਸ ਨਾਲ ਟਾਈਗਰ ਦੀ ਛਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਤੇ ਵਿਆਹ ਟੁੱਟ ਗਿਆ। 2013 ਤੋਂ 2015 ਤਕ ਲਿੰਡਸੇ ਵੋਨ ਉਹਦੀ ਪਾਰਟਨਰ ਪਤਨੀ ਬਣੀ ਰਹੀ। 2024 ਤੋਂ ਵਿਨੇਸ਼ਾ ਟਰੰਪ ਜੋ ਅਮਰੀਕਾ ਦੇ ਪ੍ਰਧਾਨ ਡੋਨਾਲਡ ਟਰੰਪ ਦੀ ਵੱਡੀ ਨੂੰਹ ਤੇ ਡੋਨਾਲਡ ਟਰੰਪ ਜੂਨੀਅਰ ਦੀ ਤਲਾਕਸ਼ੁਦਾ ਪਤਨੀ ਸੀ, ਟਾਈਗਰ ਦੀ ਨਵੀਂ ਪਾਰਟਨਰ ਹੈ। ਟਾਈਗਰ ਦੇ ਦੋ ਬੱਚੇ ਹਨ ਤੇ ਵਿਨੇਸ਼ਾ ਟਰੰਪ ਦੇ ਪੰਜ ਬੱਚੇ। ਟਾਈਗਰ ਅੱਜ-ਕੱਲ੍ਹ ਜੁਪੀਟਰ ਆਈਲੈਂਡ, ਫਲੋਰੀਡਾ ਵਿਖੇ ਰਹਿ ਰਿਹੈ। ਉਸ ਦਾ ਕੱਦ 6 ਫੁੱਟ 1 ਇੰਚ ਹੈ ਤੇ ਵਜ਼ਨ 84 ਕਿਲੋ। ਉਹਦੀ ਪਾਰਟਨਰ ਵਿਨੇਸ਼ਾ ਜੋ 18 ਦਸੰਬਰ 1977 ਨੂੰ ਨਿਊ ਯਾਰਕ ਵਿਚ ਜੰਮੀ ਸੀ ਪੰਜ ਬੱਚਿਆਂ ਦੀ ਮਾਂ ਹੈ। ਉਹ ਹੁਣ ਟਾਈਗਰ ਨਾਲ ਰਹਿ ਰਹੀ ਹੈ। ਵਿਨੇਸ਼ਾ 1998 ਤੋਂ 2001 ਤਕ ਖ਼ਾਲਿਦ ਬਿਨ ਬੰਦਰ ਅਲ ਸੌਦ ਸ਼ੇਖ਼ ਨਾਲ ਪਾਰਟਨਰ ਰਹਿ ਕੇ, ਫਿਰ 2005 ਵਿਚ ਡੋਨਾਲਡ ਟਰੰਪ ਜੂਨੀਅਰ ਨਾਲ ਵਿਆਹ ਕਰਵਾ ਕੇ, ਪੰਜ ਬੱਚੇ ਜੰਮ ਕੇ, 2018 ਵਿਚ ਪਤੀ ਤੋਂ ਤਲਾਕ ਲੈਣ ਪਿੱਛੋਂ 2024 ਤੋਂ ਟਾਈਗਰ ਨਾਲ 'ਸਪਾਊਜ਼' ਵਜੋਂ ਨਹੀਂ, 'ਪਾਰਟਨਰ' ਵਜੋਂ ਰਹਿ ਰਹੀ ਹੈ ਤਾਂ ਕਿ 'ਪ੍ਰਾਪਰਟੀਆਂ' ਦੇ ਝਗੜੇ ਝੇੜਿਆਂ ਤੋਂ ਬਚੇ ਰਹਿਣ!

ਟਾਈਗਰ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਯੂਰਪੀਅਨ ਟੂਰ ਦੀਆਂ 41, ਜਾਪਾਨ ਗੌਲਫ਼ ਟੂਰ ਦੀਆਂ 3, ਏਸ਼ੀਆ ਪੀਜੀਏ ਟੂਰ ਦੀਆਂ 2, ਪੀਜੀਏ ਟੂਰ ਆਸਟ੍ਰੇਲੀਆ ਦੀਆਂ 3, ਸ਼ੌਕੀਆ 21 ਤੇ ਹੋਰ 17 ਵੱਡੀਆਂ ਜਿੱਤਾਂ ਜਿੱਤੀਆਂ ਹਨ। 15 ਮੇਜਰ ਚੈਂਪੀਅਨਸ਼ਿਪਾਂ ਜਿੱਤਣੀਆਂ ਉਸ ਦਾ ਸਭ ਤੋਂ ਵੱਡਾ ਰਿਕਾਰਡ ਹੈ। ਉਸ ਨੂੰ ਜਿਥੇ ਦੁਨੀਆ ਦੇ ਵੱਡੇ ਅਵਾਰਡ ਮਿਲੇ ਹਨ ਉਥੇ ਉਹਦਾ ਨਾਂ ਗੋਲਫ਼ ਦੇ ਹਾਲ ਆਫ਼ ਫੇਮ ਵਿਚ ਦੇਰ ਤਕ ਚਮਕਦਾ ਰਹੇਗਾ।

---

*(ਪਿਛਲੇ ਸਫੇ ਦਾ ਬਾਕੀ)*

ਮਜਬੂਰ ਅਸੀਂ ਪ੍ਰਸਿੱਧ ਪੰਜਾਬੀ ਕਵੀ ਸਵਰਗਵਾਸੀ ਸ਼ਿਵ ਕੁਮਾਰ ਬਟਾਲਵੀ (1936-1973) ਦਾ ਸ਼ੇਅਰ ਛਡ ਬੈਠੇ-

'ਕੀ ਪੁਛਦਿਉ ਹਾਲ ਫਕੀਰਾਂ ਦਾ/ਸਾਡਾ ਨਦੀਉਂ ਵਿਛੜੇ ਨੀਰਾਂ ਦਾ/...ਸਾਨੂੰ ਲੱਖਾਂ ਦਾ ਤਨ ਲੱਭ ਗਿਆ/ ਪਰ ਇਕ ਦਾ ਮਨ ਵੀ ਨਾ ਮਿਲਿਆ/ਕਿਆ ਲਿਖਿਆ ਕਿਸੇ ਮੁਕੱਦਰ ਸੀ/ਹੱਥਾਂ ਦੀਆਂ ਚਾਰ ਲਕੀਰਾਂ ਦਾ'।

ਧਰਤੀ 'ਤੇ ਇਕ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦੇ ਰਹੇ ਹੋਣ ਕਾਰਨ ਅਸੀਂ ਰੁਮਾਂਟਿਕ ਅੰਗਰੇਜ਼ੀ ਕਵੀ ਲੌਰਡ ਬਾਇਰਨ (1788-1824) ਦੀਆਂ ਸਤਰਾਂ ਵੀ ਕੋਟ ਕਰ ਮਾਰੀਆਂ-

'ਨਾ ਮੈਂ ਦੁਨੀਆਂ ਨੂੰ ਪਿਆਰ ਕੀਤਾ ਤੇ ਨਾ ਹੀ ਦੁਨੀਆਂ ਨੇ ਮੈਨੂੰ'।

ਫਿਰ ਅਸੀਂ 'ਚੁੜੇਲ ਡਾਰਲਿੰਗ' ਦੇ ਤਲਿਸਮੀ ਹੁਸਨ ਦੀ ਤਾਰੀਫ ਵੀ ਬਟਾਲਵੀ ਦੀਆਂ ਲਾਈਨਾਂ ਨਾਲ ਕਰ ਮਾਰੀ-

'ਮੈਨੂੰ ਤੇਰਾ ਸ਼ਬਾਬ ਲੈ ਬੈਠਾ/ਰੰਗ ਗੋਰਾ ਗੁਲਾਬ ਲੈ ਬੈਠਾ

ਦਿਲ ਦਾ ਡਰ ਸੀ ਕਿਤੇ ਨਾ ਲੈ ਬੈਠੇ/ਲੈ ਹੀ ਬੈਠਾ ਜਨਾਬ ਲੈ ਬੈਠਾ'।

ਬਸ ਫਿਰ ਕੀ ਸੀ, ਮੁਹੱਬਤ-ਮਾਰੀ ਚੁੜੇਲ ਤਾਂ ਅੱਖ-ਮਟੱਕਾ ਕਰਨ ਲੱਗ ਪਈ! ਅਸੀਂ ਉਸ ਨੂੰ ਬੜੇ ਪਿਆਰ ਨਾਲ ਇਕ ਤਾਜ਼ਾ-ਤਾਜ਼ਾ 'ਦਿਲ/ਕਾਲਜੇ' ਦਾ ਮਾਸ ਰਿੰਨ੍ਹ ਕੇ ਦਾਅਵਤ ਦਿੱਤੀ ਤੇ ਦੱਸਿਆ ਕਿ ਇਹ ਉਹੀ 'ਦਿਲ/ਕਾਲਜਾ' ਹੈ ਜਿਸ ਨੇ ਤੇਰੇ ਸੀਨੇ ਨੂੰ ਵਿਛੋੜੇ ਦੀ ਵੇਦਨਾ ਨਾਲ ਵਿੰਨ੍ਹਿਆ ਸੀ। ਉਹ ਖੁਸ਼ ਹੋ ਕੇ ਬਦਲਾਖੋਰੀ 'ਚ ਚਟਖਾਰੇ ਮਾਰ-ਮਾਰ 'ਫੀਸਟ' ਦੇ ਅਨੰਦ ਵਿਚ ਐਨੀ ਮਸਤ ਹੋਈ ਕਿ ਸਾਨੂੰ ਭੁੱਲ ਹੀ ਗਈ! ਹੋਵੇ ਨਾ ਚੁੜੇਲ ਜਿਹੀ!

ਅਸੀਂ ਜਦ ਜੀਊਂਦੇ ਸਾਂ ਤਾਂ ਇਹ ਸੁਣਦੇ ਸਾਂ ਕਿ ਸੁਰਗ 'ਚ ਅਤੀ ਸੁੰਦਰ ਹੂਰਾਂ ਹੁੰਦੀਆਂ ਹਨ। ਡਾ. ਇਕਬਾਲ ਦਾ ਇਹ ਸ਼ੇਅਰ ਵੀ ਪੜ੍ਹਿਆ ਸੀ-

'ਉਮੀਦ-ਏ-ਹੂਰ ਨੇ ਸਭ ਕੁਛ ਸਿਖਾ ਰਖਾ ਹੈ *ਵਾਇਜ਼ ਕੋ,

ਯੇ ਹਜ਼ਰਤ ਦੇਖਨੇ ਮੇਂ ਸੀਧੇ-ਸਾਦੇ ਭੋਲੇ-ਭਾਲੇ ਹੈਂ'।

(*ਪ੍ਰਚਾਰਕ, ਮੌਲਵੀ)

ਹੋਣਗੀਆਂ ਜੰਨਤ 'ਚ ਹੂਰਾਂ, ਸਾਨੂੰ ਤਾਂ ਆਪਣੇ ਦੋਜ਼ਖ ਦੀਆਂ ਡੈਣਾਂ ਨਾਲ਼ ਹੀ ਭਾਅ ਹੈ। ਜਹੰਨੁਮ ਦੀਆਂ ਜਿੰਨਣੀਆਂ-ਭੂਤਨੀਆਂ ਭਲਾ ਕਿਸੇ ਦੀ ਮਾਂ-ਧੀ ਨਾਲੋਂ ਘੱਟ ਹਨ! ਅਸੀਂ ਵੈਸ਼ਵਿਕ ਤਰਜ਼ 'ਤੇ ਆਪਣੇ ਨਰਕਸਤਾਨ ਵਿਚ ਵੀ 'ਮਿਸ ਯੂਨੀਵਰਸ' ਤੇ 'ਮਿਸ ਵਰਲਡ' ਵਰਗੇ ਮੁਕਾਬਲੇ ਕਰਵਾਉਣੇ ਸ਼ੁਰੂ ਕਰ ਦਿਤੇ! ਅਸੀਂ ਇਨ੍ਹਾਂ ਦਾ ਨਾਮ 'ਮਿਸ ਜਹੰਨੁਮ' ਅਤੇ 'ਮਿਸ ਦੋਜ਼ਖ' ਰਖਿਆ।

ਜੇਤੂਆਂ ਨੂੰ ਵਿਸ਼ੇਸ਼ ਇਨਾਮਾਂ ਤਹਿਤ ਕੜਾਹਿਆਂ 'ਚ ਗਰਮ-ਗਰਮ ਤਲੇ ਚਿਕਨ ਪਕੌੜੇ, ਚਿਕਨ/ਮਟਨ ਦੀਆਂ ਹੋਰ ਸੁਆਦਲੀਆਂ 'ਆਈਟਮਾਂ' ਪਰੋਸੀਆਂ ਗਈਆਂ। ਹਾਂ ਸੱਚ, ਸਾਡੇ ਮੁਰਗ-ਮੁਸੱਲਮ ਵਾਲੇ ਖਾਣੇ ਵਿਚ ਸਿਰਫ 'ਨਰਕਵਾਸੀ' ਘੋਰ-ਪਾਪੀਆਂ ਦਾ ਮਾਸ ਹੀ ਵਰਤਿਆ ਜਾਂਦੈ, ਨਾ ਕਿ ਦੁਨਿਆਵੀ ਕੁੱਕੜਾਂ, ਬੱਕਰਿਆਂ ਦਾ! ਲ਼ੱਜ਼ਤੀ ਵੈਸ਼ਨੋ ਖਾਣੇ 'ਸੁਰਗਵਾਸੀਆਂ' ਲਈ ਰਾਖਵੇਂ ਹਨ।


ਐਵੇਂ ਤਾਂ ਨਹੀਂ ਗਾਲਿਬ ਨੇ ਸੁਰਗ ਬਾਰੇ ਕਿਹਾ
'ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ
ਦਿਲ ਕੇ ਖੁਸ਼ ਰਖਨੇ ਕੋ 'ਗਾਲਿਬ'
ਯੇ ਖਯਾਲ ਅਛਾ ਹੈ'!

ਡਾ. ਇਕਬਾਲ ਨੇ ਤਾਂ ਇਹ ਕਹਿ ਕੇ ਸੁਰਗ-ਨਰਕ ਦਾ ਨਿਬੇੜਾ ਹੀ ਕਰ ਦਿਤੈ-

'ਅਮਲ ਸੇ ਜ਼ਿੰਦਗੀ ਬਨਤੀ ਹੈ
ਜੰਨਤ ਭੀ ਜਹੰਨਮ ਭੀ
ਯੇ ਖਾਕੀ ਅਪਨੀ ਫਿਤਰਤ ਮੇਂ
ਨ ਨੂਰੀ ਹੈ ਨ ਨਾਰੀ ਹੈ'।

# ਕਾਵਿ -ਕਿਆਰੀ

ਅਮਰੀਕ ਸਿੰਘ
ਸ਼ਿਕਾਗੋ



## ਤੜਫ

ਤੇਰਾ ਦਿਦਾਰ ਨ ਸਾਨੂੰ ਹੋਇਆ ਵੇ ਚੰਨਾ।
ਦਿਲ ਤੇਰੀ ਜੁਦਾਈ 'ਚ ਰੋਇਆ ਵੇ ਚੰਨਾ।

ਲੋਕੀਂ ਨੇ ਖੁਸ਼ੀ ਮਨਾਉਂਦੇ,
ਹੱਸਦੇ ਤੇ ਨਾਲੇ ਗਾਉਂਦੇ।
ਮੇਰਾ ਨਸੀਬਾ ਸੋਇਆ ਵੇ ਚੰਨਾ।
ਤੇਰਾ ਦਿਦਾਰ ਨ ਸਾਨੂੰ ਹੋਇਆ ਵੇ ਚੰਨਾ
ਦਿਲ ਤੇਰੀ ਜੁਦਾਈ 'ਚ ਰੋਇਆ ਵੇ ਚੰਨਾ।

ਰਾਤ ਹਨੇਰੀ ਨਾਗ ਵਾਂਗ ਸ਼ੂਕਦੀ
ਪਿਆਸੀ ਤੇਰੀ ਕੋਇਲ ਕੂਕਦੀ।
ਚੰਦਰੇ ਛਿੱਲੜਾਂ ਤੈਨੂੰ ਖੋਹਿਆ ਵੇ ਚੰਨਾ।
ਤੇਰਾ ਦੀਦਾਰ ਸਾਨੂੰ ਨ ਹੋਇਆ ਵੇ ਚੰਨਾ
ਦਿਲ ਤੇਰੀ ਜੁਦਾਈ 'ਚ ਰੋਇਆ ਵੇ ਚੰਨਾ।

ਬਿਰਹਾ ਦੀ ਇਸ ਅੱਗ ਨੇ,
ਨਾਲੇ ਹੀ ਇਸ ਜੱਗ ਨੇ।
ਦਿਲ ਮੇਰਾ ਵਾਂਗ ਕਸਾਈ ਕੋਹਿਆ ਵੇ ਚੰਨਾ।
ਤੇਰ ਦੀਦਾਰ ਸਾਨੂੰ ਨ ਹੋਇਆ ਵੇ ਚੰਨਾ
ਦਿਲ ਤੇਰੀ ਜੁਦਾਈ 'ਚ ਰੋਇਆ ਵੇ ਚੰਨਾ।

ਇੱਕ ਵਾਰ 'ਅਮਰ' ਆ ਜਾ
ਦਿਲ ਮੇਰਾ ਵੀ ਖਿੜਾ ਜਾ
ਨਹੀਂ ਤੇ ਜਿੰਦ ਨੇ ਜਾਣਾ ਮੋਇਆ ਵੇ ਚੰਨਾ।
ਤੇਰਾ ਦੀਦਾਰ ਸਾਨੂੰ ਨ ਹੋਇਆ ਵੇ ਚੰਨਾ
ਦਿਲ ਤੇਰੀ ਜੁਦਾਈ 'ਚ ਰੋਇਆ ਵੇ ਚੰਨਾ।

---

## ਗ਼ਜ਼ਲ

ਬੇਸ਼ੱਕ ਕੋਈ ਲੱਜ਼ਤ, ਚਾਅ ਜਾਂ ਹੁੰਗਾਰਾ ਨਾ ਸੀ
ਧੜਕੇ ਬਗ਼ੈਰ ਦਿਲ ਦਾ ਐਪਰ ਗੁਜ਼ਾਰਾ ਨਾ ਸੀ

ਦਿਲ ਹੌਲ਼ਾ ਕਰਨ ਖ਼ਾਤਿਰ ਕਿੰਨੇ ਹੀ ਘਾਟ ਗਾਹੇ
ਪਾਣੀ ਕੋਈ ਵੀ ਐਪਰ ਹਉਕੇ ਤੋਂ ਭਾਰਾ ਨਾ ਸੀ

ਜਦ ਧਾਰ ਹੀ ਲਿਆ ਸੀ ਸਭ ਧਸਦਿਆਂ ਨੂੰ ਕੱਢਣਾ
ਦਲਦਲ 'ਚ ਉੱਤਰਨ ਬਿਨ ਕੋਈ ਚਾਰਾ ਵੀ ਨਾ ਸੀ

ਮਿੰਨਤਾਂ, ਜੁਗਾੜ, ਤਰਲੇ, ਸੌਦੇ, ਸਕੀਮਾਂ, ਤਿਕੜਮ
'ਮੰਜ਼ਿਲ' ਤਾਂ ਮਿਲ ਹੀ ਜਾਂਦੀ, ਸਾਨੂੰ ਗਵਾਰਾ ਨਾ ਸੀ

ਇਕ ਦਰਦ ਨੂੰ ਹੁਣੇ ਹੀ ਠੁੰਮ੍ਹਣਾ ਹੈ ਦਿੱਤਾ, ਕਿਉਂ ਜੋ
ਮੇਰੇ ਬਗ਼ੈਰ ਉਸ ਦਾ ਕੋਈ ਸਹਾਰਾ ਨਾ ਸੀ
*-ਰੂਹੀ ਸਿੰਘ*

---

## .ਗਜ਼ਲ

ਖ਼ਬਰ ਤੁਰੀ ਇਹ ਸੜਕੇ ਸੜਕੇ।
ਦਾਜ ਖੁਣੋਂ, ਕੋਈ ਮਰ ਗਈ ਸੜ ਕੇ।

ਗੁਰਬਤ ਮੇਰੇ ਨਾਲ ਹੈ ਰਹਿੰਦੀ।
ਲੱਛਮੀ ਟੁਰ ਗਈ ਪੇਕੇ, ਲੜ ਕੇ।

ਕਿੰਨੀ ਫ਼ਿਰਕੂ ਸੋਚ ਹੈ ਹੋਈ?
ਗਲੀ ਗਲੀ ਨੇ ਦੰਗੇ ਭੜਕੇ।

ਹੌਲ ਦਿਲੇ ਨੂੰ ਪੈਂਦੇ ਜਾਵਣ,
ਰਾਤ ਪਿਆਂ ਜਦ ਬੂਹਾ ਖੜਕੇ।

ਲਾਸ਼ ਮਿਲੀ ਉਹ ਨਦੀ ਕਿਨਾਰੇ,
ਲੈ ਗਈ ਪੁਲਸ ਸੀ ਜਿਸਨੂੰ ਫੜ ਕੇ।

ਕਿਸਦੀ ਰਾਤੀਂ ਯਾਦ ਸੀ ਆਈ,
ਟੁਰ ਗਈ ਹੰਝ ਦੇ ਤਾਰੇ ਜੜ ਕੇ।

ਹੋਇਆ ਲਹੂ ਨਦੀਆਂ ਦਾ ਪਾਣੀ,
ਕਿਸ, ਵਿਚ ਪਾਇਆ ਟੂਣਾ ਪੜ੍ਹ ਕੇ।

ਜੱਗ ਦਾ ਨ੍ਹੇਰਾ ਦੂਰ ਨਾ ਹੋਇਆ,
ਹੂੰਝ ਹਫੇ ਅਕਲਾਂ ਦੇ ਰੜਕੇ।

ਜਾਣੀਂ ਸੋਈ ਦਿਲ ਦਾ ਮਹਿਰਮ,
ਜਿਸਨੂੰ ਵੇਖ ਦਿਲ ਦੂਣਾ ਧੜਕੇ।

ਅੱਜ ਮਾਨਵ ਸੰਤਾਪ ਗ੍ਰਸਿਆ,
ਚਿੰਤਾ, ਸ਼ਾਮ ਦੁਪਹਿਰੇ ਤੜਕੇ।
ਸੱਚ ਕਹਿਣ ਤੋਂ ਕੀ ਘਬਰਾਉਣਾ,
ਸੱਚ ਬੋਲਦਾ ਕੋਠੇ ਚੜ੍ਹ ਕੇ।

ਵੱਸਲ ਹਢਾਉਂਦੇ ਦਿਲ ਕੀ ਜਾਣਨ,
ਕਿੰਜ ਬੀਤੀ ਤੈਥੋਂ ਵਿਛੜ ਕੇ।

ਢੋਅ ਲਓ ਸਭ ਬੂਹੇ ਬਾਰੀਆਂ,
ਬਾਹਰ ਜ਼ੁਲਮ ਦੀ ਬਿਜਲੀ ਕੜਕੇ।

ਸੱਜਣਾ ਆਪਣਾ ਹਾਲ ਏ ਓਹੀ,
ਜਿਉਂ ਬਿਰਛਾਂ ਦਾ, ਪੱਤੇ ਝੜ ਕੇ।

ਕੱਖਾਂ ਵਾਂਗ ਹੀ ਰੁਲਦੇ ਵੇਖੇ,
ਦਿੱਲੀਓਂ ਆਏ, ਜੋ ਉੱਜੜ ਕੇ।

ਜਿਸਨੂੰ ਲੱਭੇਂ ਜੰਗਲ ਬੇਲੇ,
'ਨਾਕਾਮ' ਰਵ੍ਹੇ ਉਹ ਦਿਲ 'ਚ ਵੜ ਕੇ।
*-ਗੁਰਬਖਸ਼ ਸਿੰਘ 'ਨਾਕਾਮ'*
*ਫੋਨ: +1 864-318-5500*

---

## ਮਾਂ ਬੋਲੀ ਦੇ ਰਾਜ ਦੁਲਾਰੇ

ਹਾਥੀ ਦੇ ਦੰਦ ਖਾਣ ਦੇ ਹੋਰ ਨੇ ਦਿਖਾਣ ਦੇ ਹੋਰ।
ਸਾਧਾਂ ਦੇ ਪਾਉਂਦੇ ਕੱਪੜੇ ਅਤੇ ਅੰਦਰੋਂ ਕਾਲ਼ੇ ਚੋਰ।

ਉਤੋਂ ਬੀਬੀਆਂ ਦਾਹੜੀਆਂ ਨੇ ਅੰਦਰੋਂ ਕਾਲ਼ੇ ਕਾਂ।
ਮਾਰੇ ਬੜ੍ਹਕ ਸਾਹਨ ਹੈ ਮਾਰੇ ਮੋਕ ਜਾਇਆ ਗਾਂ।

ਆਖਦੇ ਨੇ ਸੱਚ ਕਿ ਆਂਡੇ ਕਿਤੇ ਕੁੜ ਕੁੜ ਕਿਤੇ।
ਮਾਰਦੇ ਮਿਹਣੇ ਸਾਈਆਂ ਕਿਤੇ ਵਧਾਈਆਂ ਕਿਤੇ।

ਖਾਣਾ ਪੀਣਾ ਠਾਕੁਰ ਦੁਆਰੇ ਤੇ ਭੌਂਕਣਾ ਮਸੀਤੀਂ।
ਨਵੀਂ ਪੀੜ੍ਹੀ ਨ ਜਾਣਦੀ ਕੀ ਹੁੰਦੀ ਹੈ ਹੱਡ ਬੀਤੀ।

ਲੋਕਤੰਤਰ ਬੱਸ ਬਣ ਗਿਆ ਹੈ ਨਿਰੀ ਭੇਡ ਚਾਲ।
ਮੁੱਲ ਨੇ ਵੋਟਾਂ ਵਿਕਦੀਆਂ ਲੋਕਾਂ ਦਾ ਹੈ ਬੁਰਾ ਹਾਲ।

ਹੱਥ ਦੀ ਸਫ਼ਾਈ ਕਰਕੇ ਜਾਦੂਗਰ ਕਰਨ ਕਮਾਲ।
ਚਿੱਟਾ ਪੁਆਉਂਦਾ ਵੈਣ ਪਰ ਵਪਾਰੀ ਪਾਣ ਧਮਾਲ।

ਮਿਹਣਾ ਕੰਮ ਦਾ ਨਾ ਕਾਜ ਦਾ ਵੈਰੀ ਅਨਾਜ ਦਾ।
ਵਿਹਲੜ ਦੀ ਕੁੱਤੇਖਾਣੀ ਕਰੇ ਮਿਹਣਾ ਸਮਾਜ ਦਾ।

ਕਹਿਣਾ ਧੋਬੀ ਦਾ ਕੁੱਤਾ ਨ ਘਰ ਦਾ ਨ ਘਾਟ ਦਾ।
ਸੁਣ ਬੋਲ ਸ਼ਰੀਕਾਂ ਦੇ ਬੱਸ ਸੀਨਾ ਜਾਂਦਾ ਪਾਟ ਦਾ।

ਬੋਲੀ ਮਾਰੇ ਦ੍ਰੋਪਦੀ ਆਖਦੀ ਅੰਨ੍ਹੇ ਦਾ ਪੁੱਤ ਅੰਨ੍ਹਾ।
ਮਹਾਂਭਾਰਤ ਯੁੱਧ ਛੇੜਿਆ ਨ ਰੌਲਾ ਸੀ ਵੱਟ ਬੰਨਾ।

ਉਡੀਕ ਵਿੱਚ ਕਚਹਿਰੀਆਂ ਜੱਟਾਂ ਨੂੰ ਵਿੱਡੀ ਪੈਣਾ।
ਸਾਰਾ ਦਿਨ ਖੱਜਲ ਖੁਆਰ ਹੋ ਤਰੀਕ ਅੱਗੇ ਪੈਣਾ।

ਪੁੱਤੀਂ ਖੇਡੇਂ ਦੁੱਧੀਂ ਨਹਾਵੇ ਬਜ਼ੁਰਗਾਂ ਦੀ ਸੀ ਅਸੀਸ।
ਨਵੀਂ ਬਹੂ ਮੱਥਾ ਟੇਕੇ ਵੱਡੇ ਨੂੰ ਮਿਲਦੀ ਸੀ ਬਖਸ਼ੀਸ਼।

ਜਾਟ ਰੇ ਜਾਟ ਤੇਰੇ ਸਿਰ ਉੱਤੇ ਖਾਟ ਨਿੱਤ ਨੇ ਬੋਲਦੇ।
ਬਣਾਈਏ ਮਿੱਠਾ ਬੋਲੀ ਨੂੰ ਅਖਾਣਾਂ ਰਹੀਏ ਟੋਲ੍ਹਦੇ।

ਕਹਿੰਦੇ ਡਿਗੀ ਅਸਮਾਨ 'ਚੋਂ ਅਟਕੀ ਵਿਚ ਖਜੂਰ।
ਖੁਸ਼ ਹੋਣ ਦੀ ਗੱਲ ਨਹੀਂ ਹਾਲੇ ਖ਼ਤਰਾ ਸਿਰ ਜ਼ਰੂਰ।

ਅਸਮਾਨ ਨੂੰ ਟਿੱਕੀ ਲਾਉਣਾ ਚਤੁਰ ਦਾ ਕੰਮ ਹਜ਼ੂਰ
ਗੱਲੀਂ ਬਾਤੀਂ ਹੈ ਸਾਰਦਾ ਜੋ ਝੂਠ 'ਚ ਰਹੇ ਮਗਰੂਰ।

ਡਿਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ ਸਭ ਨੇ ਮੰਨਦੇ।
ਕਸੂਰ ਛੁਪਾਉਂਦੇ ਆਪਣਾ ਭਾਂਡਾ ਦੂਜੇ ਸਿਰ ਭੰਨਦੇ।

ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ ਲੋਕੀਂ ਕਹਿੰਦੇ।
ਸਾਂਭ ਸਕੇ ਨਾ ਵਿਰਾਸਤ ਤਾਂ ਨਿਕੰਮੇ ਬੋਲੀ ਸਹਿੰਦੇ।

ਅੱਧ ਪਾਅ ਖਿੱਚੜੀ ਚੁਬਾਰੇ 'ਤੇ ਚੁਲ੍ਹਾ ਜੇ ਵੇਖੀਏ।
ਕਮੀਨਗੀ ਅਤੇ ਤੰਗਦਿਲੀ ਦਰ ਖੁੱਲ੍ਹਾ ਨ ਵੇਖੀਏ।

ਇੱਕ ਰੋੜ ਪਿੰਡ ਭੁੱਸਿਆਂ ਦਾ ਹੋਵੇ ਥੋੜ੍ਹ ਆਖੀਏ।
ਇੱਕ ਅਨਾਰ ਸੌ ਬਿਮਾਰ ਹੋਵੇ ਸਦਾ ਥੋੜ੍ਹ ਭਾਖੀਏ।

ਸੌ ਹੱਥ ਰੱਸਾ ਸਿਰੇ 'ਤੇ ਗੰਢ ਕਹਿ ਗੱਲ ਮੁਕਾਈਏ।
ਜਿੱਥੇ ਦੇਖੀਏ ਤਵਾ ਪਰਾਤ ਉੱਥੇ ਰਾਤ ਭਰ ਗਾਈਏ।

ਵਰਤੀਏ ਮੁਹਾਵਰੇ ਨਾਲ਼ੇ ਪੰਜਾਬੀ ਦਾ ਰਸ ਚੱਖੀਏ।
ਕਰੀਏ ਦਿਲੋਂ ਪਿਆਰ ਸਦਾ ਤੇ ਮਾਣ ਜੱਸ ਰੱਖੀਏ।
*-ਸੇਵਾ ਸਿੰਘ "ਨੂਰਪੁਰੀ"*

# ਸਾਇੰਸ-ਟੈਕਨਾਲੌਜੀ ਦੇ ਜਾਦੂ-ਟੂਣੇ



ਸਾਇੰਸ ਅਤੇ ਟੈਕਨਾਲੌਜੀ ਨੇ ਇਨਸਾਨੀ ਇਤਿਹਾਸ ਵਿਚ ਅਜਿਹੇ ਅਣਗਿਣਤ ਚਮਤਕਾਰ ਕੀਤੇ ਹਨ, ਜੋ ਨਾ ਸਿਰਫ਼ ਜੀਵਨ ਨੂੰ ਆਸਾਨ ਬਣਾਉਂਦੇ ਹਨ, ਸਗੋਂ ਹੈਰਾਨੀ ਅਤੇ ਅਚੰਭੇ ਵਿਚ ਵੀ ਪਾ ਦਿੰਦੇ ਹਨ। ਜੇ ਸੋਚਿਆਂ ਜਾਵੇ, ਜਦੋਂ ਕਿਸੇ ਨੇ ਪਹਿਲੀ ਵਾਰ ਰੇਡੀਓ ਤੋਂ ਆਵਾਜ਼ ਸੁਣੀ ਹੋਵੇਗੀ ਤਾਂ ਉਸ ਲਈ ਉਹ ਪਲ ਕਿੰਨਾ ਅਜੀਬ ਅਤੇ ਰੌਂਗਟੇ ਖੜ੍ਹੇ ਕਰਨ ਵਾਲਾ ਹੋਇਆ ਹੋਵੇਗਾ, ਸ਼ਾਇਦ ਕਿਸੇ ਦੇ ਮਨ ਵਿਚ ਭੂਤ-ਪ੍ਰੇਤਾਂ ਦੀਆਂ ਕਹਾਣੀਆਂ ਵੀ ਉੱਠੀਆਂ ਹੋਣੀਆਂ। ਬਿਜਲੀ ਦਾ ਬਲੱਬ ਜੱਗਣਾ ਜਾਂ ਪੱਖੇ ਦਾ ਪੱਖਾ ਘੁੰਮਣਾ ਪਹਿਲੀ ਵਾਰੀ ਦੇਖਣ ਵਾਲੇ ਲਈ ਇਹ ਸਭ ਕਿਸੇ ਜਾਦੂ ਤੋਂ ਘੱਟ ਨਹੀਂ ਸੀ। ਪਰ ਸਾਇੰਸ ਕਦੇ ਨਹੀਂ ਰੁਕੀ ਅਤੇ ਇਹ ਅਗਾਂਹ ਵਧਦੀ ਰਹੀ, ਆਪਣੀਆਂ ਨਵੀਆਂ ਕਾਢਾਂ ਨਾਲ ਲੋਕਾਂ ਨੂੰ ਹੌਲੀ-ਹੌਲੀ ਪਰ ਪੱਕੇ ਤਰੀਕੇ ਨਾਲ ਬਦਲਦੀ ਰਹੀ। ਮੈਨੂੰ ਅੱਜ ਵੀ ਆਪਣੀਆਂ ਕੁਝ ਪਹਿਲੀਆਂ, ਇਸ ਟੈਕਨਾਲੌਜੀ ਦੇ 'ਜਾਦੂ' ਨਾਲ ਮੁਲਾਕਾਤਾਂ ਯਾਦ ਹਨ।



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਇਹ ਗੱਲ 1993 ਦੀ ਹੈ ਜਦੋਂ ਇੱਕ ਦਿਨ ਲੌਂਗੋਵਾਲ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਾਈ ਦੌਰਾਨ, ਮੈਂ ਆਪਣੇ ਹੋਸਟਲ ਦੇ ਸਾਥੀ ਨਾਲ ਉਸ ਦੇ ਸੰਗਰੂਰ ਵਾਲੇ ਘਰ ਗਿਆ। ਬੜਾ ਵੱਡਾ ਅਤੇ ਸ਼ਾਨਦਾਰ ਘਰ, ਸੁੰਦਰ ਸਜਾਵਟ, ਤੇ ਉਸ ਵਿਚ ਲੱਗਾ ਸਾਊਂਡ ਸਿਸਟਮ ਦੇਖ-ਸੁਣ ਕੇ ਮੈਂ ਹੈਰਾਨ ਰਹਿ ਗਿਆ। ਸ਼ਾਮ ਨੂੰ ਅੰਕਲ ਜੀ ਨੇ ਹੱਥ ਨਾਲ ਤਾੜੀ ਮਾਰੀ ਤੇ ਲਾਈਟ ਜੱਗ ਗਈ, ਫਿਰ ਤਾੜੀ ਮਾਰੀ ਤੇ ਬੁੱਝ ਗਈ—ਉਸ ਵੇਲੇ ਮੈਨੂੰ ਇਹ ਜਾਦੂ ਹੀ ਲੱਗਿਆ, ਹਾਲਾਂਕਿ ਸੱਚਾਈ ਕੁਝ ਹੋਰ ਸੀ। ਅਤੇ ਫਿਰ 1997 ਵਿਚ ਹੋਸਟਲ ਵਿਚ ਰਹਿੰਦੇ ਆਪਣੇ ਦੋਸਤ ਦੇ ਮੋਬਾਈਲ ਫ਼ੋਨ ਰਾਹੀਂ ਪਹਿਲੀ ਵਾਰ ਬਿਨਾਂ ਤਾਰ ਦੇ ਯੰਤਰ ਤੇ ਆਵਾਜ਼ ਸੁਣਨਾ, ਮੇਰੇ ਲਈ ਇੱਕ ਅਣਸੁਣੀ ਤੇ ਅਣਵੇਖੀ ਦੁਨੀਆ ਖੁਲ੍ਹਣ ਜਿਹਾ ਅਹਿਸਾਸ।

ਸਾਇੰਸ-ਟੈਕਨਾਲੌਜੀ ਦੇ ਜਾਦੂ-ਟੂਣਿਆਂ ਦਾ ਸਿਲਸਲਾ ਇਸ ਤਰ੍ਹਾਂ ਹੀ ਚਲਦਾ ਰਿਹਾ ਜਦੋਂ 2007 ਵਿਚ ਮੈਂ ਬਰੈਂਪਟਨ (ਕੈਨੇਡਾ) ਵਿਚ ਰਹਿੰਦੇ ਹੋਏ ਇੱਕ ਹੋਰ ਅਨੁਭਵ ਕੀਤਾ। ਮੈਂ ਬੇਸਮੈਂਟ ਵਿਚ ਰਹਿੰਦਾ ਸੀ ਤੇ ਜਦੋਂ ਵੀ ਦੇਰ ਰਾਤ ਉਥੇ ਜਾਂਦਾ, ਲਾਈਟ ਆਪਣੇ ਆਪ ਜੱਗ ਜਾਂਦੀ। ਪਹਿਲਾਂ ਤਾਂ ਮੈਂ ਸੋਚਦਾ ਕਿ ਘਰ ਦੇ ਮਾਲਕ ਨੂੰ ਪਤਾ ਲੱਗ ਗਿਆ ਹੈ ਕਿ ਮੈਂ ਆ ਗਿਆ ਹਾਂ ਤੇ ਉਹ ਲਾਈਟ ਜਗਾ ਦਿੰਦੇ ਹਨ। ਬਾਅਦ ਵਿਚ ਪਤਾ ਲੱਗਾ ਕਿ ਇਹ ਮੋਸ਼ਨ ਸੈਂਸਰ ਸੀ, ਜੋ ਕੋਈ ਵੀ ਹਿਲਦੀ-ਜੁਲਦੀ ਚੀਜ਼ ਉਸਦੇ ਰੇਂਜ ਵਿਚ ਆਵੇ, ਤਾਂ ਲਾਈਟ ਜੱਗਦੀ ਤੇ ਕੁਝ ਸਮੇਂ ਬਾਅਦ ਬੁੱਝ ਜਾਂਦੀ ਹੈ। ਅੱਜ ਦੇ ਸਮੇਂ, ਇਹੋ ਜਿਹੇ ਮੋਸ਼ਨ ਜਾਂ ਡੇ-ਨਾਈਟ ਸੈਂਸਰ ਸਿਰਫ਼ ਦੋ-ਢਾਈ ਸੌ ਰੁਪਏ ਵਿਚ ਆਸਾਨੀ ਨਾਲ ਮਿਲ ਜਾਂਦੇ ਹਨ। ਇਹ ਸੋਚ ਕੇ ਹੀ ਹੈਰਾਨੀ ਹੁੰਦੀ ਹੈ ਕਿ ਜੋ ਚੀਜ਼ ਕਦੇ ਮਹਿੰਗੀ ਤੇ ਵਿਲੱਖਣ ਲੱਗਦੀ ਸੀ, ਉਹ ਅੱਜ ਘਰ-ਘਰ ਪਹੁੰਚ ਚੁੱਕੀ ਹੈ। ਇੱਕ ਹੋਰ ਦਿਲਚਸਪ ਘਟਨਾ ਮੇਰੇ ਘਰ ਵਿਚ ਕੰਮ ਕਰਨ ਵਾਲੇ ਬੰਦੇ ਨਾਲ ਜੁੜੀ ਹੈ। ਉਸਨੇ ਨਵਾਂ ਮੋਬਾਈਲ ਲਿਆ, ਜੋ ਗਲਤੀ ਨਾਲ ਵਾਈਬ੍ਰੇਸ਼ਨ ਮੋਡ 'ਤੇ ਚੱਲਿਆ ਗਿਆ। ਜਦੋਂ ਉਸਨੂੰ ਕਾਲ ਆਈ ਤੇ ਮੋਬਾਈਲ ਹਿਲਿਆ, ਉਹ ਡਰ ਗਿਆ ਤੇ ਸੋਚਣ ਲੱਗਾ ਕਿ ਇਸ ਵਿਚ ਕੋਈ ਭੂਤ ਆ ਗਿਆ ਹੈ। ਉਸਨੇ ਡਰਦੇ ਨੇ ਫ਼ੋਨ ਨੂੰ ਦੂਰ ਸੁੱਟ ਦਿੱਤਾ! ਇਹ ਯਾਦ ਦਿਵਾਉਂਦੀ ਹੈ ਕਿ ਅਸੀਂ ਟੈਕਨਾਲੌਜੀ ਵਰਤਦੇ ਹਾਂ ਪਰ ਉਸਦੀ ਸਮਝ ਹੌਲੀ-ਹੌਲੀ ਆਉਂਦੀ ਹੈ। ਟੈਕਨਾਲੌਜੀ ਵਰਤਣ ਨਾਲ-ਨਾਲ ਉਸਨੂੰ ਸਮਝਣਾ ਵੀ ਜਰੂਰੀ ਹੈ, ਤਾਂ ਜੋ ਕਿਸੇ ਮੁਸ਼ਕਲ ਜਾਂ ਡਰ ਦਾ ਸਾਹਮਣਾ ਨਾ ਕਰਨਾ ਪਵੇ।

ਅੱਜ ਦੇ ਸਮੇ ਵਿਚ, ਨਵੀਂਆਂ ਖੋਜਾਂ ਨੇ ਅਚੰਭਿਆਂ ਦਾ ਮਿਆਰ ਹੋਰ ਵੀ ਉੱਚਾ ਕਰ ਦਿੱਤੇ ਹੈ। ਜਿਵੇਂ ਮੋਬਾਈਲ ਦੀ ਆਵਾਜ਼ ਕਾਲਾਂ ਤੋਂ ਵੀਡੀਓ ਕਾਲਾਂ ਤੱਕ ਦਾ ਸਫ਼ਰ ਵੀ ਕਿਸੇ ਜਾਦੂ ਤੋਂ ਘੱਟ ਨਹੀਂ। ਸੋਚੋ, ਤੁਸੀਂ ਕਾਰ ਵਿਚ ਬੈਠੇ ਹੋ ਅਤੇ ਕੋਈ ਡਰਾਈਵਰ ਨਹੀਂ ਅਤੇ ਕਾਰ ਆਪਣੇ-ਆਪ ਚੱਲ ਰਹੀ ਹੈ। ਜਾਂ ਫਿਰ ਹੋਲੋਗ੍ਰਾਮ ਪ੍ਰੋਜੈਕਸ਼ਨ, ਜਿੱਥੇ ਤਸਵੀਰ ਹਕੀਕਤ ਵਰਗੀ ਦਿਸਦੀ ਹੈ। ਹੁਣ ਤਾਂ ਘਰਾਂ ਵਿਚ ਲਾਈਟਾਂ, ਪੱਖੇ ਅਤੇ ਹੋਰ ਸਾਜੋ-ਸਮਾਨ ਮੋਬਾਈਲ ਐਪ ਨਾਲ ਚਲਾਉਣ ਦਾ ਜਮਾਨਾ ਆ ਗਿਆ ਹੈ। ਇਸਨੂੰ ਅਸੀਂ IoT (Internet of Things) ਕਹਿੰਦੇ ਹਾਂ। ਇੰਟਰਨੈਟ ਰਾਹੀਂ, ਤੁਸੀਂ ਦੇਸ਼-ਵਿਦੇਸ਼ ਕਿਤੇ ਵੀ ਬੈਠੇ ਘਰ ਦੀਆਂ ਲਾਈਟਾਂ ਆਨ-ਆਫ ਕਰ ਸਕਦੇ ਹੋ। ਇਸੇ ਤਰ੍ਹਾਂ, ਸੀ.ਸੀ.ਟੀ.ਵੀ ਕੈਮਰਿਆਂ ਰਾਹੀਂ ਘਰ ਦੇ ਅੰਦਰ-ਬਾਹਰ ਦੀ ਲਾਈਵ ਫੁਟੇਜ ਮੋਬਾਈਲ 'ਤੇ ਦੇਖਣਾ—ਇਹ ਸਭ ਸਿਰਫ਼ ਦਸ-ਪੰਦਰਾਂ ਸਾਲ ਪਹਿਲਾਂ ਵੀ ਕਿਸੇ ਸੁਪਨੇ ਵਰਗਾ ਸੀ।

ਪਰ ਸਾਇੰਸ-ਟੈਕਨਾਲੌਜੀ ਦੇ ਇਸ ਜਾਦੂ ਦੇ ਨਾਲ ਇੱਕ ਚੇਤਾਵਨੀ ਵੀ ਜੁੜੀ ਹੈ। ਬਹੁਤ ਵਾਰ ਲੋਕ ਇਸਨੂੰ ਸਮਝਣ ਦੀ ਬਜਾਏ ਅੰਧ-ਵਿਸ਼ਵਾਸਾਂ ਵਿਚ ਫਸ ਜਾਂਦੇ ਹਨ। ਸਾਡੇ ਦੇਸ਼ ਵਿਚ ਕਈ ਠੱਗ 'ਸੰਤ' ਜਾਂ 'ਮਹਾਤਮਾ' ਬਣ ਕੇ ਨਵੀਂ ਟੈਕਨਾਲੌਜੀ ਦੇ ਜਾਦੂਈ ਪ੍ਰਭਾਵ ਨੂੰ ਵਰਤ ਕੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਦਿੰਦੇ ਹਨ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਜਾਣਕਾਰੀ ਹਾਸਲ ਕਰਕੇ, ਸਮਝਦਾਰੀ ਨਾਲ ਫ਼ੈਸਲੇ ਕਰੀਏ ਅਤੇ ਆਪਣੇ ਆਪ ਨੂੰ ਤੇ ਦੂਜਿਆਂ ਨੂੰ ਵੀ ਇਸ ਤਰ੍ਹਾਂ ਦੇ ਠੱਗਾਂ ਤੋਂ ਬਚਾਈਏ।

ਭਵਿੱਖ ਵਿਚ ਕੀ ਨਵਾਂ ਆਵੇਗਾ—ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਹੋ ਸਕਦਾ ਹੈ ਕੱਲ੍ਹ ਨੂੰ ਅਜਿਹੀਆਂ ਤਕਨੀਕਾਂ ਸਾਡੇ ਸਾਹਮਣੇ ਹੋਣ ਜੋ ਅੱਜ ਸਿਰਫ਼ ਕਲਪਨਾ ਹਨ। ਸ਼ਾਇਦ ਘਰ ਦੇ ਕੰਮ ਪੂਰੀ ਤਰ੍ਹਾਂ ਰੋਬੋਟ ਕਰ ਰਹੇ ਹੋਣ, ਡਾਕਟਰ ਬਿਨਾਂ ਹਸਪਤਾਲ ਆਏ ਘਰ 'ਤੇ ਹੀ ਵਰਚੁਅਲ ਸਰਜਰੀ ਕਰ ਸਕਣ, ਜਾਂ ਸਿੱਖਿਆ ਦੇ ਮੈਦਾਨ ਵਿਚ ਅਜਿਹੇ ਵਰਚੁਅਲ ਅਧਿਆਪਕ ਹੋਣ ਜੋ ਹਰ ਵਿਦਿਆਰਥੀ ਦੇ ਸਵਾਲ ਨੂੰ ਤੁਰੰਤ ਤੇ ਵਿਅਕਤੀਗਤ ਤਰੀਕੇ ਨਾਲ ਜਵਾਬ ਦੇ ਸਕਣ। ਪਰ ਇੱਕ ਗੱਲ ਪੱਕੀ ਹੈ—ਕੋਈ ਵੀ ਨਵੀਂ ਟੈਕਨਾਲੌਜੀ ਸਿਰਫ਼ ਤਦੋਂ ਹੀ ਫ਼ਾਇਦੇਮੰਦ ਹੈ ਜਦੋਂ ਅਸੀਂ ਇਸਦੀ ਵਰਤੋਂ ਸਮਝਦਾਰੀ, ਸੁਰੱਖਿਆ ਅਤੇ ਜ਼ਿੰਮੇਵਾਰੀ ਨਾਲ ਕਰੀਏ। ਸਾਇੰਸ ਅਤੇ ਟੈਕਨਾਲੌਜੀ ਇਨਸਾਨ ਲਈ ਹਨ, ਪਰ ਇਨਸਾਨੀਅਤ ਲਈ ਸਭ ਤੋਂ ਵੱਡੀ ਸਿਆਣਪ ਇਹ ਹੈ ਕਿ ਅਸੀਂ ਇਸ 'ਜਾਦੂ' ਨੂੰ ਆਪਣੀ ਅਕਲ ਦੇ ਸਾਥੀ ਵਜੋਂ ਵਰਤੀਏ, ਨਾ ਕਿ ਅੰਧ-ਵਿਸ਼ਵਾਸ ਦੇ ਸਾਧਨ ਵਜੋਂ।


# ਫ਼ਿਲਮ ਲੋਕ



## ਇਕ ਸ਼ੋਅ 7 ਕਰੋੜ ਦਾ ਉਰਵਸ਼ੀ ਰੌਤੇਲਾ

ਈ.ਡੀ. ਨੇ ਦੀਵਾਲੀ ਤੋਂ ਪਹਿਲਾਂ ਹੀ ਅਭਿਨੇਤਰੀ ਉਰਵਸ਼ੀ ਰੌਤੇਲਾ ਨੂੰ 'ਸੰਮਨਾਂ' ਦਾ ਤੋਹਫ਼ਾ ਦਿੱਤਾ ਹੈ ਤੇ ਸੰਸਦ ਮੈਂਬਰ ਮਿਮੀ ਚੱਕਰਵਤੀ ਨੂੰ ਵੀ ਉਰਵਸ਼ੀ ਨਾਲ ਪੁੱਛਗਿੱਛ ਵਾਲੇ ਦਿਨ ਬੁਲਾਇਆ ਗਿਆ ਹੈ। ਇਕ ਵਿਦੇਸ਼ੀ ਐਪ ਨਾਲ ਜੁੜਨ ਕਾਰਨ ਉਰਵਸ਼ੀ ਨੂੰ ਦਿੱਲੀ ਆਪਣੇ ਦਫ਼ਤਰ 'ਚ ਈ.ਡੀ. ਨੇ ਸੱਦਿਆ ਹੈ। ਕਹਿੰਦੇ ਨੇ ਕਿ ਇਹ ਐਪ ਜੂਏ ਨੂੰ ਉਤਸ਼ਾਹਿਤ ਕਰਦੀ ਹੈ ਤੇ ਉਰਵਸ਼ੀ ਰੌਤੇਲਾ ਇਸ ਐਪ ਲਈ ਪ੍ਰਚਾਰਥ ਹੈ। ਵਿੰਬਲਡਨ ਲਈ ਲੰਡਨ ਗਈ ਇਹ ਅਭਿਨੇਤਰੀ ਬੀ.ਡੀ. ਦੇ ਸੰਮਨ ਤੋਂ ਪਹਿਲਾਂ ਹੀ ਰੌਲਾ ਪਾ ਰਹੀ ਹੈ ਕਿ ਉਸ ਦਾ ਸੱਤਰ ਲੱਖ ਦੀ ਕੀਮਤ ਦੇ ਕਰੀਬ ਗਹਿਣਿਆਂ ਵਾਲਾ ਬੈਗ ਚੋਰੀ ਹੋ ਗਿਆ ਹੈ। ਐਮੀਰੇਟਸ ਏਅਰਵੇਜ਼ ਤੇ ਲੰਡਨ ਪੁਲਿਸ ਨੂੰ ਉਰਵਜ਼ੀ ਨੇ 'ਬੈਗ ਲੱਭਣ ਲਈ ਮਦਦ' ਵਾਲੀ ਅਰਜ਼ੀ ਵੀ ਦਿੱਤੀ ਹੈ। ਉਰਵਸ਼ੀ ਪਿਛਲੇ ਦਿਨੀਂ ਜੇਦਾਰ (ਅਰਬ ਦੇਸ਼) 'ਚ ਵੀ ਸਟੇਜ ਸ਼ੋਅ ਲਈ ਗਈ ਸੀ ਤੇ ਇਸ ਸ਼ੋਅ ਲਈ ਉਸ ਨੂੰ ਸੱਤ ਕਰੋੜ ਰੁਪਏ ਦਾ ਇਵਜ਼ਾਨਾ ਮਿਲਿਆ ਸੀ। ਕਿਹਾ ਜਾ ਰਿਹਾ ਹੈ ਕਿ ਬਹੁਤ ਸਾਰੀਆਂ ਹੀਰੋਇਨਾਂ ਨਾਲੋਂ ਪੁਰਾਣੀ ਹੀਰੋਇਨ ਉਰਵਸ਼ੀ ਹੀ ਚੰਗੀ ਹੈ ਜਿਹੜੀ ਇਕ ਸ਼ੋਅ ਦਾ ਸੱਤ ਕਰੋੜ ਵਸੂਲ ਰਹੀ ਹੈ। ਅਸਲ 'ਚ 'ਉਰਵਸ਼ੀ ਅੰਦਿਰ ਨੂੰ ਉਰਵਸ਼ੀ ਨੇ ਉਸ ਦੇ ਨਾਂਅ 'ਤੇ ਬਣਿਆ ਮੰਦਿਰ ਆਖ ਕੇ ਇਕ ਹੋਰ ਬਿਪਤਾ ਸਹੇੜੀ ਹੈ। ਉਸ ਦੀ ਫ਼ਿਲਮ 'ਡਾਕੂ ਮਹਾਰਾਜ' ਅੱਧੀ ਬਣੀ ਹੈ ਤੇ ਉਸ ਦੇ ਪ੍ਰਸ਼ੰਸਕ ਉਸ ਨੂੰ ਹੁਣ 'ਡਾਕੂ ਮਹਾਰਾਜ ਨਾਂਅ ਨਾਲ ਸੱਦਦੇ ਹਨ।





## ਦੀਪਕ ਤਿਜੋਰੀਵਾਲਾ ਤੋਂ ਦੀਪਕ ਤਿਜੋਰੀ ਤੱਕ

ਉਹ ਪਾਰਸੀ ਈਰਾਨੀ ਮੂਲ ਦੀ ਸੀ, ਨਿਤ ਰਾ ਮੈਵ ਮੀ, 1950 ਦੇ ਦਹਾਕੇ ਵਿਚ ਸੁਨੀਲ ਦੱਤ ਦੇ ਨਾਲ ਰੇਡੀਓ ਪ੍ਰੋਗਰਾਮ ਕਰਿਆ ਕਰਦੀ ਸੀ ਅਤੇ ਫ਼ਿਲਮਾਂ ਵਿਚ ਕੰਮ ਕਰਨ ਦੀ ਖਾਹਿਸ਼ ਰੱਖਦੀ ਸੀ, ਜੋ ਪੂਰੀ ਨਾ ਹੋ ਸਕੀ ਕਿਉਂਕਿ ਮਹਿਸਾਣਾ, ਗੁਜਰਾਤ ਦੇ ਇਕ ਰੂੜੀਵਾਦੀ ਪਰਿਵਾਰ ਵਿਚ ਉਸ ਦਾ ਵਿਆਹ ਹੋ ਗਿਆ ਸੀ, ਜਿਨ੍ਹਾਂ ਨੂੰ ਨੂੰਹਾਂ-ਧੀਆਂ ਦਾ ਘਰ ਤੋਂ ਬਾਹਰ ਨਿਕਲਣਾ ਪਸੰਦ ਨਹੀਂ ਸੀ। ਇਸ ਪਰਿਵਾਰ ਦਾ ਜੱਦੀ ਕੰਮ ਤਿਜੋਰੀ ਬਣਾਉਣਾ ਸੀ, ਇਸ ਲਈ ਤਿਜੋਰੀਵਾਲਾ ਕਹਾਉਂਦੇ ਸਨ ਅਤੇ ਕਾਰੋਬਾਰ ਦੇ ਸਿਲਸਿਲੇ ਵਿਚ ਬੰਬੇ (ਹੁਣ ਮੁੰਬਈ) ਸ਼ਿਫ਼ਟ ਹੋ ਗਏ ਸੀ। ਉਹ ਜਦੋਂ ਇਸ ਪਰਿਵਾਰ ਵਿਚ ਦੇਵਕੀਨੰਦਨ ਤਿਜੋਰੀਵਾਲਾ. ਦੀ ਪਤਨੀ ਬਣ ਕੇ ਆਈ, ਤਾਂ ਉਸ ਦਾ ਨਾਂਅ ਇੰਦਰਾਣੀ ਤਿਜੋਰੀਵਾਲਾ' ਹੋ ਗਿਆ (ਮੂਲ ਨਾਂਅ ਕਿਸੇ ਨੂੰ ਯਾਦ ਨਾ ਰਿਹਾ)। ਇੰਦਰਾਣੀ ਤੇ ਦੇਵਕੀਨੰਦਨ ਦੇ ਘਰ ਵਿਚ 28 ਅਗਸਤ, 1961 ਨੂੰ ਇਕ ਲੜਕੇ ਨੇ ਜਨਮ ਲਿਆ, ਜਿਸ ਦਾ ਨਾਂਅ ਦੀਪਕ ਤਿਜੋਰੀਵਾਲਾ ਰੱਖਿਆ ਗਿਆ। ਇੰਦਰਾਣੀ ਵੱਡੇ ਪਰਦੇ 'ਤੇ ਆਉਣ ਦੇ ਆਪਣੇ ਸੁਪਨੇ ਨੂੰ ਆਪਣੇ ਬੇਟੇ ਜ਼ਰੀਏ ਸਾਕਾਰ ਹੁੰਦਾ ਦੇਖਣਾ ਚਾਹੁੰਦੀ ਸੀ, ਇਸ ਲਈ ਉਹ ਦੀਪਕ ਨੂੰ ਬਚਪਨ ਤੋਂ ਹੀ ਅਭਿਨੈ ਦੀ ਦੁਨੀਆ ਵਿਚ ਜਾਣ ਲਈ ਉਤਸ਼ਾਹਿਤ ਕਰਿਆ ਕਰਦੀ ਸੀ। ਸਕੂਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਦੀਪਕ ਨੇ ਮੁੰਬਈ ਦੇ ਨਰਸਰੀ ਮੋਮਨਜੀ ਕਾਲਜ ਵਿਚ ਦਾਖਲਾ ਲਿਆ, ਜਿਥੇ ਉਸ ਦੀ ਅਭਿਨੈ ਵਿਚ ਰੁਚੀ ਜ਼ਿਆਦਾ ਡੂੰਘੀ ਹੁੰਦੀ ਚਲੀ ਗਈ। ਕਾਲਜ ਦੇ ਦਿਨਾਂ ਵਿਚ ਹੀ ਉਹ ਇਕ ਥੀਏਟਰ ਗਰੁੱਪ 'ਚ ਸ਼ਾਮਿਲ ਹੋਇਆ ਜਿਥੇ ਉਸ ਦੀ ਮੁਲਾਕਾਤ ਤੇ ਦੋਸਤੀ ਆਮਿਰ ਖਾਨ, ਆਸ਼ੂਤੋਸ਼ ਗੋਵਾਰੀਕਰ, ਪਰੇਸ਼ ਰਾਵਲ ਵਰਗੇ ਅਨੇਕ ਕਲਾਕਾਰਾਂ ਨਾਲ ਹੋਈ, ਜੋ ਅੱਗੇ ਚੱਲ ਕੇ ਵੱਡੇ ਨਾਂਅ ਬਣੇ। ਕਾਲਜ ਦੇ ਦਿਨਾਂ ਵਿਚ ਦੀਪਕ ਹਰ ਨਾਟਕ ਵਿਚ ਹੀਰੋ ਦੀ ਭੂਮਿਕਾ ਵਿਚ ਹੋਇਆ ਕਰਦਾ ਸੀ ਅਤੇ ਉਸ ਨੂੰ ਯਕੀਨ ਹੋ ਚੱਲਿਆ ਸੀ ਕਿ ਕਾਲਜ ਤੋਂ ਨਿਕਲਦਿਆਂ ਹੀ ਫ਼ਿਲਮ ਨਿਰਮਾਤਾ ਉਸ ਨੂੰ ਹੀਰੋ ਲੈਣ ਲਈ ਲਾਈਨ ਵਿਚ ਖੜ੍ਹੇ ਹੋਣਗੇ। ਪਰ ਫ਼ਿਲਮੀ ਦੁਨੀਆ ਵਿਚ ਦਾਖਲਾ ਲੈਣਾ ਏਨਾ ਸੌਖਾ ਕਿੱਥੇ ਹੈ? ਅਸਲ ਦੁਨੀਆ ਵਿਚ ਕਦਮ ਰੱਖਦਿਆਂ ਹੀ ਉਮੀਦਾਂ ਦੇ ਹਸੀਨ ਸੁਪਨੇ ਚਕਨਾਚੂਰ ਹੋ ਗਏ। ਫਿਰ ਵੀ ਦੀਪਕ ਨੇ ਹਾਰ ਨਹੀਂ ਮੰਨੀ, ਆਪਣੀ ਮਾਂ ਦੀ ਖ਼ਾਤਿਰ।

ਬਾਲੀਵੁੱਡ ਜਿੰਨਾ ਬਾਹਰ ਤੋਂ ਚਮਕਦਾਰ ਦਿਖਾਈ ਦਿੰਦਾ ਹੈ, ਓਨਾ ਉਸ ਤੋਂ ਵੀ ਜ਼ਿਆਦਾ ਅੰਦਰ ਸੰਘਰਸ਼ ਨਾਲ ਭਰਿਆ ਹੋਇਆ ਹੈ। ਭਰਾ-ਭਤੀਜਾਵਾਦ ਦੇ ਚਲਦਿਆਂ ਮੌਕਾ ਤਾਂ ਮਿਲ ਜਾਂਦਾ ਹੈ, ਪਰ ਉਸ ਤੋਂ ਬਾਅਦ ਵੀ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ। ਫ਼ਿਲਮਾਂ ਵਿਚ ਕੰਮ ਹਾਸਿਲ ਕਰਨ ਲਈ ਦੀਪਕ ਦਿਨ ਵਿਚ ਸਵੇਰ ਤੋਂ ਸ਼ਾਮ ਤੱਕ ਨਿਰਮਾਤਾਵਾਂ ਦੇ ਦਫ਼ਤਰਾਂ ਦੇ ਚੱਕਰ ਲਗਾਉਂਦਾ ਅਤੇ ਰਾਤ ਨੂੰ ਇਕ ਹੋਟਲ ਵਿਚ ਕੰਮ ਕਰਿਆ ਕਰਦਾ ਸੀ,ਤਾਂ ਕਿ ਆਪਣੀ ਮਾਂ ਦੇ ਸੁਪਨੇ ਨੂੰ ਸਾਕਾਰ ਕਰ ਸਕੇ। ਉਸ ਨੇ 'ਮੈਨੇ ਪਿਆਰ ਕੀਆ' ਤੇ 'ਡਰ' ਫ਼ਿਲਮਾਂ ਲਈ ਵੀ ਕਾਮਯਾਬ ਆਡੀਸ਼ਨ ਦਿੱਤਾ ਸੀ, ਉਸ ਦੀ ਚੋਣ ਵੀ ਕਰ ਲਈ ਗਈ ਸੀ, ਪਰ ਬਾਅਦ ਵਿਚ ਪਤਾ ਲੱਗਿਆ ਕਿ ਉਸ ਦੀ ਥਾਂ ਸਲਮਾਨ ਖਾਨ ਤੇ ਸ਼ਾਹਰੁਖ ਖਾਨ ਨੂੰ ਦੇ ਦਿੱਤੀ ਗਈ ਹੈ। ਆਖ਼ਿਰਕਾਰ ਉਸ ਨੂੰ ਇਕ ਫ਼ਿਲਮ 'ਪਹਿਲਾ ਨਸ਼ਾ' ਵਿਚ ਬਤੌਰ ਹੀਰੋ ਮੌਕਾ ਮਿਲ ਹੀ ਗਿਆ ਸੀ, ਜਿਸ ਨੂੰ ਉਸ ਨੇ ਦੀਪਕ ਤਿਜੋਰੀਵਾਲਾ ਦੇ ਨਾਂਅ ਨਾਲ ਕੀਤਾ ਸੀ। ਇਹ ਫ਼ਿਲਮ ਫਲਾਪ ਰਹੀ, ਫਿਰ ਕਿਸੇ ਨੇ ਦੀਪਕ ਨੂੰ ਬਤੌਰ ਹੀਰੋ ਆਪਣੀ ਫ਼ਿਲਮ ਵਿਚ ਨਹੀਂ ਲਿਆ। ਤਿਜੋਰੀਵਾਲਾ ਉੱਪ ਨਾਂਅ ਵੀ ਉਸ ਨੂੰ ਹੀਰੋ ਵਰਗਾ ਅਹਿਸਾਸ ਨਹੀਂ ਕਰਾ ਰਿਹਾ ਸੀ, ਵਿਸ਼ੇਸ਼ ਕਰਕੇ ਕੁੜੀਆਂ ਦੇ ਸੰਦਰਭ ਵਿਚ, ਇਸ ਲਈ ਉਸ ਨੇ ਬਾਅਦ ਵਿਚ ਆਪਣਾ ਸਕ੍ਰੀਨ ਨਾਂਅ ਦੀਪਕ ਤਿਜੋਰੀ ਰੱਖ ਲਿਆ।ਦੀਪਕ ਦੇ ਘਰ ਦੀ ਆਰਥਿਕ ਸਥਿਤੀ ਵੀ ਕਮਜ਼ੋਰ ਹੋ ਗਈ ਸੀ। ਦੀਪਕ ਨੂੰ ਬਾਂਦਰਾ ਦੇ ਇਕ ਹੋਟਲ ਵਿਚ ਰਾਤ ਵਿਚ ਕੰਮ ਵੀ ਕਰਨਾ ਪਿਆ। ਇਸ ਨੇ ਉਸ ਨੂੰ ਮਜ਼ਬੂਤੀ ਪ੍ਰਦਾਨ ਕੀਤੀ। ਦਿਨ ਭਰ ਸੰਘਰਸ਼ ਅਤੇ ਰਾਤ ਭਰ ਕੰਮ, ਇਹੀ ਉਸ ਨੂੰ ਜ਼ਿੰਦਾ ਰੱਖਣ



ਦਾਰ ਸਬੱਬ ਬਣ ਗਿਆ। ਫਿਲਹਾਲ, ਜਿਥੇ ਚਾਹ ਹੋਵੇ ਉਥੇ ਰਾਹ ਵੀ ਹੁੰਦਾ ਹੈ। ਦੀਪਕ ਸੁੰਦਰ ਤਾਂ ਸੀ ਹੀ, ਉਸ ਨੂੰ ਮਾਡਲਿੰਗ ਦਾ ਕੰਮ ਮਿਲਣ ਲੱਗਿਆ। ਇਕ ਦਿਨ ਐਕਟਰ ਅਵਤਾਰ ਗਿੱਲ ਦਾ ਉਸ ਨੂੰ ਫੋਨ ਆਇਆ ਕਿ ਮਹੇਸ਼ ਭੱਟ ਉਸ ਨੂੰ ਲੱਭ ਰਹੇ ਹਨ। ਦੀਪਕ ਨੇ ਤੁਰੰਤ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਫ਼ਿਲਮ 'ਆਸ਼ਿਕੀ'' ਵਿਚ ਦੋਸਤ ਦਾ ਕਿਰਦਾਰ ਮਿਲ ਗਿਆ।ਉਸ ਦਾ ਕੰਮ ਪਸੰਦ ਕੀਤਾ ਗਿਆ ਅਤੇ ਫਿਰ ਤਾਂ ਫ਼ਿਲਮਾਂ ਦੀ ਲਾਈਨ ਲੱਗ ਗਈ- 'ਸੜਕ', 'ਦਿਲ ਹੈ ਕਿ ਮਾਨਤਾ ਨਹੀਂ", 'ਖਿਲਾੜੀ', 'ਜੋ ਜੀਤਾ ਵਹੀ ਸਿਕੰਦਰ', 'ਕਭੀ ਨੇ ਹਾਂ ਕਭੀ ਨਾ', 'ਅੰਜਾਮ' ਆਦਿ। ਇਹ ਸਭ ਫ਼ਿਲਮਾਂ ਹਿੱਟ ਰਹੀਆਂ, ਦੀਪਕ ਦਾ ਕੰਮ ਵੀ ਪਸੰਦ ਕੀਤਾ ਗਿਆ ਐਤ ਉਹ ਇਕ ਸਹਿ- ਅਭਿਨੇਤਾ ਦੇ ਰੂਪ ਵਿਚ ਸਥਾਪਿਤ ਹੋ ਗਿਆ। ਬਾਅਦ ਵਿਚ ਉਸ ਨੇ ਫ਼ਿਲਮ ਨਿਰਦੇਸ਼ਕ (ਆਪਸ, 2003) ਦੇ ਰੂਪ ਵਿਚ ਵੀ ਆਪਣੀ ਕਿਸਮਤ ਅਜ਼ਮਾਈ ਅਤੇ ਗੁਜਰਾਤੀ ਫ਼ਿਲਮਾਂ ਤੇ ਟੀ.ਵੀ. (ਸੈਟਰਡੇ ਸਸਪੈਂਸ, ਡਾਇਲ 100 ਆਦਿ) ਵਿਚ ਵੀ ਕੰਮ ਕੀਤਾ।

## 'ਸ਼ੈਤਾਨ' ਦੀ 'ਜਾਹਨਵੀ' ਬਨਾਮ ਜਾਨਕੀ ਬੋਦੀਵਾਲਾ



ਜਾਨਕੀ ਬੋਦੀਵਾਲਾ ਨੇ ਗੁਜਰਾਤੀ ਫ਼ਿਲਮ 'ਵਸ਼' (2023) ਵਿਚ ਆਈ ਅਤੇ ਫਿਰ ਉਸ ਦੇ ਵਿਸਥਾਰ 'ਸ਼ੈਤਾਨ' (2024) ਵਿਚ ਅਜੈ ਦੇਵਗਨ ਦੀ ਬੇਟੀ ਜਾਹਨਵੀ ਬਣ ਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ ਸੀ। ਹਾਲ ਹੀ ਵਿਚ ਜਾਨਕੀ 'ਵਸ਼' ਦੇ ਵਿਸਥਾਰ 'ਵੰਸ਼ ਲੈਬਲ-2' (2025) ਵਿੱਚ ਨਜ਼ਰ ਆਈ। ਮੂਲ ਰੂਪ ਵਿਚ ਗੁਜਰਾਤੀ ਵਿਚ ਬਣੀ ਇਸ ਫ਼ਿਲਮ ਨੂੰ 27 ਅਗਸਤ, 2025 ਨੂੰ ਗੁਜਰਾਤੀ ਦੇ ਨਾਲ ਹਿੰਦੀ ਵਿਚ ਵੀ ਡੱਬ ਕਰ ਕੇ ਰਿਲੀਜ਼ ਕੀਤਾ ਗਿਆ। ਫ਼ਿਲਮ 'ਵਸ਼ ਲੈਵਲ-2' ਦੀ ਟਿਕਟ ਖਿੜਕੀ 'ਤੇ ਸ਼ਾਨਦਾਰ ਸ਼ੁਰੂਆਤ ਹੋਈ। ਫ਼ਿਲਮ ਨੇ ਪਹਿਲੇ ਦਿਨ 1.15 ਕਰੋੜ ਰੁਪਏ ਦੀ ਕਮਾਈ ਦੇ ਨਾਲ ਖਾਤਾ ਖੋਲ੍ਹਿਆ। ਇਸ ਤਰ੍ਹਾਂ 'ਵਸ਼ ਲੇਵਲ-2' ਨੇ ਗੁਜਰਾਤੀ ਫ਼ਿਲਮ '3 ਇੱਕਾ' ਦੇ 1.10 ਕਰੋੜ ਰੁਪਏ ਦੀ ਸ਼ੁਰੂਆਤੀ ਆਮਦਨ ਨੂੰ ਪਿੱਛੇ ਛੱਡਦੇ ਹੋਏ ਕਿਸੇ ਵੀ ਗੁਜਰਾਤੀ ਫ਼ਿਲਮ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਸ਼ੁਰੂਆਤੀ ਆਮਦਨੀ ਦਾ ਰਿਕਾਰਡ ਬਣਾਇਆ ਹੈ।ਇੰਡੀਆ ਫੋਰਮ ਨੇ ਇਸ ਫ਼ਿਲਮ ਨੂੰ 5 ਵਿਚੋਂ 4 ਸਟਾਰ ਦਿੱਤੇ। ਫ਼ਿਲਮ ਵਿਚ ਜਾਨਕੀ ਬੋਦੀਵਾਲਾ ਦੀ ਛੋਟੀ ਪਰ ਪ੍ਰਭਾਵਸ਼ਾਲੀ ਭੂਮਿਕਾ ਵਿਚ ਉਸ ਦੇ ਅਭਿਨੈ ਦੀ ਵਿਸ਼ੇਸ਼ ਰੂਪ ਵਿਚ ਸਰਾਹਨਾ ਕੀਤੀ ਗਈ। ਗੁਜਰਾਤੀ ਫ਼ਿਲਮ 'ਵਸ਼' ਵਿਚ ਜਾਨਕੀ ਨੇ ਆਰਿਆ ਦਾ ਜੋ ਕਿਰਦਾਰ ਨਿਭਾਇਆ, ਉਸ ਨੂੰ ਕਾਫ਼ੀ ਪਸੰਦ ਕੀਤਾ ਗਿਆ। ਕਮਾਈ ਦੇ ਮਾਮਲੇ ਵਿਚ ਵੀ ਫ਼ਿਲਮ ਨੇ ਬੇਹੱਦ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਬਾਅਦ ਜਦੋਂ ਹਿੰਦੀ ਵਿਚ ਇਸ ਦਾ ਰੀਮੇਕ 'ਸ਼ੈਤਾਨ' ਬਣਾਇਆ ਗਿਆ ਤਾਂ ਇਸ ਵਿਚ ਜਾਨਕੀ ਨੇ ਅਜੈ ਦੇਵਗਨ ਦੀ ਬੇਟੀ ਜਾਹਨਵੀ ਬਣ ਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ ਸੀ। ਜਾਨਕੀ ਬੋਦੀਵਾਲਾ ਨੂੰ ਫ਼ਿਲਮ 'ਸ਼ੈਤਾਨ' ਵਿਚ ਉਸ ਦੇ ਅਭਿਨੈ ਲਈ ਸਰਬੋਤਮ ਸਹਾਇਕ ਅਭਿਨੇਤਰੀ ਦੇ ਆਈਫ਼ਾ- 2025 ਪੁਰਸਕਾਰ ਨਾਲ 'ਨਿਵਾਜਿਆ ਗਿਆ ਸੀ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 5645 Evergreen terr Fremont CA 94536
2. 1916 Ticino Ct Pleasanton CA 94566
3. 4643 Sloan St Fremont CA 94538
4. 30252 Cedarbrook Dr Hayward ca 94544
5. 4452 Alice Way Union city CA 94587
6. 776 Vereda ct San Jose CA 95123
7. 8455 Peachtree Ave Newark CA 94560
8. 2169 Charger Dr San Jose CA 95131
9. 9550 Appaloosa Pl Elk Grove CA 95624
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 26676 Campeche St Hayward CA 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20